*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਨੌਂਵਾਂ** **ਪੂ : ਲੜੀ : ਛੱਤੀ** **ਅਕਤੂਬਰ-ਦਸੰਬਰ, 2006**

***ਸਰਪ੍ਰਸਤ***

ਹਰੀਸ਼ ਜੈਨ

***ਸਲਾਹਕਾਰ***

ਨ੍ਰਿਪਇੰਦਰ ਰਤਨ

**ਸੰਪਾਦਕ**

ਜਿੰਦਰ (ਆਨਰੇਰੀ)

***ਮੁੱਖ ਸੰਪਾਦਕ***

ਹਰਜੀਤ ਅਟਵਾਲ

67, HILLSIDE ROAD, SOUTHALL

MIDDLESEX , ENGLAND. UB1 2PE

Ph. : 020-85780393 MOBILE : 07782-265726

e mail address shabad_atwal @ hotmail.com.

Internet address : www.shabad_punjabi.com

*Managing Editor Shiv*

984, Near Bindu Sharma Depot,

Model House, Jalandhar-144003

Mobile No.98148-03254, 98556-37266, Ph.: 0181-2440191

**ਡਿਸਟ੍ਰੀਬਿਊਟਰ**

ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ

***ਨੋਟ :*** ਯੂਰਪ 'ਚ ਚੈੱਕ, ਬੈਂਕ ਡਰਾਫਟ J. S. ATWAL ਦੇ ਨਾਂ ਦਾ ਹੋਵੇ।

ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜ਼ੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਕੰਡਾ ਕੰਪਿਊਟਰਜ਼ ਫੋਨ : 98556-37266 ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਸੰਸਾਰ ਦੀ ਹਰੇਕ ਭਾਸ਼ਾ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਗੋਸ਼ਟੀਆਂ, ਸੈਮੀਨਾਰ, ਅਵਾਰਡ ਤੇ ਸਰਵੇ ਕਰਵਾਏ ਜਾਂਦੇ ਹਨ। ਕਈ ਵਾਰ ਇਨ੍ਹਾਂ ਦੇ ਰੂਪ ਬਦਲ ਜਾਂਦੇ ਹਨ ਪਰ ਉਦੇਸ਼ ਲਗਭਗ ਇਕੋ ਜਿਹਾ ਹੁੰਦਾ ਹੈ। ਅਜਿਹੇ ਉੱਦਮ ਹੋਣੇ ਚਾਹੀਦੇ ਹਨ। ਇਹ ਉੱਤਕ੍ਰਿਸ਼ਟ ਪੁਸਤਕਾਂ ਦੀ ਖੋਜ ਕਰਨ ਵਿੱਚ ਸਹਾਈ ਹੁੰਦੇ ਹਨ। ਇਹ ਖੋਜ ਹੀ ਹੁੰਦੀ ਹੈ ਜਿਸ ਵਿੱਚ ਕਈ ਅਸਧਾਰਨ ਕਿਸਮ ਦੇ ਲੇਖਕ ਸਾਹਮਣੇ ਆਉਂਦੇ ਹਨ। ਕੁਝ ਸਾਲ ਪਹਿਲਾਂ ਅਮਰੀਕਾ ਦੀ ਇਕ ਏਜੰਸੀ ਨੇ ਪਿਛਲੀ ਸਦੀ ਦੀਆਂ ਸਰਵੋਤਮ ਪੁਸਤਕਾਂ ਬਾਰੇ ਸਰਵੇ ਕਰਵਾਇਆ ਸੀ ਤੇ ਇਸ ਵਿੱਚ ਜੇਮਸ ਜੋਆਇਸ਼ ਦਾ ਨਾਵਲ 'ਯੂਲੀਸਿਸ' ਪਹਿਲੇ ਨੰਬਰ 'ਤੇ ਆਇਆ ਸੀ।

ਪਿਛਲੇ ਦਿਨੀਂ 'ਆਊਟ ਲੁਕ' (ਹਿੰਦੀ) ਨੇ ਦਸ ਉਤਕ੍ਰਿਸ਼ਟ ਲੇਖਕ ਚੁਣਨ ਲਈ 21 ਮੈਂਬਰਾਂ ਦੀ ਟੀਮ ਬਣਾਈ। ਇਸ ਟੀਮ 'ਚ ਆਲੋਚਨਾ ਤੇ ਸੰਪਾਦਨ ਦੀਆਂ ਹਸਤੀਆਂ, ਦੂਜੀਆਂ ਭਾਸ਼ਾਵਾਂ ਦੇ ਵੱਡੇ ਲੇਖਕਾਂ, ਰੰਗ-ਮੰਚ, ਫਿਲਮਾਂ ਤੇ ਕਲਾ ਜਗਤ ਦੀਆਂ ਸ਼ਖ਼ਸੀਅਤਾਂ ਤੇ ਹਿੰਦੀ ਦੇ ਵਿਦੇਸ਼ੀ ਵਿਦਵਾਨ ਸ਼ਾਮਿਲ ਸਨ। ਯੂ. ਆਰ. ਅਨੰਤਮੂਰਤੀ, ਕਲਾਊਸ ਪੀਟਰ ਸੋਲਰ, ਦਾਨੁਤਾ ਸ਼ਤਾਸਿਕ, ਦਲੀਪ ਚਿਤਰੇ, ਡਾ. ਲੋਥਾਰ ਲੁਤਸੇ, ਹਬੀਬ ਤਨਵੀਰ, ਜਨਾਦਰਨ ਦਿਵੇਦੀ, ਕੇ. ਸਚਿੱਦਾਨੰਦਨ, ਕਨੈਯਾਲਾਲ ਨੰਦਨ, ਲੂਸੀ ਰੋਜੇਂਸਟਾਈਨ, ਰਾਜਕੁਮਾਰ, ਨਾਮਵਰ ਸਿੰਘ, ਨਿਦਾ ਫਾਜਲੀ, ਪ੍ਰਭਾਵਕਰ ਸਰੋਤ੍ਰੀਯ, ਪ੍ਰਕਾਸ਼ ਝਾ, ਮਧੂਸੂਦਨ ਆਨੰਦ, ਸ਼ੁਕਰਦੇਵ ਥੋਰਾਟ, ਸੁਦੀਪ ਬਨਰਜੀ, ਵਿੱਠਲਭਾਈ ਪਟੇਲ, ਮਹਾਸ਼ਵੇਤਾ ਦੇਵੀ, ਗਿਆਨ ਰੰਜਨ ਨੇ ਕ੍ਰਿਸ਼ਨਾ ਸੋਬਤੀ, ਕਮਲੇਸ਼ਵਰ, ਕੇਦਾਰਨਾਥ ਸਿੰਘ, ਕੁੰਵਰ ਨਾਰਾਇਣ, ਸ਼੍ਰੀਲਾਲ ਸ਼ੁਕਲ, ਵਿਨੋਦ ਕੁਮਾਰ ਸ਼ੁਕਲ, ਅਸਗਰ ਵਜਾਹਤ, ਮੰਗਲੇਸ਼ ਡਗਰਾਲ, ਉਦਯ ਪ੍ਰਕਾਸ਼, ਵਿਸ਼ਨੂੰ ਨਾਗਰ ਨੂੰ ਚੁਣਿਆ। ਇਸ 'ਚ ਚਾਰ ਕਵੀ ਹਨ। ਇਸ ਸਰਵੇ ਵਿੱਚ ਇਕ ਅਹਿਮ ਨੁਕਤਾ ਇਹ ਉਭਰਿਆ ਹੈ ਕਿ ਮਰਾਠੀ ਸਾਹਿਤ ਵਾਂਗ ਹਿੰਦੀ ਸਾਹਿਤ 'ਚ ਕੋਈ ਦਲਿਤ ਲਹਿਰ ਨਹੀਂ ਹੈ। ਕਿਸੇ ਵੀ ਵਿਦਵਾਨ ਨੇ ਕਿਸੇ ਵੀ ਦਲਿਤ ਲੇਖਕ ਦਾ ਉਚੇਚਾ ਜ਼ਿਕਰ ਨਹੀਂ ਕੀਤਾ।

ਪੰਜਾਬੀ ਸਾਹਿਤ ਸੰਬੰਧੀ ਵੀ ਅਜਿਹੇ ਪੱਧਰ ਦਾ ਸਰਵੇ ਹੋਣਾ ਚਾਹੀਦਾ ਹੈ।

'ਹਿੰਦੀ ਕਹਾਣੀ ਵਿਸ਼ੇਸ਼ ਅੰਕ' ਨੂੰ ਕਾਫ਼ੀ ਭਰਵਾ ਹੁੰਗਾਰਾ ਮਿਲਿਆ ਹੈ। ਕਈ ਫੋਨ, ਐਸ. ਐਮ. ਐਸ. ਆਏ ਹਨ। ਚਿੱਠੀਆਂ ਮਿਲੀਆਂ ਹਨ। ਉਦਯ ਪ੍ਰਕਾਸ਼ ਦੀ ਕਹਾਣੀ 'ਵਾਰੇਨ ਹੇਸਟਿੰਗਜ਼ ਦਾ ਸਾਨ੍ਹ' ਕਥਾਕਾਰ ਗੁਰਮੇਲ ਮਡਾਹੜ ਨੇ ਅਨੁਵਾਦ ਕੀਤੀ ਸੀ। ਗਲਤੀ ਕਰਕੇ ਉਸ ਦਾ ਨਾਂ ਛਪਣੋ ਰਹਿ ਗਿਆ। ਅਸੀਂ ਜਲਦੀ ਹੀ 'ਵੇਸਵਾਗਿਰੀ ਸਾਹਿਤ ਵਿਸ਼ੇਸ਼ ਅੰਕ' ਕੱਢਣ ਜਾ ਰਹੇ ਹਾਂ ਜਿਸ ਵਿੱਚ ਇਸ ਧੰਦੇ ਸੰਬੰਧੀ ਇਸ ਦਾ ਇਤਿਹਾਸ, ਮਿਥਿਹਾਸ, ਕਥਾ, ਕਹਾਣੀਆਂ, ਜੀਵਨੀਆਂ, ਸਵੈ-ਜੀਵਨੀਆਂ ਤੇ ਨਾਵਲਾਂ ਦੇ ਅੰਸ਼ ਛਾਪੇ ਜਾਣਗੇ।

**-ਜਿੰਦਰ**

## ਗੁਲਜ਼ਾਰ-ਖਿੜਨ ਤੋਂ ਪਹਿਲਾਂ ਪਿੱਛੋਂ/ਪ੍ਰੀਤਮ

ਜਦ ਅਖ਼ਬਾਰਾਂ ਵਿੱਚ ਰਾਖੀ ਗੁਲਜ਼ਾਰ ਦੀ ਸ਼ਾਦੀ ਦੀ ਖ਼ਬਰ ਛਪੀ, ਉਸ ਵੇਲੇ ਮੈਨੂੰ ਬੰਬਈ ਛੱਡਿਆਂ ਕੁਝ ਸਾਲ ਬੀਤ ਚੁੱਕੇ ਸਨ। ਮੇਰੇ ਮਨ ਵਿੱਚ ਬੀਤੇ ਦੀਆਂ ਯਾਦਾਂ ਘੁੰਮਣ ਲੱਗੀਆਂ ਜਦ ਕਦੀ ਗੁਲਜ਼ਾਰ ਦਾ ਆਪਣੇ ਸਮੇਂ ਦੀ ਨੰਬਰ ਇਕ ਹੀਰੋਇਨ ਮੀਨਾ ਕੁਮਾਰੀ ਨਾਲ ਇਸ਼ਕ ਚੱਲਦਾ ਸੀ। ਉਸ ਵੇਲੇ ਸਮਝ ਨਹੀਂ ਸੀ ਆ ਸਕੀ ਕਿ ਗੁਲਜ਼ਾਰ ਵਿੱਚ ਅਜਿਹੀ ਕਿਹੜੀ ਗੱਲ ਸੀ ਜੋ ਮੀਨਾ ਕੁਮਾਰੀ ਨੂੰ ਭਾਅ ਗਈ ਸੀ ਤੇ ਫਿਰ ਉਹ ਕਮਾਲ ਅਮਰੋਹੀ ਦਾ ਕਈ ਸਾਲਾਂ ਦਾ ਸਾਥ ਛੱਡ ਕੇ ਅੱਡ ਰਹਿਣ ਲੱਗੀ ਸੀ। ਜਿਸ ਨਾਲ ਕਮਾਲ ਅਮਰੋਹੀ ਦੀ ਬਣ ਰਹੀ ਫ਼ਿਲਮ 'ਪਾਕੀਜ਼ਾ' ਦੀ ਸ਼ੂਟਿੰਗ ਰੁਕ ਗਈ ਸੀ। ਪਤੀ ਪਤਨੀ ਦਰਮਿਆਨ ਇੰਨੀ ਡਾਢੀ ਅਣ-ਬਣ ਹੋ ਗਈ ਲੱਗਦੀ ਸੀ ਕਿ ਮੀਨਾ ਕੁਮਾਰੀ ਨੂੰ ਵਾਸਤਾ ਪਾਉਣ ਲਈ ਕਮਾਲ ਅਮਰੋਹੀ ਨੂੰ ਪ੍ਰੈੱਸ ਦਾ ਸਹਾਰਾ ਲੈਣਾ ਪਿਆ ਸੀ ਤੇ ਉਸਨੇ ਅਖ਼ਬਾਰਾਂ ਰਿਸਾਲਿਆਂ ਰਾਹੀਂ ਮੀਨਾ ਕੁਮਾਰੀ ਨੂੰ ਅਪੀਲ ਕੀਤੀ ਸੀ ਕਿ ਉਹ ਕੁਝ ਸੋਚੇ ਸਮਝੇ ਅਤੇ ਘਰ ਪਰਤ ਆਵੇ ਤਾਂ ਜੋ ਰੁਕੀ ਪਈ ਫ਼ਿਲਮ 'ਪਾਕੀਜ਼ਾ' ਦੀ ਸ਼ੂਟਿੰਗ ਫਿਰ ਤੋਂ ਸ਼ੁਰੂ ਹੋ ਸਕੇ ਅਤੇ ਲੱਖਾਂ ਬਰਬਾਦ ਹੋਣੋ ਬੱਚ ਜਾਣ।

ਜਦ ਉਹ ਦਿਨ ਮੇਰੀਆਂ ਅੱਖਾਂ ਅੱਗੇ ਆਏ ਤਾਂ ਮੈਨੂੰ ਗੁਲਜ਼ਾਰ ਦੀ ਰਾਖੀ ਨਾਲ ਸ਼ਾਦੀ ਕੋਈ ਅਣਹੋਣੀ ਗੱਲ ਨਾ ਲੱਗੀ ਕਿਉਂਕਿ ਮੇਰੇ ਵਿਚਾਰ ਅਨੁਸਾਰ ਗੁਲਜ਼ਾਰ ਜਿਹੇ ਸਾਧਾਰਣ ਵਿਅਕਤੀ ਵਿੱਚ ਕੋਈ ਅਸਾਧਾਰਣ ਗੱਲ ਜ਼ਰੂਰ ਹੋਵੇਗੀ ਜਿਸ ਕਾਰਨ ਪਹਿਲੇ ਦਰਜੇ ਦੀਆਂ ਹੀਰੋਇਨ ਵੀ ਉਸ ਨਾਲ ਇਸ਼ਕ ਕਰਨ ਲੱਗਦੀਆਂ ਸਨ। ਰਾਖੀ ਗੁਲਜ਼ਾਰ ਦੀ ਸ਼ਾਦੀ ਬਾਰੇ ਖ਼ਬਰ ਪੜ੍ਹ ਕੇ ਨਾ ਹੈਰਾਨੀ ਹੋਈ ਪਰ ਦਿਨ ਗੱਲ 'ਤੇ ਹੈਰਾਨੀ ਜ਼ਰੂਰ ਹੋਈ ਕਿ ਖ਼ਬਰ ਵਿਚ ਇਹ ਵੀ ਲਿਖਿਆ ਹੋਇਆ ਸੀ ਕਿ ਗੁਲਜ਼ਾਰ ਨੇ ਰਾਖੀ ਕੋਲੋਂ ਇਹ ਮੰਨਵਾ ਲਿਆ ਸੀ ਕਿ ਇਹ ਅੱਗੇ ਤੋਂ ਫ਼ਿਲਮਾਂ ਵਿੱਚ ਕੰਮ ਨਹੀਂ ਕਰੇਗੀ। ਸੋਚਿਆ ਕਿ ਇਸ ਗੱਲ ਦੀ ਲੋੜ ਕੀ ਸੀ ? ਆਖਰ ਗੁਲਜ਼ਾਰ ਅਗਾਂਹਵਧੂ ਖਿਆਲਾਂ ਦਾ ਮਾਲਕ ਸੀ। ਉਸਦਾ ਬਹਿਣ ਉਠਣ ਵੀ ਕਮਿਊਨਿਸਟ ਵਿਚਾਰਾਂ ਦੇ ਸੱਜਣਾਂ ਮਿੱਤਰਾਂ ਨਾਲ ਸੀ ਜਿਸ ਲਈ ਖ਼ਬਰ ਦਾ ਇਹ ਹਿੱਸਾ ਪੜ੍ਹ ਕੇ ਹੈਰਾਨੀ ਜ਼ਰੂਰ ਹੋਈ।

ਇਸ ਖ਼ਬਰ ਦੇ ਛੱਪਣ ਦੇ ਕੁਝ ਦਿਨ ਪਿੱਛੋਂ ਗੁਰਵੇਲ ਸਿੰਘ ਪੰਨੂੰ ਪਿੰਡ ਲਹੁਕੇ ਆਇਆ ਜਿੱਥੇ ਮੈਂ ਬੰਬਈ ਛੱਡਣ ਤੋਂ ਪਿੱਛੋਂ ਆਪਣੇ ਜੱਦੀ ਪੁਸ਼ਤੀ ਘਰ ਵਿੱਚ ਆ ਠਹਿਰਿਆ ਸਾਂ। ਗੁਲਜ਼ਾਰ ਦੀ ਪੰਨੂੰ ਨਾਲ ਮੇਰੇ ਤੋਂ ਵੀ ਵੱਧ ਨੇੜਤਾ ਸੀ। ਪੰਨੂੰ ਉਮਰ ਵਿੱਚ ਮੇਰੇ ਨਾਲੋਂ ਹੀ ਨਹੀਂ ਗੁਲਜ਼ਾਰ ਨਾਲੋਂ ਵੀ ਵੱਡਾ ਸੀ। ਪਾਕਿਸਤਾਨ ਬਨਣ ਵੇਲੇ ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਸਾਂ ਅਤੇ ਪੰਨੂੰ ਬੀ. ਏ. ਪਾਸ ਕਰਕੇ ਲਾਹੌਰ ਕਿਸੇ ਬੈਂਕ ਵਿੱਚ ਨੌਕਰੀ ਕਰਦਾ ਸੀ। ਲਾਹੌਰ ਦੇ ਪਾਕਿਸਤਾਨ ਵਿੱਚ ਆ ਜਾਣ ਉਪਰ ਸ਼ਾਇਦ ਉਹ ਥੋਹੜੇ ਦਿਨਾਂ ਲਈ ਆਪਣੇ ਜੱਦੀ ਪਿੰਡ ਲਹੁਕੇ ਆਇਆ ਹੋਵੇ ਫਿਰ ਉਹ ਬੰਬਈ ਚਲਿਆ ਗਿਆ ਸੀ। ਗੁਲਜ਼ਾਰ ਨੇ ਉਸ ਸਮੇਂ ਲਿਖਣਾ ਅਜੇ ਆਰੰਭ ਹੀ ਕੀਤਾ ਸੀ। ਪੰਨੂੰ ਉਮਰ ਵਿੱਚ ਗੁਲਜ਼ਾਰ ਤੋਂ ਵੱਡਾ ਹੋਣ ਕਰਕੇ ਲਿਖਣ 'ਚ ਆਰੰਭ ਸਮੇਂ ਗੁਲਜ਼ਾਰ ਦੀ ਅਗਵਾਈ ਕਰਨ ਦਾ ਯਤਨ ਕਰਦਾ ਸੀ। ਫਿਰ ਪੰਨੂੰ ਬੰਬਈ ਛੱਡ ਕੇ ਦਿੱਲੀ ਆ ਗਿਆ ਜਿੱਥੇ ਗੁਲਜ਼ਾਰ ਦਾ ਵੀ ਆਉਣਾ ਜਾਣਾ ਬਣਿਆ ਹੋਇਆ ਸੀ। ਗੁਰਵੇਲ ਪੰਨੂੰ ਨੇ ਦੱਸਿਆ ਕਿ ਗੁਲਜ਼ਾਰ ਰਾਖੀ ਨਾਲ ਸ਼ਾਦੀ ਕਰਾਉਣ ਤੋਂ ਪਹਿਲਾਂ ਉਸਦੀ ਰਾਏ ਲੈਣ ਆਇਆ ਸੀ। ਫਿਰ ਉਸਨੇ ਪੰਨੂੰ ਦੀ ਕਿਸੇ ਰਾਏ ਦਿੱਤੇ ਜਾਣ ਤੋਂ ਪਹਿਲਾਂ ਆਪ ਹੀ ਆਖਿਆ, "ਮੈਂ ਰਾਖੀ ਕੋਲੋਂ ਇਹ ਵਚਨ ਲੈ ਲਿਆ ਹੈ ਕਿ ਉਹ ਅੱਗੇ ਤੋਂ ਫ਼ਿਲਮਾਂ



ਵਿੱਚ ਕੰਮ ਨਹੀਂ ਕਰੇਗੀ।" ਪੰਨੂੰ (ਜੋ ਇਸ ਸਮੇਂ ਇਸ ਸੰਸਾਰ ਵਿੱਚ ਨਹੀਂ ਹੈ) ਕਾਫ਼ੀ ਜ਼ਿੰਦਾ ਦਿਲ ਇਨਸਾਨ ਸੀ। ਰਾਜਿੰਦਰ ਸਿੰਘ ਬੇਦੀ ਜਿੰਨਾ ਤਾਂ ਨਹੀਂ ਪਰ ਉਸਦਾ ਵੀ ਕਾਫ਼ੀ ਮਜ਼ਾਕੀਆ ਸੁਭਾ ਸੀ। ਉਸਨੇ ਗੁਲਜ਼ਾਰ ਦੀ ਗੱਲ 'ਤੇ ਹੱਸਦਿਆਂ ਹੋਇਆਂ ਆਖਿਆ, "ਵੇਖ ਗੁਲਜ਼ਾਰ ! ਜੇ ਸ਼ੇਰ ਆਖੇ ਮੈਂ ਘਾਹ-ਫੂਸ ਖਾ ਕੇ ਗੁਜ਼ਾਰਾ ਕਰ ਲਵਾਂਗਾ ਤੇ ਅੱਗੇ ਤੋਂ ਜਾਨਵਰਾਂ ਦਾ ਸ਼ਿਕਾਰ ਨਹੀਂ ਕਰਾਂਗਾ ਤਾਂ ਕੀ ਉਸ ਤੇ ਵਿਸ਼ਵਾਸ ਕਰ ਲਿਆ ਜਾਵੇਗਾ ?"

ਖ਼ੈਰ ਇਸ ਸ਼ਾਦੀ ਦਾ ਜੋ ਬਾਅਦ ਵਿੱਚ ਹਸ਼ਰ ਹੋਇਆ ਉਸਦਾ ਜ਼ਿਕਰ ਅਗਲੇ ਸਫ਼ਿਆਂ ਵਿੱਚ ਕੀਤਾ ਜਾਵੇਗਾ।

*****

ਗੁਲਜ਼ਾਰ ਦੇ ਨਾਂ ਤੋਂ ਮੈਂ ਉਸਨੂੰ ਮਿਲਣ ਤੋਂ ਕਾਫ਼ੀ ਪਹਿਲਾਂ ਵਾਕਿਫ਼ ਸਾਂ। ਸੰਨ 1954-55 ਦੀ ਗੱਲ ਹੋਏਗੀ ਜਦ ਬੰਬਈ ਤੋਂ ਇਕ ਵੱਡੇ ਆਕਾਰ ਦਾ ਪਰਚਾ ਨਿਕਲਿਆ ਜਿਸਦਾ ਨਾਂ ਸੀ 'ਚੇਤਨਾ' (ਤ੍ਰੈ-ਮਾਸਿਕ) ਇੰਨੇ ਜ਼ਿਆਦਾ ਸਫ਼ਿਆਂ ਦਾ ਅਤੇ ਇੰਨਾ ਵਜ਼ਨੀ ਪਰਚਾ ਇਸ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਭਾਰਤੀ ਭਾਸ਼ਾ ਵਿੱਚ ਨਿਕਲਿਆ ਹੋਵੇ। ਉਸ ਪਰਚੇ ਦੇ ਆਕਾਰ ਅਤੇ ਸਫਿਆਂ ਦੀ ਤੁਲਨਾ ਅੱਜ ਕਲ੍ਹ ਮੁਹਾਲੀ ਤੋਂ ਨਿਕਲਣ ਵਾਲੇ ਪਰਚੇ 'ਹੁਣ' ਨਾਲ ਕੀਤੀ ਜਾ ਸਕਦੀ ਹੈ ਜਿਸਨੂੰ ਅਵਤਾਰ ਜੰਡਿਆਲਵੀ ਨੇ ਮੰਜ਼ਿਰੇ ਆਮ 'ਤੇ ਲਿਆਂਦਾ ਹੈ। ਸੁਣਿਆ ਹੈ ਇਸ ਪਰਚੇ ਦੀ ਖਾਤਰ ਉਹ ਵਲਾਇਤ ਤੋਂ ਉਚੇਚਾ ਸਾਲ ਵਿੱਚ ਛੇ ਮਹੀਨੇ ਮੁਹਾਲੀ ਆਇਆ ਕਰੇਗਾ। ਪ੍ਰਮਿੰਦਰਜੀਤ ਦੇ ਪੇਪਰ 'ਅੱਖਰ' ਦੇ ਦਫ਼ਤਰ ਵਿੱਚ 'ਹੁਣ' ਦੀ ਵਰਕ ਗਰਦਾਨੀ ਕਰਨ ਤੋਂ ਇਲਾਵਾ ਕਾਹਲੀ-ਕਾਹਲੀ ਇਕ ਅੱਧ ਮਜਮੂਨ ਵੀ ਪੜ੍ਹਿਆ।

ਹਾਂ, ਗੱਲ 'ਚੇਤਨਾ' ਦੀ ਚਲ ਰਹੀ ਸੀ ਜੋ ਪੰਜਾਹਵਿਆਂ ਦੇ ਪਹਿਲੇ ਅੱਧ ਵਿੱਚ ਬੰਬਈ ਤੋਂ ਨਿਕਲਿਆ ਸੀ। ਇਸੇ ਪਰਚੇ ਰਾਹੀਂ ਜਗਤਾਰ ਦਾ ਪੰਜਾਬੀ ਨਜ਼ਮ/ਗ਼ਜ਼ਲ ਵਿੱਚ ਪ੍ਰਵੇਸ਼ (ਸ਼ਾਇਦ) ਹੋਇਆ ਸੀ। ਉਸ ਵੇਲੇ ਜਗਤਾਰ ਜਗਤਾਰ ਨਹੀਂ ਸੀ ਜਾਣਿਆ ਸਗੋਂ ਜਗਤਾਰ ਪਪੀਹਾ ਸੀ। ਪੰਜਾਬੀ ਗ਼ਜ਼ਲ/ਨਜ਼ਮ 'ਤੇ ਹੱਥ ਅਜਮਾਈ ਤੋਂ ਇਲਾਵਾ ਜਗਤਾਰ ਨੇ ਉਨ੍ਹੀਂ ਦਿਨੀਂ ਪਰਚਿਆਂ ਨੂੰ ਖ਼ਤ ਲਿਖਣ ਦਾ ਸ਼ੌਕ ਵੀ ਪਾਲ ਰੱਖਿਆ ਸੀ। ਪਰਦੁਮਣ ਦੇ ਬਣਾਏ ਆਧੁਨਿਕ ਕਲਾ ਵਿੱਚ ਸਰਵਰਕ (ਟਾਈਟਲ) ਬਾਰੇ ਜਗਤਾਰ ਦੇ ਅਜੀਬ ਵਿਚਾਰ ਛਪਦੇ ਹੁੰਦੇ ਸਨ ਜੋ ਕੁਝ-ਕੁਝ ਇਸ ਤਰ੍ਹਾਂ ਦੇ ਹੋਇਆ ਕਰਦੇ ਸਨ-"ਇਹ ਕੀ ਬੌਲਦ ਮੂਤਣੇ ਜਿਹੇ ਛਾਪ ਦੇਂਦੇ ਹੋ.....ਜਿਵੇਂ ਸੱਪ ਤੁਰਿਆ ਜਾਂਦਾ ਹੋਵੇ।" ਇਸ ਗੱਲ ਬਾਰੇ ਮੈਨੂੰ ਬੰਬਈ ਪਹੁੰਚ ਕੇ ਪਤਾ ਲੱਗਾ ਸੀ ਕਿ ਪਰਦੁਮਣ ਕੋਈ ਆਧੁਨਿਕ ਕਲਾ ਦਾ ਧਾਰਨੀ ਨਹੀਂ ਸੀ ਸਗੋਂ ਫ਼ਿਲਮਾਂ ਦਾ ਬੈਨਰ ਆਰਟਿਸਟ ਸੀ, ਜਿਸਨੂੰ ਦਸ-ਦਸ ਕੇ ਕਲਾਮਈ ਸਰਵਰਕ ਬਣਵਾ ਲਏ ਜਾਂਦੇ ਰਹੇ ਹੋਣਗੇ।

'ਚੇਤਨਾ' ਦੇ ਨਾਲ ਹੀ ਮੇਰੀ ਕੁਝ ਹੋਰ ਨਾਵਾਂ ਦੇ ਲੋਕਾਂ ਨਾਲ ਜਾਣ-ਪਛਾਣ ਹੋਈ ਜੋ ਸੰਪਾਦਕ ਰਾਜਿੰਦਰ ਸਿੰਘ ਬੇਦੀ ਦੇ ਨਾਂ ਤੋਂ ਹੇਠਾਂ ਛਪਿਆ ਕਰਦੇ ਸਨ। ਇਨ੍ਹਾਂ ਵਿੱਚ ਹੀ ਸੁਖਬੀਰ, ਗੁਰਵੇਲ ਪੰਨੂੰ ਅਤੇ ਗੁਲਜ਼ਾਰ ਦੇ ਨਾਂ ਸ਼ਾਮਿਲ ਸਨ। ਗੁਲਜ਼ਾਰ ਉਨ੍ਹੀਂ ਦਿਨੀਂ ਆਪਣੇ ਨਾਂ ਨਾਲ ਗੁਲਜ਼ਾਰ ਦੀਨਿਵੀ ਲਿਖਿਆ ਕਰਦਾ ਸੀ। ਕਿਉਂਕਿ ਪਾਕਿਸਤਾਨ ਵਿੱਚ ਦੀਨੇ ਪਿੰਡ ਉਸਦਾ ਪਿੱਛਾ ਸੀ। ਹੌਲੀ-ਹੌਲੀ ਗੁਲਜ਼ਾਰ ਨੇ ਆਪਣੇ ਨਾਂ ਨਾਲੋਂ ਦੀਨਿਵੀ ਹਟਾ ਦਿੱਤਾ ਜਿਵੇਂ ਬਾਅਦ ਵਿੱਚ ਪ੍ਰੇਮ ਪ੍ਰਕਾਸ਼ ਖਨਵੀ ਨੇ ਆਪਣੇ ਨਾਂ ਨਾਲੋਂ ਖਨਵੀ ਖਰੋਚ ਦਿੱਤਾ ਹੈ। ਉਪਰੋਕਤ ਨਾਵਾਂ ਵਿੱਚ ਹਰਨਾਮ ਸਿੰਘ ਨਾਜ਼ ਦਾ ਨਾਂ ਸ਼ਾਮਿਲ ਹੋਣੋ ਰਹਿ ਗਿਆ ਹੈ ਜੋ ਕਿ ਬਾਅਦ ਮਿਲੀ ਜਾਣਕਾਰੀ ਅਨੁਸਾਰ 'ਚੇਤਨਾ' ਦਾ ਵਧੇਰੇ ਕੰਮ ਕਹਿ ਆ ਕਰਦਾ ਸੀ। ਫਿਰ ਜਦ ਉਹ ਥੱਕ ਗਿਆ ਤਾਂ 'ਚੇਤਨਾ' ਬੰਦ ਕਰਨਾ

ਪਿਆ ਜੋ ਮਗਰੋਂ ਕੁਝ ਸਮਾਂ ਪਿੱਛੋਂ ਐਸ. ਸਵਰਨ ਨੇ ਦਿੱਲੀਓਂ ਜਾ ਸੁਰਜੀਤ ਕੀਤਾ। 'ਚੇਤਨਾ' ਵਿੱਚ ਗੁਲਜ਼ਾਰ ਦੀਆਂ ਕੁਝ ਰਚਨਾਵਾਂ ਪੜ੍ਹੀਆਂ। ਸੁਖਬੀਰ, ਬੇਦੀ ਆਦਿ ਦੇ ਵੀ ਕਈ ਅਫਸਾਨੇ (ਕਹਾਣੀਆਂ) ਛਪੇ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਸੀ ਕਿ 'ਚੇਤਨਾ' ਨੇ ਭਾਪੇ ਪ੍ਰਿਥਵੀ ਰਾਜ ਕਪੂਰ ਨੂੰ ਵੀ ਨਜ਼ਮ ਲਿਖਣ ਲਈ ਕਲਮ ਪਕੜਾ ਦਿੱਤੀ।

ਕੁਝ ਸਮਾਂ ਬੀਤਣ ਪਿੱਛੋਂ ਅਗਸਤ, 1961 ਵਿੱਚ ਮੈਂ ਆਪ ਬੰਬਈ ਚਲਿਆ ਗਿਆ। ਮੈਨੂੰ ਨਹੀਂ ਸੀ ਪਤਾ ਕਿ ਗੁਲਜ਼ਾਰ ਦਾ ਫ਼ਿਲਮਾਂ ਨਾਲ ਵੀ ਕੋਈ ਸੰਬੰਧ ਹੈ। 1961 ਦੇ ਨੇੜੇ ਤੇੜੇ ਬਿਮਲੇ ਰਾਏ ਦੀ ਫ਼ਿਲਮ 'ਕਾਬਲੀ ਵਾਲਾ' ਰਿਲੀਜ਼ ਹੋਈ ਜੋ ਗੁਰੂਦੇਵ ਟੈਗੋਰ ਦੀ ਇਸੇ ਨਾਂ ਵਾਲੀ ਕਹਾਣੀ 'ਤੇ ਆਧਾਰਤ ਸੀ। ਪਿੱਛੋਂ ਪਤਾ ਲੱਗਾ ਕਿ ਨਾ ਸਿਰਫ਼ ਗੁਲਜ਼ਾਰ ਇਸ ਫ਼ਿਲਮ ਦਾ ਚੀਫ਼ ਅਸਿਸਟੈਂਟ ਡਾਇਰੈਕਟਰ ਹੀ ਸੀ ਸਗੋਂ ਉਸਨੇ ਇਸ ਫ਼ਿਲਮ ਵਿੱਚ ਇਕ ਗੀਤ ਵੀ 'ਗੰਗਾ ਆਏ ਕਹਾਂ ਸੇ, ਗੰਗਾ ਜਾਏ ਕਹਾਂ ਰੇ' ਲਿਖਿਆ ਸੀ ਜੋ ਨਾ ਸਿਰਫ਼ ਦਰਸ਼ਕਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਹੀ ਸਗੋਂ ਖੁਦ ਬਿਮਲ ਰਾਏ ਨੂੰ ਵੀ ਬਹੁਤ ਪਸੰਦ ਆਇਆ। ਉਸਨੇ ਇਸ ਗੀਤ ਤੇ ਖ਼ੁਸ਼ ਹੋ ਕੇ ਆਪਣੀ ਅਗਲੀ ਫ਼ਿਲਮ 'ਬੰਧਨਾ' ਦੇ ਸਾਰੇ ਗੀਤ ਗੁਲਜ਼ਾਰ ਤੋਂ ਲਿਖਵਾਉਣ ਦੀ ਪੇਸ਼ਕਸ ਕੀਤੀ। ਪਰ ਦੋ ਗੀਤ ਫ਼ਿਲਮਾਏ ਜਾਣ ਪਿੱਛੋਂ ਸੰਗੀਤ ਨਿਰਦੇਸ਼ਕ ਐਸ. ਡੀ. ਬਰਮਨ ਨੇ ਬਿਮਲ ਰਾਏ ਨੂੰ ਕਹਿ ਦਿੱਤਾ, "ਆਪਣਾ ਸੰਗੀਤ ਇਸ ਛੋਕਰੇ ਨਾਲ ਨਹੀਂ ਜੰਮੇਗਾ। ਜੇ ਤੁਸਾਂ ਗੀਤ ਇਸੇ ਕੋਲੋਂ ਲਿਖਵਾਉਣੇ ਹਨ ਤਾਂ ਸੰਗੀਤ ਨਿਰਦੇਸ਼ਕ ਕੋਈ ਹੋਰ ਤਲਾਸ਼ ਕਰੋ।" ਸੁਣਿਆ ਸੀ ਕਿ ਐਸ. ਡੀ. ਬਰਮਨ ਨੂੰ ਕਈ ਸਜਨਾਂ ਨੇ ਕਿਹਾ ਕਿ ਲੜਕਾ (ਗੁਲਜ਼ਾਰ) ਹੋਣਹਾਰ ਹੈ। ਇਕ ਵਾਰ ਚਾਂਸ ਜ਼ਰੂਰ ਦਿਓ। ਪਰ ਕਹਿੰਦੇ ਨੇ ਬਰਮਨ ਦਾਦਾ ਹਰ ਇਕ ਨੂੰ ਇਹ ਜਵਾਬ ਦੇਂਦੇ ਰਹੇ, "ਜੇ ਲੜਕਾ ਹੋਣਹਾਰ ਹੈ ਤਾਂ ਹੋਣਹਾਰ ਮਿਊਜ਼ਿਕ ਡਾਇਰੈਕਟਰ ਹੋਰ ਵੀ ਹਨ। ਹੋਰ ਕੋਈ ਸੰਗੀਤ ਨਿਰਦੇਸ਼ਕ ਕਰ ਲਓ।" ਰਿਕਾਰਡ ਹੋਏ ਦੋ ਗੀਤਾਂ ਵਿੱਚੋਂ ਇਕ ਕੈਂਸਲ ਕਰ ਦਿੱਤਾ ਗਿਆ। ਜਿਹੜਾ ਇਕ ਗੀਤ ਬਚਿਆ ਰਿਹਾ ਉਹ ਹੈ 'ਮੇਰਾ ਗੋਰਾ ਅੰਗ ਲਈਲੇ, ਮੁਝੇ ਸ਼ਾਮ ਰੰਗ ਦਈਏ' ਜੋ ਦਰਸ਼ਕਾਂ ਤੇ ਸੰਗੀਤ ਪ੍ਰੇਮੀਆਂ ਨੇ ਫ਼ਿਲਮ ਦੇ ਸਾਰੇ ਗੀਤਾਂ ਤੋਂ ਵੱਧ ਪਸੰਦ ਕੀਤਾ ਹਾਲਾਂਕਿ ਫ਼ਿਲਮ ਦੇ ਬਾਕੀ ਗੀਤ ਵੀ ਸ਼ੈਲਿੰਦਰ ਨੇ ਪੂਰੀ ਜਾਨ ਮਾਰ ਕੇ ਲਿਖੇ ਜੋ ਬਹੁਤ ਪਸੰਦ ਕੀਤੇ ਗਏ।

ਬੰਬਈ ਜਾਣ ਤੋਂ ਪਹਿਲਾਂ ਅੰਮ੍ਰਿਤਸਰ ਵਿੱਚ ਮੇਰੀਆਂ ਸੁਖਬੀਰ ਨਾਲ ਕੁਝ ਮੁਲਾਕਾਤਾਂ ਅਸਾਧਾਰਨ ਢੰਗ ਨਾਲ ਹੋ ਚੁੱਕੀਆਂ ਸਨ। ਉਹ ਰਘਬੀਰ ਢੰਡ ਦੇ ਨਾਲ ਮੇਰੇ ਪਿੰਡ ਲਹੁਕੇ ਵੀ ਜਾ ਚੁੱਕਾ ਸੀ ਜਿਥੇ ਸਾਡਾ ਲੰਮਾ ਚੌੜਾ ਮਕਾਨ ਸੀ। ਅਸਲ ਵਿੱਚ ਇਹ ਇਕ ਨਹੀਂ ਦੋ ਮਕਾਨ ਸਨ ਜਿਨ੍ਹਾਂ ਵਿੱਚੋਂ ਦੀ ਇਕ ਗੱਲੀ ਲੰਘਦੀ ਸੀ। ਗਲੀ ਉਪਰ ਤਖ਼ਤਾ ਰੱਖ ਕੇ ਦੋਹਾਂ ਮਕਾਨਾਂ ਨੂੰ ਆਪਸ ਵਿੱਚ ਮਿਲਾ ਦਿੱਤਾ ਗਿਆ ਸੀ। ਇਕ ਮਕਾਨ ਦੇ ਇਕ ਕਮਰੇ ਵਿੱਚ ਬੈਠੇ ਅਸੀਂ ਸ਼ਰਾਬ ਪੀ ਰਹੇ ਸਾਂ। ਦੂਜੇ ਮਕਾਨ ਵਿੱਚ ਮੇਰੇ ਮਾਤਾ ਜੀ ਮੀਟ ਤਿਆਰ ਕਰੀ ਬੈਠੇ ਸਨ। ਸੁਖਬੀਰ, ਰਘਬੀਰ ਢੰਡ ਅਤੇ ਮੇਰੇ ਤੋਂ ਇਲਾਵਾ ਉਸ ਮਹਿਫ਼ਲ ਵਿੱਚ ਮੇਰਾ ਇਕ ਮਿੱਤਰ ਮੱਖਣ ਸਿੰਘ ਪੰਨੂੰ ਵੀ ਸ਼ਾਮਿਲ ਸੀ ਜਿਸਦਾ ਉਸ ਦਿਨ ਤੋਂ ਲੈ ਕੇ ਅੱਜ ਤੱਕ ਸ਼ਰਾਬ ਬਹੁਤ ਮੰਦੀ ਗਿਣੀ ਗਈ ਹੈ। ਮੈਨੂੰ ਯਾਦ ਏ ਰਘਬੀਰ ਢੰਡ ਸਾਰਿਆਂ ਕੋਲੋਂ ਅੱਖ ਬਚਾ ਕੇ ਹੱਸਦਾ ਹੋਇਆ ਮੇਰੇ ਕੰਨ ਵਿੱਚ ਮੱਖਣ ਸਿੰਘ ਪੰਨੂੰ ਬਾਰੇ ਆਖ ਦੇਂਦਾ ਸੀ, "ਇਹ ਫ....ਦਾ ਕੀ ਕਰਦਾ ਏ ?" ਜਦ ਮੈਂ ਸਾਹਮਣੇ ਮਕਾਨ ਵਿੱਚ ਆਪਣੀ ਮਾਂ ਕੋਲੋਂ ਮੀਟ ਦਾ ਬਰਤਣ ਭਰਵਾਉਣ ਜਾਂਦਾ ਤਾਂ ਸੁਖਬੀਰ ਦੀ ਅਨੋਖੀ ਆਵਾਜ਼ ਸੁਣ ਕੇ ਮੇਰੀ ਮਾਂ ਮੈਨੂੰ ਪੁੱਛਦੀ, "ਕਾਕਾ ! ਇਕ ਆਦਮੀ ਰੋਣ ਲੱਗ ਗਿਆ ਏ ਭਲਾ ?" ਹਾਲਾਂਕਿ ਬੰਬਈ ਵਿੱਚ ਪਹੁੰਚਣ ਤੋਂ ਪਿੱਛੋਂ ਸਾਰੇ ਮਿੱਤਰਾਂ ਦੀ ਇਹ ਰਾਏ ਸੁਣੀ ਸੀ ਕਿ ਸੁਖਬੀਰ ਉਪਰ ਸ਼ਰਾਬ ਕੋਈ ਅਸਰ ਨਹੀਂ ਕਰਦੀ। ਜਿਹੋ ਜਿਹਾ ਪਹਿਲੇ ਪੈੱਗ



ਵੇਲੇ ਹੁੰਦਾ ਏ ਓਹੋ ਜਿਹਾ ਹੀ ਉਸ ਸਮੇਂ ਰਹਿੰਦੇ ਏ ਜਦ ਮਹਿਫ਼ਲ ਵਿੱਚ ਤੀਜੀ ਬੋਤਲ ਖ਼ਤਮ ਹੋ ਰਹੀ ਹੁੰਦੀ ਏ।

ਬੰਬਈ ਪਹੁੰਚ ਕੇ ਆਰੰਭ ਵਿੱਚ ਮੈਂ ਹਰ ਹਫ਼ਤੇ ਇਤਵਾਰ ਵਾਲੇ ਦਿਨ ਸੁਖਬੀਰ ਦੇ ਘਰ ਚਲਿਆ ਜਾਂਦਾ ਜੋ ਮੇਰੇ ਤੋਂ ਅਠ ਦਸ ਸਟੇਸ਼ਨ ਅੱਗੇ ਵਿਲੇ ਪਾਰਲੇ ਅੰਧੇਰੀ ਸਟੇਸ਼ਨ ਦੇ ਵਿੱਚ ਹੈ ਨਿਰਮਲ ਨਿਵਾਸ ਸੁਨਾਹੀ ਰੋਡ ਵਿੱਚ ਰਿਹਾ ਕਰਦਾ ਸੀ। ਉਥੇ ਹੀ ਮੇਰੀ ਗੁਲਜ਼ਾਰ, ਸਾਗਰ ਸਰਹੱਦੀ, ਕ੍ਰਿਸ਼ਨ ਸਰਸ਼ਾਰ, ਹਰਨਾਮ ਸਿੰਘ ਨਾਜ਼ ਆਦਿ ਨਾਲ ਮੁਲਾਕਾਤਾਂ ਹੋਈਆਂ। ਜੋ ਮੇਰੇ ਵਾਂਗ ਇਤਵਾਰ ਨੂੰ ਸੁਖਬੀਰ ਵੱਲ ਜਾਇਆ ਕਰਦੇ ਸਨ। ਗੁਲਜ਼ਾਰ ਬਾਰੇ ਮੇਰੀਆਂ ਇਨ੍ਹਾਂ ਮੁਲਾਕਾਤਾਂ ਤੋਂ ਇਹ ਰਾਏ ਬਣੀ ਸੀ, ਉਹ ਬਹੁਤ ਘੱਟ ਬੋਲਦਾ ਹੈ, ਖਾਕੀ ਜੀਨ ਦੀ ਪਤਲੂਨ ਅਤੇ ਚਿੱਟੀ ਕਮੀਜ਼ ਹਰ ਰੋਜ਼ ਪਾਉਂਦਾ ਹੈ। ਕਦੀ ਕਦੀ ਕਹਾਣੀ ਤੇ ਕਦੀ ਕਦੀ ਕੋਈ ਨਜ਼ਮ ਲਿਖ ਲੈਂਦਾ ਹੈ ਜੋ ਉਸ ਆਮ ਤੌਰ 'ਤੇ ਉਰਦੂ ਵਿੱਚ ਹੋਇਆ ਕਰਦੀ ਸੀ। ਗੁਲਜ਼ਾਰ ਪੰਜਾਬੀ ਲੇਖਕਾਂ ਦੀ ਸੰਗਤ ਵਿੱਚ ਰਹਿ ਕੇ ਵੀ ਉਰਦੂ ਲਿਖਿਆ ਕਰਦਾ ਸੀ।

ਕੁਝ ਸਮੇਂ ਪਿੱਛੋਂ ਮੇਰੀਆਂ ਸੁਖਬੀਰ ਵੱਲ ਫੇਰੀਆਂ ਘਟਨ ਲੱਗੀਆਂ। ਗੁਲਜ਼ਾਰ ਨਾਲ ਵੀ ਮੁਲਾਕਾਤਾਂ ਸੀਮਤ ਹੋਣ ਲੱਗੀਆਂ। ਉਨ੍ਹੀਂ ਦਿਨੀਂ ਮੈਂ ਸ਼ੇਰ-ਇ-ਪੰਜਾਬ ਹੋਸਟਲ ਐਮਰੀਪਾੜਾ ਵਿਚ ਰਹਿੰਦਾ ਸੀ। ਸ਼ਾਮ ਨੂੰ ਬਾਰਾਂ ਚਾਹਲੀ ਦੇ ਡੀ. ਕਾਸਟਾ ਕੋਲੋਂ ਸ਼ਰਾਬ ਪੀਆ ਕਰਦਾ ਸੀ। ਜਿਸ ਨੂੰ ਸਾਰੇ ਵਾਈਟ ਆਂਟੀ ਕਿਹਾ ਕਰਦੇ ਸਨ। ਉਥੇ ਹਰ ਰੋਜ਼ ਇਕ ਮੁਸਲਮਾਨ ਮੁਣਸ਼ੀ ਮੁਈ-ਓ-ਦੀਨ ਸ਼ਰਾਬ ਪੀਆ ਕਰਦਾ ਸੀ ਜਿਸਨੂੰ ਕੋਈ ਇਨਕਮ ਟੈਕਸ ਦਾ ਵਕੀਲ ਤੇ ਕੋਈ ਕਿਸੇ ਇਨਕਮ ਟੈਕਸ ਦੇ ਵਕੀਲ ਦਾ ਮੁਣਸ਼ੀ ਆਖਿਆ ਕਰਦਾ ਸੀ। ਕੁਝ ਵੀ ਹੋਵੇ ਉਹ ਸਾਰੀ ਮਹਿਫ਼ਲ ਦਾ ਸ਼ਿੰਗਾਰ ਹੋਇਆ ਕਰਦਾ ਸੀ। ਉਹ ਸਾਰਿਆਂ ਨਾਲੋਂ ਵਧੇਰੇ ਸਮਾਂ ਵਾਈਟ ਆਂਟੀ ਦੀ ਬਾਰ ਵਿੱਚ ਬੈਠਿਆ ਕਰਦਾ ਸੀ। ਜੇ ਕਿਸੇ ਕੋਲ ਸ਼ਰਾਬ ਲਈ ਪੈਸੇ ਥੁੜਦੇ ਹੁੰਦੇ ਸਨ ਤਾਂ ਉਸਨੂੰ ਬੜੇ ਆਰਾਮ ਨਾਲ ਪਿਆ ਦਿਆ ਕਰਦਾ ਸੀ। ਸ਼ੇਅਰੋ-ਸ਼ਾਇਰੀ ਦਾ ਸ਼ੌਕੀਨ ਸੀ ਤੇ ਆਮ ਤੌਰ 'ਤੇ ਪੀਣ ਪਿੱਛੋਂ ਉਸਤਾਦ ਸ਼ਾਇਰ ਦਾ ਕਲਾਮ ਸੁਣਾਇਆ ਕਰਦਾ ਸੀ। ਆਪ ਸ਼ੇਅਰ ਨਹੀਂ ਸੀ ਕਹਿੰਦਾ। ਸਿਰਫ਼ ਦੂਜੇ ਸ਼ਾਇਰਾਂ ਦੇ ਮਨ ਪਸੰਦ ਸ਼ੇਅਰ ਸੁਣਾਇਆ ਕਰਦਾ ਸੀ। ਦੋ ਢਾਈ ਘੰਟੇ ਉਸਦੀ ਸਿਟਿੰਗ ਸਮੇਂ ਟੈਕਸੀ ਸੜਕ ਉਪਰ ਉਸਦੀ ਉਡੀਕ ਕਰਦੀ ਰਹਿੰਦੀ ਜਿਸ ਕਾਰਨ ਉਸਦਾ ਰੋਹਬ ਹੋਰ ਵੀ ਵੱਧ ਜਾਂਦਾ। ਇਕ ਸ਼ਾਮ ਦੀ ਗੱਲ ਹੈ। ਮੁਣਸ਼ੀ ਮੁਈ-ਉ-ਦੀਨ ਮੈਨੂੰ ਪੁੱਛ ਰਿਹਾ ਸੀ, "ਕਿਉਂ ਸਾਹਬ। ਯੇਹ ਗੁਲਜ਼ਾਰ ਕੌਣ ਹੈਂ ? ਸੁਨਾ ਹੈ ਉਰੂ ਨਜ਼ਮ ਕਹਿਤੇ ਹੈ। ਔਹ ਮੀਨਾ ਕੁਮਾਰੀ ਉਨਕੀ ਨਜ਼ਮੋਂ ਪਰ ਫਿਦਾ ਹੈ।" ਕੁਝ ਦੇਰ ਲਈ ਉਹ ਰੁੱਕੇ ਅਤੇ ਫਿਰ ਮੇਰਾ ਜਵਾਬ ਸੁਣਨ ਤੋਂ ਪਹਿਲਾਂ ਹੀ ਬੋਲ ਪਏ, "ਕਹੀਂ ਯੇਹ ਗੁਲਜ਼ਾਰ ਦਹਿਲਵੀਂ ਤੋ ਨਹੀਂ ?"

ਮੈਂ ਹੈਰਾਨ ਸਾਂ ਕਿ ਅੱਜ ਇਸ ਮਹਿਫ਼ਲ ਵਿੱਚ ਗੁਲਜ਼ਾਰ ਦਾ ਜ਼ਿਕਰ ਕਿਧਰੋਂ ਆ ਗਿਆ ? ਫਿਰ ਪਰ ਕੁਝ-ਕੁਝ ਮੁਣਸੀ ਸਾਹਿਬ ਅਤੇ ਕੁਝ ਉਥੇ ਬੈਠੇ ਦੂਜੇ ਲੋਕਾਂ ਕੋਲੋਂ ਪਤਾ ਲੱਗਾ ਕਿ ਅੱਜ ਬੰਬਈ ਦੇ ਮੋਹਨ ਸਟੂਡੀਊ (ਹੁਣ ਠੀਕ ਤਰ੍ਹਾਂ ਯਾਦ ਨਹੀਂ ਕਿਉਂਕਿ ਗੱਲ ਬਹੁਤ ਪੁਰਾਣੀ ਹੈ) ਵਿੱਚ ਇਕ ਹੰਗਾਮਾ ਹੋਇਆ। ਉਸ ਵੇਲੇ ਵੀ ਸਭ ਤੋਂ ਸਫ਼ਲ ਅਭਿਨੇਤਰੀ ਹੀਰੋਇਨ ਮੀਨਾ ਕੁਮਾਰੀ ਸੰਗੀਤ ਨਿਰਦੇਸ਼ਕ ਸਲੀਲ ਚੌਧਰੀ ਦੇ ਨਿਰਮਾਣ ਹੇਠ ਬਣ ਰਹੀ ਫ਼ਿਲਮ 'ਪਿੰਜਰੇ ਕੇ ਪੰਛੀ' ਵਿੱਚ ਹੀਰੋਇਨ ਦੀ ਭੂਮਿਕਾ ਨਿਭਾ ਰਹੀ ਸੀ। ਫ਼ਿਲਮ ਦੇ ਡਾਇਲਾਗ, ਸਕਰੀਨ ਪਲੇਅ ਅਤੇ ਗੀਤ ਗੁਲਜ਼ਾਰ ਲਿਖ ਰਿਹਾ ਸੀ। ਮੀਨਾ ਕੁਮਾਰੀ ਦੇ ਪਤੀ ਕਮਾਲ ਅਮਰੋਹੀ ਦਾ ਸਕੱਤਰ ਬਾਦਰ ਹੁਸੈਨ ਮੀਨਾ ਕੁਮਾਰੀ ਦੇ ਨਾਲ ਹੰਟਰ ਲੈ ਕੇ ਐਸਕਾਰਟ ਵੱਜੋਂ ਜਾਇਆ ਕਰਦਾ ਸੀ। ਉਸਨੇ ਜਾਂਦੇ ਹੀ ਸਲੀਲ ਚੌਧਰੀ ਨੂੰ ਆਖਿਆ, "ਸਲੀਲ ਸਾਹਿਬ ! ਅਗਰ ਫ਼ਿਲਮ ਕੇ ਡਾਇਲਾਗ ਸਕਰੀਨ ਪਅਲੇਅ ਵਗੈਰਾ ਗੁਲਜ਼ਾਰ

ਹੀ ਲਿਖੇਗਾ ਤੋ ਮੀਨਾ ਕੁਮਾਰੀ ਉਸਕੇ ਸਾਥ ਕਾਮ ਨਹੀਂ ਕਰੇਗੀ। ਕਿਉਂਕਿ ਮੀਨਾ ਟਾਪ ਕਲਾਸ ਹੀਰੋਇਨ ਹੈ ਔਰ ਗੁਲਜ਼ਾਰ ਕਾ ਕਿਸੀ ਨੇ ਕਭੀ ਨਾਮ ਤਕ ਨਹੀਂ ਸੁਨਾ ?"

ਦੱਸਿਆ ਗਿਆ ਕਿ ਸਲੀਲ ਚੌਧਰੀ ਨੇ ਉੱਤਰ ਦਿੱਤਾ, "ਫ਼ਿਲਮ ਕੇ ਡਾਇਲਾਗ, ਕਹਾਣੀ, ਸਕਰੀਨ ਪਲੇ ਔਰ ਗੀਤ ਤੋ ਗੁਲਜ਼ਾਰ ਹੀ ਲਿਖੇਗਾ। ਆਪ ਬੇਸ਼ੱਕ ਮੀਨਾ ਕੋ ਲੇ ਜਾਈਏ।"

ਦੱਸਿਆ ਗਿਆ ਕਿ ਮੀਨਾ ਨੇ ਬਾਦਰ ਦੇ ਨਾਲ ਜਾਣੋ ਇਨਕਾਰ ਕਰ ਦਿੱਤਾ। ਬਾਦਰ ਹੁਸੈਨ ਨੇ ਉਸ ਉਪਰ ਹੰਟਰ ਉਲਾਰਿਆ। ਮੀਨਾ ਨੇ ਰੌਲਾ ਪਾਇਆ। ਇੰਨੇ ਨੂੰ ਉਸ ਸਟੂਡੀਉ ਵਿੱਚ ਕਿਸੇ ਦੂਜੇ ਸੈੱਟ ਉਪਰ ਮਹਿਮੂਦ ਦੀ ਸ਼ੂਟਿੰਗ ਪੈਕ ਅਪ ਹੋਈ। ਉਹ ਰੌਲਾ ਗੌਲਾ ਸੁਣਕੇ ਮੌਕੇ 'ਤੇ ਪੁਜ ਗਿਆ। ਇਤਫਾਕ ਨਾਲ ਮਹਿਮੂਦ ਮੀਨਾ ਕੁਮਾਰੀ ਦਾ ਜੀਜਾ ਵੀ ਲੱਗਦਾ ਸੀ। ਉਸਨੇ ਮੀਨਾ ਕੁਮਾਰੀ ਨੂੰ ਬਾਦਰ ਹੁਸੈਨ ਦੇ ਚੁੰਗਲ 'ਚੋਂ ਬਚਾ ਲਿਆ ਅਤੇ ਆਪਣੇ ਘਰ ਲੈ ਗਿਆ। ਸੋ ਕਈ ਸਾਲ ਮੀਨਾ ਕਮਾਲ ਅਮਰੋਹੀ ਦਰਮਿਆਨ ਅਣ-ਬਣ ਰਹੀ ਜਿਸਦੇ ਸਿੱਟੇ ਵਜੋਂ ਫ਼ਿਲਮ 'ਪਕੀਜ਼ਾ' ਦੀ ਸ਼ੂਟਿੰਗ ਕਈ ਚਿਰ ਰੁਕੀ ਰਹੀ।

ਉਨ੍ਹੀਂ ਦਿਨੀਂ ਮੈਂ 30 ਅਪੋਲੋ ਸਟਰੀਟ ਬੰਬਈ ਦੇ ਕਿਸੇ ਪ੍ਰਾਈਵੇਟ ਦਫ਼ਤਰ ਵਿੱਚ ਕੰਮ ਕਰਦਾ ਸਾਂ। ਉਥੇ ਹੀ ਇਕ ਸਰਦਾਰ ਕੁਲਦੀਪ ਸਿੰਘ ਨੰਦਾ ਵੀ ਮੇਰਾ ਕੁਲੀਗ ਸੀ ਜਿਸ ਕੋਲ ਆਪਣੀ ਕਾਰ ਸੀ। ਉਨ੍ਹੀਂ ਦਿਨੀਂ ਅੱਜ ਵਾਂਗ ਕਾਰ ਆਮ ਨਹੀਂ ਸੀ। ਕਿਸੇ ਵਿਰਲੇ ਵਾਂਜੇ ਕੋਲ ਹੀ ਕਾਰ ਹੋਇਆ ਕਰਦੀ ਸੀ। ਧਰਮਿੰਦਰ ਨੂੰ ਮੈਂ ਉਸ ਵੇਲੇ ਤੋਂ ਜਾਣਦਾ ਹਾਂ ਜਦ ਉਸ ਕੋਲ ਕਾਰ ਨਹੀਂ ਸੀ ਹੋਇਆ ਕਰਦੀ ਅਤੇ ਉਹ ਟੈਕਸੀ ਦੀ ਵਰਤੋਂ ਕਰਦਾ। ਉਸ ਸਮੇਂ ਮੈਂ ਵੀ ਦਸਾਂ ਦਾ ਨੋਟ ਜੇਬ ਵਿੱਚ ਹੋਣ ਵੇਲੇ ਟੈਕਸੀ ਵਿੱਚ ਬੈਠਿਆ ਕਰਦਾ ਸਾਂ। ਕਿਉਂਕਿ ਉਨ੍ਹੀਂ ਦਿਨੀਂ ਟੈਕਸੀ ਦਾ ਮੀਟਰ ਡਿੱਗਣ ਪਿੱਛੋਂ ਪਹਿਲੇ ਕਿਲੋਮੀਟਰ ਦੇ 60 ਪੈਸੇ ਅਤੇ ਅਗਲੇ ਹਰ ਕਿਲੋਮੀਟਰ ਦਾ ਦਸ ਕਰਾਇਆ ਹੁੰਦਾ ਸੀ।

ਅਗਲੇ ਦਿਨ ਮੈਂ ਕੁਲਦੀਪ ਸਿੰਘ ਨੰਦਾ ਨੂੰ ਡੀ. ਵੀ. ਕਾਸਟਾ ਦੇ ਅੱਡੇ 'ਤੇ ਹੋਈ ਮੁਣਸ਼ੀ ਮੁਈ-ਓ-ਦੀਨ ਨਾਲ ਗੱਲਬਾਤ ਦਾ ਵੇਰਵਾ ਦੱਸਿਆ। ਅੱਗੋਂ ਕੁਲਦੀਪ ਨੇ ਕਿਹਾ ਕਿ ਉਸਨੇ ਵੀ ਅਜਿਹੀਆਂ ਅਫ਼ਵਾਹਾਂ ਸੁਣੀਆਂ ਹਨ। ਫਿਰ ਉਸਨੇ ਮੋਹਨ ਸਟੂਡੀਉ ਵਿੱਚ ਬਿਮਲ ਰਾਏ ਪ੍ਰੋਡਕਸ਼ਨਜ਼ ਨਾਲ ਸੰਪਰਕ ਕਰਕੇ ਗੁਲਜ਼ਾਰ ਨਾਲ ਰਾਬਤਾ ਕਾਇਮ ਕੀਤਾ। ਥੋੜ੍ਹੀ ਦੇਰ ਪਿਛੋਂ ਕੁਲਦੀਪ ਸਿੰਘ ਨੰਦਾ ਕਾਰ ਲੈ ਕੇ ਅੰਧੇਰੀ ਮੋਹਨ ਸਟੂਡਿਉ ਵੱਲ ਰਵਾਨਾ ਹੋਇਆ। ਕੁਝ ਘੰਟੇ ਪਿੱਛੋਂ ਉਹ ਗੁਲਜ਼ਾਰ ਨੂੰ ਨਾਲ ਲੈ ਕੇ 30 ਅਪੋਲੋ ਸਟਰੀਟ ਪੁੱਜਿਆ। ਮੀਨਾ ਕੁਮਾਰੀ ਨਾਲ ਇਸ਼ਕ ਵਾਲੀ ਕਹਾਣੀ ਤਕਰੀਬਨ ਸੱਚ ਸੀ। ਕੁਝ ਦਿਨ ਬੀਤਣ ਪਿੱਛੋਂ ਪਤਾ ਲੱਗਿਆ ਕਿ ਗੁਲਜ਼ਾਰ ਮੁਸਲਮ ਗੁੰਡਿਆਂ ਜਾਂ ਬਾਦਰ ਹੁਸੈਨ ਦੇ ਆਦਮੀਆਂ ਤੋਂ ਬਚਣ ਦਾ ਯਤਨ ਕਰਦਾ ਸੀ। ਫਿਰ ਇਕ ਦਿਨ 30 ਅਪੋਲੋ ਸਟਰੀਟ ਦੇ ਦਫ਼ਤਰ ਦੀਆਂ ਕੁੜੀਆਂ ਇਸ ਇਸ਼ਕ ਦੀ ਦਾਸਤਾਨ ਤੇ ਇੰਜ ਦੀ ਰਾਏ ਪ੍ਰਗਟ ਕਰ ਰਹੀਆਂ ਸਨ, "ਸਭ ਬਕਵਾਸ ਏ! ਇਸ ਦੀ ਸ਼ਕਲ ਤਾਂ ਵੇਖੋ! ਵੱਡਾ ਗੁਲਜ਼ਾਰ!! ਕਿਥੇ ਇਹ ਖਾਦੀ ਜੀਨ ਦੀ ਪਤਲੂਨ ਤੇ ਸਫੈਦ ਕਮੀਜ਼ ਤੇ ਕਿਥੇ ਮੀਨਾ ਕੁਮਾਰੀ ਜਿਹੀ ਟਾਪ ਕਲਾਸ ਹੀਰੋਇਨ.......।"

ਕੁਲਦੀਪ ਨੰਦਾ ਆਮ ਤੌਰ 'ਤੇ ਇਸ ਪ੍ਰੇਮ ਕਹਾਣੀ ਉਪਰ ਚੁੱਪ ਰਹਿੰਦਾ ਸੀ ਕਿਉਂਕਿ ਉਹ ਕੁਲਦੀਪ ਦਾ ਯਾਰ ਸੀ। ਪਰ ਲੜਕੀਆਂ ਦੇ ਜੋਸ਼ ਦਵਾਉਣ ਉਪਰ ਉਸ ਨੇ ਕਿਹਾ, "ਮੈਂ ਜਾਣਾ ਮੇਰਾ ਵਾਹਿਗੁਰੂ, ਮੇਰੀ ਕਾਰ 'ਚ ਬੈਠ ਗੁਲਜ਼ਾਰ ਮੀਨਾ ਕੁਮਾਰੀ ਨੂੰ ਨਾਸਿਕ ਰੇਲਵੇ ਸਟੇਸ਼ਨ 'ਤੇ ਮਿਲਣ ਗਿਆ ਸੀ। ਉਹ ਮਦਰਾਸ ਸ਼ੂਟਿੰਗ ਲਈ ਜਾ ਰਹੀ ਸੀ। ਨਾਸਿਕ ਤੋਂ ਉਰੇ ਸਟੇਸ਼ਨਾਂ 'ਤੇ ਗੁਲਜ਼ਾਰ ਦੀ ਜਾਨ ਨੂੰ ਖਤਰਾ ਸੀ.....ਫਿਰ ਨਾਸਿਕ ਰੇਲਵੇ ਸਟੇਸ਼ਨ ਉਪਰ ਮੁਲਾਕਾਤ ਦੌਰਾਨ ਮੀਨਾ ਕੁਮਾਰੀ ਨੇ ਗੁਲਜ਼ਾਰ ਦੀ ਹਿਫ਼ਾਜਤ ਲਈ ਉਸਦੇ ਸੱਜੇ ਡੌਲੇ ਨਾਲ ਤਵੀਤ ਵੀ ਬੰਨ੍ਹਿਆ।"



ਫ਼ਿਲਮ ਲਾਈਨ ਵਿੱਚ ਪਬਲਿਸਿਟੀ ਦੀ ਬਹੁਤ ਲੋੜ ਹੁੰਦੀ ਹੈ ਜੋ ਉਸ ਵੇਲੇ ਤੱਕ ਗੁਲਜ਼ਾਰ ਨੂੰ ਪ੍ਰਾਪਤ ਨਹੀਂ ਸੀ। ਪਰ ਇਹ ਇਕ ਘਟਨਾ ਉਸ ਨੂੰ ਇਨ੍ਹੀਂ ਜ਼ਿਆਦਾ ਮਸ਼ਹੂਰੀ ਦੇ ਗਈ ਕਿ ਅੱਗੇ ਤੋਂ ਉਸਦੀ ਜਦੋ ਜਹਿਦ ਆਸਾਨ ਹੋ ਗਈ।

ਗੁਲਜ਼ਾਰ ਖੁਦ ਨਿਰਦੇਸ਼ਕ ਬਣਨ ਤੋਂ ਪਹਿਲਾਂ ਵਧੇਰੇ ਸਮਾਂ ਬਿਮਲ ਰਾਏ ਪ੍ਰੋਡਕਸ਼ਨਜ਼ ਵਿੱਚ ਅਸਿਸਟੈਂਟ ਡਾਇਰੈਕਟਰ ਰਿਹਾ। ਉਥੇ ਹੀ ਉਸਨੂੰ ਕਈ ਵਾਰ ਸੈੱਟਸ ਉਪਰ ਜਾਂ ਕੋਈ ਹੋਰ ਕੰਮ ਕਰਨ ਦੇ ਮੌਕੇ ਉਸ ਨਾਲ ਮੇਰੀਆਂ ਮੁਲਾਕਾਤਾਂ ਹੁੰਦੀਆਂ ਰਹੀਆਂ। ਆਮ ਤੌਰ 'ਤੇ ਮੇਰੇ ਨਾਲ ਕੋਈ ਨਾ ਕੋਈ ਹੋਰ ਫ਼ਿਲਮ ਲਾਈਨ ਦਾ ਆਦਮੀ ਹੁੰਦਾ। ਕਿਉਂਕਿ ਮੇਰਾ ਆਪਣਾ ਕਦੀ ਸਿੱਧੇ ਤੌਰ 'ਤੇ ਫ਼ਿਲਮਾਂ ਨਾਲ ਵਾਸਤਾ ਨਹੀਂ ਸੀ ਰਿਹਾ। ਇਕ ਵਾਰ ਮੈਂ ਅਤੇ ਕ੍ਰਿਸ਼ਨ ਸਰਕਾਰ ਮੋਹਨ ਸਟੂਡੀਉ ਵਿੱਚ ਗੁਲਜ਼ਾਰ ਨੂੰ ਮਿਲ ਰਹੇ ਸੀ। ਬਿਮਲ ਰਾਏ 'ਪ੍ਰੇਮ ਪਤਰ' ਫ਼ਿਲਮ ਦੀ ਐਡਟਿੰਗ ਕਰ ਰਿਹਾ ਸੀ ਜਿਸਦਾ ਉਹ ਆਪ ਹੀ ਨਿਰਮਾਤਾ ਨਿਰਦੇਸ਼ਕ ਸੀ। ਉਸਨੇ ਹੀ ਕ੍ਰਿਸ਼ਨ ਸਰਕਾਰ ਨੂੰ ਫ਼ਿਲਮ ਦੇ ਕਰੈਡਿਟ ਟਾਈਟਲ ਬਣਾਉਣ ਲਈ ਬੁਲਾਇਆ ਸੀ। ਗੁਲਜ਼ਾਰ ਸਾਡੇ ਨਾਲ ਐਡਟਿੰਗ-ਰੂਮ ਦੇ ਬਾਹਰ ਬੈਠਾ ਗੱਪਾਂ ਮਾਰ ਰਿਹਾ ਸੀ। ਉਥੇ ਸਲੀਲ ਚੌਧਰੀ ਅਤੇ ਕਈ ਹੋਰ ਉਪਰੇ ਵਿਅਕਤੀ ਘੁੰਮ ਫਿਰ ਰਹੇ ਸਨ। ਸਲੀਲ ਨੂੰ ਵੇਖਕੇ ਕਾਫ਼ੀ ਅਚੰਭਾ ਹੋਇਆ। ਉਹ ਕਾਫ਼ੀ ਪਤਲਾ, ਛੋਟੇ ਕੱਦ ਦਾ ਅਤੇ ਕਾਲੇ ਸ਼ਾਹ ਰੰਗ ਦਾ ਸੀ। ਉਸਦੇ ਹੱਥ ਵਿੱਚ ਕੈਪਸਟਨ ਸਿਗਰਿਟ ਦਾ ਪੈਕਿਟ ਸੀ। ਉਸਦਾ ਅੰਗ ਅੰਗ ਮਚ ਰਿਹਾ ਸੀ। ਉਸਦੇ ਮੁਕਾਬਲੇ ਵਿੱਚ ਗੁਲਜ਼ਾਰ ਕਾਫ਼ੀ ਹੌਲੀ ਚਲਦਾ ਨਜ਼ਰ ਆਉਂਦਾ ਸੀ। ਜਿਵੇਂ ਉਹ ਆਪਣੀ ਜ਼ਿੰਦਗੀ ਦੀ ਖੇਡ ਵਿੱਚ ਹਰ ਕਦਮ ਤੋਲ ਮਿਣ ਕੇ ਰੱਖ ਰਿਹਾ ਹੋਵੇ। ਜਿਵੇਂ ਬੰਗਾਲੀ ਸਾਹਿਤ ਤੇ ਬੰਗਾਲੀ ਫ਼ਿਲਮਾਂ ਸਲੋਅ ਐਂਡ ਸਟਲ ਹਨ।

ਕੁਝ ਸਮਾਂ ਪਿਛੋਂ ਬੰਬਈ ਨੌਂ ਸਾਲ ਬਿਤਾਉਣ ਉਪਰ ਮੈਂ ਪੰਜਾਬ ਵਾਪਸ ਆ ਗਿਆ। ਇਥੇ ਗੁਲਜ਼ਾਰ ਦੀਆਂ ਸਰਗਰਮੀਆਂ ਬਾਰੇ, ਉਸਦੀਆਂ ਫ਼ਿਲਮਾਂ ਤੋਂ ਪਤਾ ਲੱਗਦਾ ਰਿਹਾ। ਜਦ ਮੈਂ 'ਕੋਸ਼ਿਸ਼' ਵੇਖੀ ਤਾਂ ਮਹਿਸੂਸ ਹੋਇਆ ਕਿ ਗੁਲਜ਼ਾਰ ਕੋਲ ਕੁਝ ਅਜਿਹਾ ਪਰਦਾ ਸਕਰੀਨ ਤੇ ਕਰਨ ਲਈ ਮੌਜੂਦ ਹੈ ਜੋ ਪੀ. ਚੀ. ਬਰੂਆ, ਬਿਪਲ ਰਾਏ, ਜਾਂ-ਰਿਸ਼ੀ ਕੇਸ਼ ਮੁਕਰਜੀ ਤੋਂ ਵੱਖਰਾ ਹੈ। ਮੈਂ ਬੰਗਾਲੀ ਹੀ ਨਿਰਦੇਸ਼ਕਾਂ ਦੇ ਨਾਂ ਇਸ ਲਈ ਲਿਖੇ ਹਨ ਕਿ ਇਨ੍ਹਾਂ ਤੋਂ ਛੁਟ ਦੂਜੇ ਸਾਰੇ ਤਕਰੀਬਨ ਫਾਰਮੂਲਾ ਜਾਂ ਕਮਰਸ਼ਲ ਫ਼ਿਲਮਾਂ ਬਣਾਉਂਦੇ ਹਨ। ਮੈਂ ਸਤਿਆਜੀਤ ਰੇਅ ਦਾ ਨਾਂ ਜਾਣ-ਬੁਝ ਕੇ ਨਹੀਂ ਲਿਖਿਆ। ਕਿਉਂਕਿ ਉਸਦੀ ਰਾਤੇ ਓਹੀ ਹੀ ਜੰਮਿਆ ਸੀ। ਮੈਂ ਤਕਰੀਬਨ ਉਸਦੀਆਂ ਸਾਰੀਆਂ ਫ਼ਿਲਮਾਂ ਅਸਲ ਬੰਗਲਾਂ ਵਿੱਚ ਹੀ ਵੇਖੀਆਂ ਹਨ। ਉਪਰੋਕਤ ਵਿਅਕਤੀ ਜਾਂ ਗੁਲਜ਼ਾਰ ਉਸ ਤੋਂ ਕੋਹਾਂ ਪਿੱਛੇ ਹਨ। ਪਰ ਇਨ੍ਹਾਂ ਕੋਲ ਕੁਝ ਨਾ ਕੁਝ ਆਪਣਾ ਜ਼ਰੂਰ ਹੈ। ਗੁਲਜ਼ਾਰ ਕੋਲ ਵੀ ਅਨੋਖੀ ਫ਼ਿਲਮ ਸ਼ੈਲੀ ਹੈ।

ਫਿਰ ਕੁਝ ਸਮੇਂ ਪਿੱਛੋਂ ਗੁਲਜ਼ਾਰ ਦੇ ਰਾਖੀ ਨਾਲ ਸੰਬੰਧਾਂ ਬਾਰੇ ਅਖ਼ਬਾਰਾਂ ਵਿੱਚ ਖ਼ਬਰਾਂ ਛੱਪਣ ਲੱਗੀਆਂ। ਫਿਰ ਇਕ ਦਿਨ ਅਖ਼ਬਾਰ ਵਿੱਚ ਉਨ੍ਹਾਂ ਦੇ ਵਿਆਹ ਦੀ ਖ਼ਬਰ ਛਪੀ। ਇਸ ਮੁਬਾਰਕ ਮੌਕੇ ਤੇ ਬੇਗਮ ਅਖ਼ਤਰ ਨੇ ਆਪਣੀ ਆਵਾਜ਼ ਦੇ ਜੌਹਰ ਵਿਖਾਏ।

*****

ਇਕ ਬੰਬਈ ਦੇ ਦਿਨਾਂ ਦੀ ਗੱਲ ਯਾਦ ਆਈ ਹੈ ਜੋ ਇੱਥੇ ਲਿਖਣੀ ਗੈਰ-ਜ਼ਰੂਰੀ ਨਹੀਂ ਹੋਵੇਗੀ। ਗੁਲਜ਼ਾਰ ਮੀਨਾ ਕੁਮਾਰੀ ਦੇ ਇਸ਼ਕ ਦੇ ਚਰਚੇ ਜ਼ੋਰਾਂ 'ਤੇ ਸਨ। ਇਕ ਦਿਨ ਦਿੱਲੀ ਗੁਲਜ਼ਾਰ ਦੇ ਭਰਾ ਦੀ ਮੌਤ ਹੋ ਗਈ ਜਿਸਦਾ ਨਾਂ ਸ਼ਾਇਦ ਤਰਲੋਚਨ ਸਿੰਘ ਸੀ ਅਤੇ ਜੋ (ਸ਼ਾਇਦ) ਆਲ ਇੰਡੀਆ ਰੇਡੀਓ 'ਤੇ ਕਰਮਚਾਰੀ ਸੀ। ਹੁਣ ਇਹ ਗੱਲ ਠੀਕ ਤਰ੍ਹਾਂ ਯਾਦ ਨਹੀਂ ਕਿ ਕੀ ਇਹ ਮੌਤ ਕੁਦਰਤੀ ਮੌਤ ਸੀ ਜਾਂ ਖੁਦਕੁਸ਼ੀ। ਗੁਲਜ਼ਾਰ ਇਸ ਮੌਤ 'ਤੇ ਦਿੱਲੀ ਜ਼ਰੂਰ ਗਿਆ। ਕਈ ਸਾਲ ਬੀਤਣ

ਤੋਂ ਪਿੱਛੋਂ ਦਿੱਲੀ ਜਾਂ ਸ਼ਾਇਦ ਅੰਮ੍ਰਿਤਸਰ ਦੇ ਕਿਸੇ ਮਿੱਤਰ ਨੇ ਇਹ ਗੱਲ ਸੁਣਾਈ, "ਗੁਲਜ਼ਾਰ ਭਰਾ ਦੀ ਅਰਥੀ ਨਾਲ ਜਾਂਦਾ ਜਾਂਦਾ ਆਖਣ ਲੱਗਾ-ਠਹਿਰੋ ਪਹਿਲਾਂ ਮੈਂ ਮੀਨਾ ਕੁਮਾਰੀ ਨੂੰ ਟੈਲੀਫੋਨ ਕਰ ਲਵਾਂ।" ਹੁਣ ਇਹ ਗੱਲ ਪੂਰੀ ਤਰ੍ਹਾਂ ਯਾਦ ਨਹੀਂ ਆ ਰਹੀ ਕਿ ਇਹ ਗੱਲ ਕਿਸ ਨੇ ਸੁਣਾਈ ਸੀ। ਸ਼ਾਂਤੀ ਦੇਵ ਸੀ ਜਾਂ ਮੋਹਨਜੀਤ ਜਾਂ ਫਿਰ ਸਤਪਾਲ।

ਫਿਰ ਗੁਲਜ਼ਾਰ ਦੀ ਰਾਖੀ ਨਾਲ ਸ਼ਾਦੀ ਦਾ ਜੋ ਹਸ਼ਰ ਹੋਇਆ ਉਹ ਵੀ ਕਿਸੇ ਤੋਂ ਲੁਕਿਆ ਨਹੀਂ। ਰਾਖੀ ਗੁਲਜ਼ਾਰ ਕੋਲੋਂ ਚਲੀ ਗਈ ਪਰ ਉਸਨੂੰ ਇਕ ਲੜਕੀ ਬੋਸਕੀ ਦੇ ਗਈ। ਜੋ ਸ਼ੁਰੂ ਵਿੱਚ ਕਦੀ ਰਾਖੀ ਅਤੇ ਕਦੀ ਗੁਲਜ਼ਾਰ ਕੋਲ ਬਚਪਨ ਦੇ ਦਿਨ ਬਿਤਾਉਂਦੀ। ਫਿਰ ਉਹ ਮੇਘਨਾ ਦੇ ਰੂਪ ਵਿੱਚ ਜਵਾਨ ਹੋਈ ਅਤੇ ਗੁਲਜ਼ਾਰ ਨਾਲ ਹੀ ਉਸਦਾ ਵਧੇਰੇ ਲਗਾਓ ਹੋ ਗਿਆ। ਇਸ ਟੁੱਟ ਭੱਜ ਦੇ ਦੌਰਾਨ ਗੁਲਜ਼ਾਰ ਦੀ ਫ਼ਿਲਮ ਕਲਾ ਨੇ ਕਾਫ਼ੀ ਉੱਨਤੀ ਕੀਤੀ। ਉਸਨੇ ਛੋਟੇ ਪਰਦੇ ਲਈ 'ਮਿਰਜ਼ਾ ਗਾਲਬ' ਲੜੀਵਾਰ ਬਣਾਇਆ ਜੋ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤਾ।

1970 ਦੇ ਅੰਤ ਤੋਂ ਲੈ ਕੇ 1990 ਦੇ ਆਰੰਭ ਦੇ ਸਾਲਾਂ ਤੱਕ ਪੰਜਾਬ ਨੇ ਤਕਰੀਬਨ ਡੇਢ ਦਹਾਕਾ ਵੱਡਾ ਸੰਤਾਪ ਹੰਢਾਇਆ। ਕਈ ਬੇਦੋਸ਼ੇ ਮੌਤ ਦੇ ਘਾਟ ਉਤਾਰੇ ਗਏ। ਕਈ ਲੋਕ ਪੰਜਾਬੋਂ ਡਰਦੇ ਮਾਰੇ ਹਿਜ਼ਰਤ ਕਰ ਗਏ। ਪਹਿਲੇ ਕੁਝ ਵਰ੍ਹੇ ਤਾਂ ਪੁਲਿਸ ਤਮਾਸ਼ਾਈ ਬਣੀ ਵੇਖਦੀ ਰਹੀ। ਫਿਰ ਬਲਿਊ ਸਟਾਰ ਨਾਂ ਹੇਠ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਫ਼ੌਜ ਨਾਲ ਧਾਵਾ ਬੋਲਿਆ ਗਿਆ। ਕਈ ਹੋਰ ਗੁਰਧਾਮ ਵੀ ਫ਼ੌਜੀ ਜ਼ਬਰ ਦਾ ਸ਼ਿਕਾਰ ਬਣੇ। ਫਿਰ ਫ਼ੌਜ ਗੁਰਦਵਾਰਿਆਂ ਅਤੇ ਪੰਜਾਬ ਵਿੱਚੋਂ ਬਾਹਰ ਕੱਢ ਲਈ ਗਈ। ਕਈ ਝੂਠੇ ਸੱਚੇ ਪੁਲਿਸ ਮੁਕਾਬਲੇ ਹੋਣ ਲੱਗੇ। ਕਈ ਨਿਰਦੋਸ਼ ਲੋਕਾਂ ਨੂੰ ਪੁਲਿਸ ਦੇ ਸੰਗੀਨਾਂ ਦਾ ਜ਼ਬਰ ਸਹਿਣਾ ਪਿਆ।

ਸ਼ੱਕ ਦੀ ਬਣਾ ਉਪਰ ਕਈ ਅਜਿਹੇ ਲੋਕ ਵੀ ਪੁਲਿਸ ਜਬਰ ਦਾ ਸ਼ਿਕਾਰ ਬਣੇ ਜਿਨ੍ਹਾਂ ਦਾ ਅਤਿਵਾਦ ਜਾਂ ਦਹਿਸ਼ਤ ਗਰਦੀ ਨਾਲ ਦੂਰ ਦਾ ਵੀ ਵਾਸਤਾ ਨਹੀਂ ਸੀ। ਇਸ ਖ਼ੂਨੀ ਕਾਂਡ ਦੌਰਾਨ ਦੂਰਦੁਰਾਡੇ ਬੈਠੇ ਪੰਜਾਬੀਆਂ ਦੇ ਦਿਲ ਵੀ ਵਿੰਨੇ ਗਏ। ਉਨ੍ਹਾਂ ਨੇ ਆਪਣੇ-ਆਪਣੇ ਢੰਗ ਨਾਲ ਪੰਜਾਬ ਤੇ ਢਾਏ ਜਾਣ ਵਾਲੇ ਜ਼ੁਲਮ ਤੇ ਕੀਰਨੇ ਪਾਏ। ਭਾਵੇਂ ਇਹ ਜ਼ੁਲਮ ਅਤਿਵਾਦੀਆਂ ਅਥਵਾ ਦਹਿਸ਼ਤ ਗਰਦਾਂ ਹੱਥੋਂ ਤੇ ਭਾਵੇਂ ਪੁਲਿਸ ਹੱਥੋਂ। ਸੈਂਕੜੇ ਲਾਸ਼ਾਂ ਲਾਵਾਰਸ ਕਰਾਰ ਦੇ ਕੇ ਦੂਰ ਦੁਰਾਡੇ ਖੇਤਾਂ ਵਿੱਚ ਸਾੜ ਦਿੱਤੀਆਂ ਗਈਆਂ। ਕਈਆਂ ਦੇ ਅੰਤਮ ਸੰਸਕਾਰ ਵੀ ਹੋਣੋ ਰਹਿ ਗਏ।

ਇਸ ਵਰਤਾਏ ਗਏ ਭਾਣੇ ਅਤੇ ਜਬਰ ਉਪਰ ਗੁਲਜ਼ਾਰ ਵੀ ਚੁੱਪ ਨਾ ਰਹਿ ਸਕਿਆ। ਉਸ ਨੇ ਇਸੇ ਵਿਸ਼ੇ ਉਪਰ ਇਕ ਲਾਜੁਵਾਬ ਫ਼ਿਲਮ 'ਮਾਚਿਸ' ਬਣਾਈ ਜਿਸ ਵਿੱਚ ਪੁਲਿਸ ਦੀਆਂ ਵਧੀਕੀਆਂ ਨੂੰ ਨੰਗਾ ਕਰਨ ਦੇ ਨਾਲ ਨਾਲ ਇਹ ਵੀ ਉਜਾਗਰ ਕੀਤਾ ਗਿਆ ਕਿ ਦਹਿਸ਼ਤਵਾਦ ਨੂੰ ਜਨਮ ਦੇਣ ਵਾਲਾ ਅਸਲ ਦੋਸ਼ੀ ਕੌਣ ਸੀ। ਇਹ ਫ਼ਿਲਮ ਬਹੁਤ ਪਸੰਦ ਕੀਤੀ ਗਈ। ਪਿਛਲੇ ਸਾਲ ਗੁਲਜ਼ਾਰ ਨੂੰ ਭਾਰਤ ਸਰਕਾਰ ਨੇ ਪਦਮ ਭੂਸ਼ਨ ਪੁਰਸਕਾਰ ਨਾਲ ਸਨਮਾਨਿਆ ਹੈ।

ਦੂਜੇ ਪਾਸੇ ਰਾਖੀ ਨੇ ਫ਼ਿਲਮਾਂ ਵਿੱਚ ਮੁੜ ਤੋਂ ਅਭਿਨੈ ਕਰਨਾ ਆਰੰਭ ਕਰ ਦਿੱਤਾ। ਬੇਸ਼ੱਕ ਹੁਣ ਉਸ ਹੀਰੋਇਨ ਨਹੀਂ ਸਗੋਂ ਕਰੈਕਟਰ ਅਦਾਕਾਰਾ ਦੀ ਭੂਮਿਕਾ ਨਿਭਾਉਂਦੀ ਹੈ। ਪਰ ਉਹ ਇਨ੍ਹਾਂ ਭੂਮਿਕਾਵਾਂ ਵਿੱਚ ਵੀ ਦਰਸ਼ਕਾਂ ਕੋਲੋਂ ਆਪਣੀ ਕਲਾ ਦਾ ਲੋਹਾ ਮੰਨਵਾ ਲੈਂਦੀ ਹੈ। ਉਸਦੀ ਅਭਿਨੈ ਕਲਾ ਵੱਲ ਤਕ ਕੇ ਆਖੀਦਾ ਹੈ ਕਿ ਗੁਲਜ਼ਾਰ ਦਾ ਉਸ ਕੋਲੋਂ ਫ਼ਿਲਮਾਂ 'ਚੋਂ ਸੰਨਿਆਸ ਦਵਾਉਣਾ ਉਚਿਤ ਨਹੀਂ ਸੀ।



## ਅਲਫ਼ ਲੈਲਾ ਵਾਲਾ ਸਰ ਰਿਚਰਡ ਬਰਟਨ/ਇਬਨ-ਏ-ਇਨਸ਼ਾ

ਮੈਂ 1970 ਵਿਚ ਲੰਦਨ ਗਿਆ। ਜ਼ਰੂਰੀ ਕੰਮਾਂ ਤੋਂ ਵਿਹਲ ਮਿਲਦੀ ਤਾਂ ਮੈਂ ਲਾਇਬਰੇਰੀਆਂ ਤੇ ਇਤਿਹਾਸਕ ਥਾਵਾਂ ਵੇਖਦਾ ਫਿਰਦਾ ਸੀ। ਮੈਂ ਸਰ ਰਿਚਰਡ ਬਰਟਨ ਦੀ ਨਿੱਜੀ ਲਾਇਬਰੇਰੀ ਤੇ ਉਹਦਾ ਮਕਬਰਾ ਵੇਖਣਾ ਚਾਹੁੰਦਾ ਸੀ ਜਿਹੜਾ ਮਾਰਟ ਲੇਕ ਦੇ ਕਬਰਸਤਾਨ ਵਿਚ ਏ। ਉਹਨੂੰ ਮਾਰਬਲ ਟੈਂਟ ਕਿਹਾ ਜਾਂਦਾ ਹੈ। ਮੈਂ ਕਈ ਦਿਨ ਲੋਕਾਂ ਨੂੰ ਪੁੱਛਦਾ ਰਿਹਾ ਕਿ ਮਾਰਟ ਲੇਕ ਕਿਥੇ ਹੈ ਤੇ ਉਸ ਦਾ ਕਬਰਸਤਾਨ ਕਿਥੇ ਕੁ ਹੈ ? ਪਰ ਕੋਈ ਦੱਸ ਨਾ ਸਕਿਆ। ਬੜੀ ਮੁਸ਼ਕਿਲ ਨਾਲ ਪਤਾ ਲੱਗਾ ਤੇ ਮੈਂ ਮਾਰਟ ਲੇਕ ਗਿਆ ਪਰ ਕਬਰਸਤਾਨ ਦਾ ਕੁਝ ਪਤਾ ਨਾ ਲੱਗਾ। ਇਕ ਬੰਦੇ ਨੇ ਦੱਸਿਆ ਕਿ ਸਿੱਧੇ ਜਾ ਕੇ ਖੱਬੇ ਪਾਸੇ ਮੁੜੋਗੇ ਤਾਂ ਅੱਗੇ ਰੇਲ ਦਾ ਪੁਲ ਏ। ਪੁਲ ਦੇ ਪਾਰ ਜਾ ਕੇ ਕਬਰਿਸਤਾਨ ਹੈ। ਅਖੀਰ ਮੈਂ ਕਬਰਿਸਤਾਨ 'ਚ ਪੁੱਜ ਗਿਆ। ਗੋਰਿਆਂ ਦੇ ਕਬਰਸਤਾਨ ਦਾ ਵਾਤਾਵਰਨ ਕੁਝ ਅਜੀਬ ਜਿਹਾ ਪੁਰ-ਸਕੂਨ ਹੁੰਦਾ ਹੈ। ਦਰਖ਼ਤ, ਇੱਲਾਂ, ਕੁੱਤੇ, ਬੰਦਾ ਨਾ ਬੰਦੇ ਦੀ ਜਾਤ। ਮੈਂ ਏਧਰ ਉਧਰ ਵੇਖਿਆ। ਮਾਰਬਲ ਟੈਂਟ ਜਿਹੜਾ ਮੇਰੀ ਨਜ਼ਰ 'ਚ ਸੀ ਤੇ ਜਿਹਦੀ ਤਸਵੀਰ ਮੈਂ ਵੇਖੀ ਹੋਈ ਸੀ, ਕਿਧਰੇ ਨਾ ਦਿੱਸਿਆ। ਮੈਂ ਕਬਰਾਂ 'ਤੇ ਲੱਗੀਆਂ ਪੱਥਰ ਦੀਆਂ ਸਿਲਾਂ ਪੜ੍ਹਨੀਆਂ ਸ਼ੁਰੂ ਕੀਤੀਆਂ। 1890 ਦਾ ਬਣਿਆ ਹੋਇਆ ਸ਼ਾਇਦ ਹੁਣ ਤਕ ਢਹਿ ਗਿਆ ਹੋਣਾ ਹੈ। ਬੜੀਆਂ ਪੁਰਾਣੀਆਂ ਕਬਰਾਂ ਸਨ। ਉਨੀਵੀਂ ਸਦੀ ਦੇ ਆਰੰਭ ਦੀਆਂ ਤੇ ਬਾਅਦ ਦੀਆਂ ਵੀ। ਦਰਖ਼ਤਾਂ ਦੇ ਝੁੰਡ 'ਚ ਜਾ ਕੇ ਵੀ ਵੇਖਿਆ। ਅਖੀਰ ਇਕ ਕੋਨੇ 'ਚ ਇਕ ਬੰਦਾ ਮਸ਼ੀਨ ਨਾਲ ਘਾਹ ਕੱਟਦਾ ਦਿੱਸਿਆ। ਉਸ ਕੋਲੋਂ ਸਰ ਰਿਚਰਡ ਬਰਟਨ ਦੀ ਕਬਰ ਬਾਰੇ ਪੁੱਛਿਆ। ਉਹਨੇ ਇਹ ਨਾਂ ਸੁਣਿਆ ਹੋਇਆ ਸੀ। ਕਬਰ ਲੱਭਣ 'ਚ ਮੇਰੇ ਨਾਲ ਸ਼ਾਮਿਲ ਹੋ ਗਿਆ। ਅਖੀਰ ਉਹਨੇ ਕਿਹਾ-'ਲਾਈਨ ਦੇ ਪਾਰ ਜਿੱਧਰੋਂ ਤੁਸੀਂ ਆਏ ਹੋ ਜ਼ਰਾ ਕੁ ਅੱਗੇ ਜਾ ਕੇ ਗਿਰਜੇ ਦੇ ਪਰਲੇ ਪਾਸੇ ਰੋਮਨ ਕੈਥੋਲਿਕ ਕਬਰਿਸਤਾਨ ਏ। ਹੋ ਸਕਦਾ ਏ ਬਰਟਨ ਦੀ ਕਬਰ ਉਥੇ ਹੋਵੇ।' ਮੈਨੂੰ ਵੀ ਚੇਤੇ ਆ ਗਿਆ ਕਿ ਬਰਟਨ ਦੀ ਵਿਧਵਾ ਜਿਹੜੀ ਕੱਟੜ ਰੋਮਨ ਕੈਥੋਲਿਕ ਸੀ, ਨੇ ਬਰਟਨ ਦੇ ਹੋਰ ਰਿਸ਼ਤੇਦਾਰਾਂ ਤੇ ਦੋਸਤਾਂ ਦੇ ਵਿਰੋਧ ਦੇ ਬਾਵਜੂਦ ਬਰਟਨ ਦੀਆਂ ਆਖਰੀ ਰਸਮਾਂ ਰੋਮਨ ਕੈਥੋਲਿਕ ਤਰੀਕੇ ਨਾਲ ਪੂਰੀਆਂ ਕੀਤੀਆਂ ਸਨ ਤੇ ਉਹਨੂੰ ਦਫਨਾਇਆ ਵੀ ਕੈਥੋਲਿਕ ਕਬਰਸਤਾਨ ਵਿੱਚ ਸੀ। ਭਾਵੇਂ ਬਰਟਨ ਜਨਮ ਤੋਂ ਪ੍ਰੋਟੈਸਟੈਂਟ ਸੀ ਤੇ ਈਸਾਈਅਤ ਦੇ ਖਿਲਾਫ ਸੀ। ਕਈ ਲੋਕਾਂ ਦਾ ਵਿਚਾਰ ਹੈ ਕਿ ਉਹ ਲੁਕਵੇਂ ਤੌਰ 'ਤੇ ਮੁਸਲਮਾਨ ਹੋ ਗਿਆ ਸੀ। ਇਸ 'ਚ ਕੋਈ ਸ਼ੱਕ ਨਹੀਂ ਕਿ ਜੇ ਉਹ ਕਿਸੇ ਧਰਮ ਦਾ ਕਾਇਲ ਸੀ ਤਾਂ ਉਹ ਧਰਮ ਇਸਲਾਮ ਈ ਸੀ। ਮਿਊ ਨੇ ਇਸਲਾਮ ਤੇ ਇਸਲਾਮ ਦੇ ਪੈਗੰਬਰ ਦੇ ਖਿਲਾਫ਼ ਜਿਹੜੀ ਪੁਸਤਕ ਲਿਖੀ ਸੀ, ਬਰਟਨ ਨੇ ਬੜੇ ਮਾਅਕੂਲ ਤਰੀਕੇ ਨਾਲ ਉਸਦਾ ਜਵਾਬ ਦਿੱਤਾ ਸੀ। ਇਸ ਤੋਂ ਵੀ ਪਤਾ ਲੱਗਦਾ ਹੈ ਕਿ ਬਰਟਨ ਮੁਸਲਮਾਨ ਹੋ ਗਿਆ ਹੋਣਾ ਹੈ।

ਖੈਰ ਗੱਲ ਤਾਂ ਕਬਰਸਤਾਨ ਦੀ ਪਈ ਹੁੰਦੀ ਸੀ। ਮੈਂ ਗਿਰਜਾ ਘਰ ਪੁੱਜਾ ਜਿਹੜਾ ਬੜਾ ਵੀਰਾਨ ਜਿਹਾ ਸੀ। ਉਹਦੇ ਵਿਹੜੇ 'ਚ ਕੁਝ ਕਾਰੀਗਰ ਲਕੜੀ ਦਾ ਕੰਮ ਕਰ ਰਹੇ ਸਨ। ਮੈਂ ਚੁੱਪ ਕਰਕੇ ਉਹਦੇ ਪਿਛਲੇ ਪਾਸੇ ਚਲਾ ਗਿਆ ਜਿਥੇ ਕਬਰਸਤਾਨ ਸੀ। ਬਹੁਤ ਹੀ ਛੋਟਾ ਜਿਹਦੇ ਵਿੱਚ ਗੋਡੇ-ਗੋਡੇ ਘਾਹ ਉਗਿਆ ਹੋਇਆ ਸੀ ਤੇ ਵੱਡੇ-ਵੱਡੇ ਛੱਤਰਾਂ ਵਾਲੇ ਰੁੱਖ। ਕੁਝ ਮੁੰਡੇ ਰੁੱਖਾਂ ਨੂੰ ਵੱਟੇ ਪਏ ਮਾਰਦੇ ਸੀ।

ਖੱਬੇ ਹੱਥ ਮੈਨੂੰ ਮਾਰਬਲ ਟੈਂਟ ਨਜ਼ਰ ਆਇਆ। ਕਬਰਾਂ ਵਿੱਚੋਂ ਤੇ ਘਾਹ 'ਚੋਂ ਲੰਘ ਕੇ ਮੈਂ ਉਥੇ ਪਹੁੰਚਿਆ। ਪਤਾ ਨਹੀਂ ਕਿੰਨੇ ਚਿਰਾਂ ਪਿੱਛੋਂ ਕੋਈ ਬੰਦਾ ਉਥੇ ਆਇਆ ਹੋਵੇਗਾ। ਤਾਂ ਇਹ ਸੀ ਮਾਰਬਲ ਟੈਂਟ। ਉਸ ਬੰਦੇ ਦੀ ਆਖਰੀ ਆਰਾਮ-ਗਾਹ ਜਿਹੜਾ ਦੁਨੀਆਂ ਭਰ 'ਚ ਘੁੰਮਦਾ ਰਿਹਾ। ਟੈਂਟ

ਦੀ ਬਨਾਵਟ ਅਰਬੀ ਤਰੀਕੇ ਦੀ ਸੀ। ਉਸ ਦੇ ਹਾਸ਼ੀਏ 'ਤੇ ਚੰਨ ਤਾਰੇ ਵੀ ਬਣੇ ਹੋਏ ਹਨ ਤੇ ਟੀਸੀ ਉੱਤੇ ਤਿੰਨ ਕੋਨਿਆਂ ਵਾਲਾ ਤਾਰਾ ਤੇ ਸਿਲਵਟਾਂ ਵੀ ਬਣਾਈਆਂ ਗਈਆਂ ਸਨ ਪਰ ਟੈਂਟ ਦਾ ਰੰਗ ਕਾਲਾ ਪੈ ਚੁੱਕਾ ਹੈ। ਪਤਾ ਨਹੀਂ ਕੀ ਮਸਾਲਾ ਵਰਤਿਆ ਗਿਆ ਹੈ। ਮਾਰਬਲ ਤਾਂ ਬਿਲਕੁਲ ਨਹੀਂ। ਇਸ ਟੈਂਟ ਦਾ ਦਰਵਾਜ਼ਾ ਪਹਿਲਾਂ ਖੁੱਲ੍ਹਾ ਸੀ ਪਰ ਬਰਟਨ ਦੀ ਵਿਧਵਾ ਜਿਹੜੀ ਉਸ ਤੋਂ ਛੇ ਸਾਲ ਮਗਰੋਂ 1896 ਵਿੱਚ ਮੋਈ ਸੀ, ਕਈ-ਕਈ ਮਹੀਨੇ ਇਸ ਟੈਂਟ ਵਿੱਚ ਆ ਕੇ ਰਹਿੰਦੀ ਹੁੰਦੀ ਸੀ। ਉਠਾਂ ਦੇ ਗਲ 'ਚ ਪਾਉਣ ਵਾਲੀਆਂ ਟੱਲੀਆਂ ਇਸ ਦੇ ਅੰਦਰ ਲਮਕਦੀਆਂ ਹੁੰਦੀਆਂ ਸਨ। ਹੁਣ ਦਰਵਾਜ਼ੇ ਦੇ ਬਾਹਰਵਾਰ ਸੀਮਿੰਟ ਦੀ ਇਕ ਕਿਤਾਬ ਰੱਖੀ ਹੋਈ ਹੈ ਜਿਹਦੇ ਉੱਤੇ ਪਤੀ-ਪਤਨੀ ਦੇ ਨਾਂ ਲਿਖੇ ਹੋਏ ਹਨ। ਇਸ ਤੋਂ ਕੁਝ ਫਾਸਲੇ 'ਤੇ ਆਇਤਾਕਾਰ ਪੱਥਰ ਦੀ ਸਿਲ ਹੈ ਜਿਹਦੇ ਉੱਤੇ ਉਭਰੇ ਹੋਏ ਅੱਖਰਾਂ 'ਚੋਂ ਕੁਝ ਝੜ ਚੁੱਕੇ ਨੇ ਤੇ ਕੁਝ ਬਾਕੀ ਹਨ। ਘਾਹ ਨੂੰ ਉੱਤੋਂ ਹਟਾ ਕੇ ਮੈਂ ਇਹ ਵਾਕ ਨਕਲ ਕੀਤੇ

"ਰਿਚਰਡ ਬਰਟਨ"

"ਅਲਵਿਦਾ ਪਿਆਰੇ ਦੋਸਤ। ਐ ਮਹਾਨ ਤੇ ਸਵਰਗਵਾਸੀ ਹਸਤੀ। ਜ਼ਿੰਦਗੀ ਖ਼ਤਮ ਹੋਈ ਤੇ ਉਸ ਦੀਆਂ ਬੇਪਨਾਹ ਖ਼ੁਸ਼ੀਆਂ ਵੀ ਤੇ ਬੇਪਨਾਹ ਖਤਰੇ ਵੀ।"

ਉਹ ਜਿਹਦੇ ਲਈ ਜ਼ਿੰਦਗੀ ਖਤਰੇ 'ਚ ਪਾਉਣਾ ਇਕ ਖੇਡ ਸੀ। ਜਿਹੜਾ ਇਸ ਤਰ੍ਹਾਂ ਲੱਗਦਾ ਸੀ ਕਿ ਖੰਜਰ, ਨੇਜ਼ੇ ਤੇ ਗੋਲੀ ਦੇ ਮੁਕਾਬਲੇ 'ਚ ਵੀ ਸੁਰੱਖਿਅਤ ਹੈ। ਹੁਣ ਜ਼ਿੰਦਗੀ ਦੀ ਲੜਾਈ ਦੇ ਮੈਦਾਨ 'ਚੋਂ ਮੂੰਹ ਮੋੜ ਕੇ ਇਥੇ ਚੁੱਪ-ਚਾਪ ਆਰਾਮ ਕਰ ਰਿਹਾ ਹੈ। ਪਰ ਇੰਗਲੈਂਡ ਇਸ ਮਹਾਨ ਹਸਤੀ ਦੀ ਦੁੱਖੀ ਤੇ ਗ਼ਮਗੀਨ ਵਿਧਵਾ ਦੇ ਦੁਖ ਵਿੱਚ ਸ਼ਾਮਿਲ ਹੈ। ਇਸ ਦੇਸ਼ ਦੇ ਆਖਰੀ ਤੇ ਮਹਾਨ ਨਾਈਟ। ਹਥਿਆਰਾਂ ਦੀ ਹਦੋਂ ਵੱਧ ਵਰਤੋਂ ਕਰਨ ਵਾਲੇ ਇੰਗਲੈਂਡ ਦੇ ਨਾਗਰਿਕ। ਅਰਬ ਸ਼ੇਖ਼। ਪੂਰਬ ਦੇ ਗੱਵੀਏ। 'ਅਲਫ਼ ਲੈਲਾ' ਦੇ ਸਦਾ ਬਹਾਰ ਅਜੂਬਿਆਂ ਦੇ ਪ੍ਰੇਮੀ ਜਿਸ ਦੀ ਆਤਮਾ ਹਮੇਸ਼ਾ ਨਵੀਆਂ ਮੁਹਿਮਾਂ ਲਈ ਤੜਫਦੀ ਰਹੇਗੀ ਅਲਵਿਦਾ!

ਅਲਫ਼ ਲੈਲਾ ਦਾ ਅਨੁਵਾਦਕ ਬਰਟਨ ਬੜਾ ਅਜੀਬ ਬੰਦਾ ਸੀ। ਸ਼ਾਇਦ ਈ ਕਿਸੇ ਹੋਰ ਬੰਦੇ ਵਿੱਚ ਇੰਨੇ ਸਾਰੇ ਗੁਣ ਇਕੱਠੇ ਹੋਏ ਹੋਣ। ਅਲਫ਼ ਲੈਲਾ ਦਾ ਅਨੁਵਾਦ ਕਰਨ ਲਈ ਪੂਰੀ ਇਕ ਜ਼ਿੰਦਗੀ ਚਾਹੀਦੀ ਹੈ ਪਰ ਬਰਟਨ ਨੇ ਇਹ ਕੰਮ ਤਿੰਨ ਚਾਰ ਸਾਲਾਂ ਵਿੱਚ ਈ ਪੂਰਾ ਕਰ ਦਿੱਤਾ। ਇਸ ਤੋਂ ਬਿਨ੍ਹਾਂ ਕੋਈ ਪੰਜਾਹ ਕੁ ਕਿਤਾਬਾਂ ਹੋਰ ਵੀ ਹਨ ਜਿਨ੍ਹਾਂ ਵਿੱਚ ਚਾਰ ਪੰਜ ਸਿੰਧ ਬਾਰੇ ਹਨ। ਬਰਟਨ 1842 ਵਿੱਚ ਭਾਰਤ ਆਇਆ ਸੀ। ਪਹਿਲਾਂ ਬੰਬਈ ਤੇ ਫਿਰ ਬੜੌਦਾ 'ਚ ਰਿਹਾ। ਇਸ ਤੋਂ ਮਗਰੋਂ ਕਰਾਚੀ ਵੀ ਗਿਆ। ਉਸ ਵੇਲੇ ਉਹ ਫ਼ੌਜ ਵਿੱਚ ਲੈਫਟੀਨੈਂਟ ਸੀ ਤੇ ਬਾਅਦ 'ਚ ਸਰਵੇ ਵਿਭਾਗ ਵਿੱਚ ਚਲਾ ਗਿਆ। ਬਰਟਨ ਕਈ ਜ਼ਬਾਨਾਂ ਦਾ ਮਾਹਿਰ ਸੀ ਜਿਨ੍ਹਾਂ ਵਿੱਚ ਯੂਰਪ ਦੀਆਂ ਸਾਰੀਆਂ ਜ਼ਬਾਨਾਂ ਅੰਗਰੇਜ਼ੀ, ਫਰਾਂਸੀਸੀ, ਜਪਾਨੀ, ਅਤਾਲਵੀ, ਜਰਮਨ, ਪੁਰਤਗੇਜ਼ੀ, ਲਾਤੀਨੀ ਤੇ ਯੂਨਾਨੀ ਤੋਂ ਇਲਾਵਾ ਉਰਦੂ, ਹਿੰਦੀ, ਸੰਸਕ੍ਰਿਤ, ਫਾਰਸੀ, ਅਰਬੀ, ਤੁਰਕੀ, ਮਰਹਟੀ, ਗੁਜਰਾਤੀ, ਸਿੰਧੀ, ਪੰਜਾਬੀ, ਮੁਲਤਾਨੀ (ਜਿਹਦੀ ਗਰੈਮਰ ਦੀ ਇਸ ਲਿਖੀ) ਅਤੇ ਚੀਨੀ ਸ਼ਾਮਿਲ ਹਨ। ਕਈ ਕਿਤਾਬਾਂ ਤਾਂ ਬਰਟਨ ਦੀ ਨਿੱਜੀ ਲਾਇਬਰੇਰੀ 'ਚ ਅਜਿਹੀਆਂ ਹੀ ਵੇਖੀਆਂ ਜਿਨ੍ਹਾਂ ਦੀ ਲਿਪੀ ਪਤਾ ਨਹੀਂ ਕੀ ਹੈ। ਅਫ਼ਰੀਕੀ ਕਿਤਾਬਾਂ ਦਾ ਜ਼ਿਕਰ ਕਰਨਾ ਮੈਂ ਭੁੱਲ ਗਿਆ ਹਾਂ। ਉਹ ਨਿਰਾ ਕਿਤਾਬੀ ਕੀੜਾ ਈ ਨਹੀਂ ਸੀ ਇਕ ਮੁਹਿਮਬਾਜ਼ ਵੀ ਸੀ। ਉਹਨੇ ਮੁਸਲਮਾਨਾਂ ਦੇ ਭੇਸ ਵਿੱਚ ਹੱਜ ਕੀਤਾ ਤੇ ਤਿੰਨ ਜਿਲਦਾਂ ਵਿੱਚ ਮੱਕਾ-ਮਦੀਨਾ ਦੀ ਯਾਤਰਾ ਕਥਾ ਵੀ ਲਿਖੀ।

ਅਫ਼ਰੀਕਾ 'ਚ ਇਹ ਹੱਰਾਰੇ ਗਿਆ। ਹਬਸੀਆਂ ਦੇ ਇਸ ਸ਼ਹਿਰ 'ਚ ਜਾਣ ਦੀ ਮਨਾਹੀ ਹੈ। ਇਸ ਤੋਂ ਪਹਿਲਾਂ ਕੋਈ ਵੀ ਯੂਰਪੀ ਉਥੇ ਨਹੀਂ ਸੀ ਗਿਆ। ਫਿਰ ਧੋਮੀ ਦੇ ਬਾਦਸ਼ਾਹ ਦੇ ਦਰਬਾਰ 'ਚ



ਗਿਆ। ਫਿਰ ਦਰਿਆ ਨੀਲ ਦਾ ਮੰਬਾਅ (ਨਿਕਲਣ ਦੀ ਥਾਂ) ਲੱਭਦਾ ਰਿਹਾ। ਜ਼ਖ਼ਮੀ ਹੋ ਕੇ ਬਿਮਾਰ ਹੋਇਆ ਤੇ ਕੈਦ ਵੀ ਹੋਇਆ। ਸੈਰ ਸਪਾਟੇ ਤੇ ਮੁਹਿਮਾਂ ਦਾ ਹਾਲ ਲਿਖਿਆ। ਪੱਛਮੀ ਅਫ਼ਰੀਕਾ ਦੇ ਅਖਾਣ ਇਕੱਠੇ ਕੀਤੇ। ਇਕ ਕਿਤਾਬ ਜ਼ੰਜਬਾਰ ਦੇ ਬਾਰੇ ਵੀ ਲਿਖੀ। ਮਿਸਰ ਦੇ ਰੇਗਿਸਤਾਨ ਸੀਨਾ ਵਿੱਚ ਸੋਨੇ ਦੀ ਭਾਲ ਵਿੱਚ ਖਾਣਾਂ ਪੁੱਟਣ ਦਾ ਕੰਮ ਵੀ ਕੀਤਾ। ਉਸ ਦੀ ਨਿੱਜੀ ਲਾਇਬਰੇਰੀ ਵਿੱਚ ਬਹੁਤ ਸਾਰੀਆਂ ਕਿਤਾਬਾਂ ਕਮਿਸਟਰੀ ਤੇ ਇੰਜਨੀਅਰਿੰਗ ਦੇ ਬਾਰੇ ਵੀ ਹਨ। ਤਕਰੀਬਨ ਹਰ ਕਿਤਾਬ ਤੇ ਇਸ ਦੇ ਹੱਥ ਦੇ ਲਿਖੇ ਹੋਏ ਵਿਸਥਾਰਪੂਰਵਕ ਹਾਸ਼ੀਏ ਵੀ ਹਨ। ਫਿਰ ਇਹ ਅਮਰੀਕਾ ਗਿਆ। ਇਸ ਦੀ ਇਕ ਕਿਤਾਬ ਬ੍ਰਾਜ਼ੀਲ ਬਾਰੇ ਵੀ ਹੈ। ਇਕ ਕਿਤਾਬ ਬੋਰਾਗੋਏ ਤੇ ਇਕ ਸਾਲਟ-ਲੇਕ (ਅਮਰੀਕਾ) ਦੇ ਮੋਰਮੋਨ ਫਿਰਕੇ ਦੇ ਪੈਗੰਬਰ ਬਾਰੇ ਵੀ ਲਿਖੀ ਜਿਹਨੂੰ ਇਹ ਮਿਲਿਆ ਸੀ। ਦਮਿਸ਼ਕ ਬਾਰੇ ਲਿਖੀ ਗਈ ਇਸ ਦੀ ਕਿਤਾਬ ਦਾ ਜ਼ਿਕਰ ਕਰਨਾ ਤਾਂ ਮੈਂ ਭੁੱਲ ਈ ਗਿਆ ਹਾਂ ਜਿਥੇ ਇਹ 1870 ਵਿੱਚ ਬਰਤਾਨਵੀ ਕੌਂਸਲ ਸੀ। ਮਰਾਕੋ ਜਾਣ ਦਾ ਇਛੁੱਕ ਸੀ ਪਰ ਇਸ ਦੇ ਅਖੱੜ ਸੁਭਾਅ ਨੇ ਦੁਸ਼ਮਣ ਬਹੁਤ ਬਣਾ ਲਏ ਸਨ। ਮਰਾਕੋ ਦੀ ਬਜਾਏ ਇਸ ਨੂੰ ਟੇਰੇਸਟ ਭੇਜਿਆ ਗਿਆ। 'ਅਲਫ਼ ਲੈਲਾ' ਦਾ ਅਨੁਵਾਦ ਤੇ 'ਪਰਫੀਉਮਡ ਗਾਰਡਨ' ਉਸੇ ਦੌਰ ਦੀਆਂ ਲਿਖਤਾਂ ਹਨ। ਇਸ ਦੀ ਇਕ ਬਹੁਤ ਮਸ਼ਹੂਰ ਕਿਤਾਬ 'ਏ ਬੁਕ ਆਫ਼ ਸੋਰਡ' ਦੁਨੀਆਂ ਜਹਾਨ ਦੀਆਂ ਤਲਵਾਰਾਂ ਬਾਰੇ ਹੈ। ਇਕ ਰਸਾਲਾ ਸੰਗੀਨਾਂ ਦੀ ਵਰਤੋਂ ਬਾਰੇ ਵੀ ਬਰਟਨ ਨੇ ਲਿਖਿਆ ਏ ਜਿਹੜਾ ਅੰਗਰੇਜ਼ਾਂ ਦੀ ਫ਼ੌਜ ਦੇ ਕੋਰਸ ਵਿੱਚ ਸ਼ਾਮਿਲ ਕਰ ਲਿਆ ਗਿਆ ਸੀ। ਬਹਾਦਰ ਅਲੀ ਹੁਸੈਨੀ ਦੀ ਕਿਤਾਬਤ 'ਇਖ਼ਲਾਕ ਏ ਹਿੰਦੀ' ਜਿਹੜੀ ਫੋਰਟ ਵਿਲੀਅਮ ਕਾਲਜ ਨੇ ਛਾਪੀ ਹੋਈ ਏ ਉਸ ਦਾ ਅਨੁਵਾਦ ਵੀ ਬਰਟਨ ਨੇ ਕੀਤਾ ਸੀ ਜਿਹੜਾ ਖਰੜੇ ਦੇ ਰੂਪ 'ਚ ਪਿਆ ਹੈ। ਹਾਫਿਜ਼ ਦੀਆਂ ਗ਼ਜ਼ਲਾਂ ਦਾ ਅਨੁਵਾਦ ਵੀ ਮੈਂ ਵੇਖਿਆ ਜਿਹਦਾ ਇਸ ਦੀ ਜੀਵਨੀ ਲਿਖਣ ਵਾਲਿਆਂ ਨੇ ਕਿਧਰੇ ਵੀ ਜ਼ਿਕਰ ਨਹੀਂ ਕੀਤਾ। ਜਦੋਂ ਇਹ ਮੋਇਆ ਤਾਂ ਕੋਈ ਪੱਚੀ ਤੀਹ ਕਿਤਾਬਾਂ ਖਰੜੇ ਦੇ ਰੂਪ ਵਿੱਚ ਸਨ। ਕਈ ਤਕਰੀਬਨ ਪੂਰੀਆਂ ਸਨ ਤੇ ਕੁਝ ਕੁ ਅਧੂਰੀਆਂ। ਇਸ ਦੀ ਪਤਨੀ ਅਜੀਬ ਔਰਤ ਸੀ। ਉਹਨੇ ਘਰ ਦੇ ਦਰਵਾਜ਼ੇ ਬੰਦ ਕੀਤੇ ਤੇ ਬਰਟਨ ਦੇ ਕਾਗਜ਼ ਤੇ ਖਰੜੇ ਸਾੜਨੇ ਸ਼ੁਰੂ ਕਰ ਦਿੱਤੇ। ਇਕ ਹਫ਼ਤੇ ਤੱਕ ਉਹ ਸਾੜਦੀ ਰਹੀ। ਇਸ ਵਿੱਚ ਬਰਟਨ ਦਾ ਰੋਜ਼ਨਾਮਚਾ (ਡਾਇਰੀ) ਵੀ ਸੀ ਜਿਹੜਾ ਉਹ ਬਾਕਾਇਦਗੀ ਨਾਲ ਚਾਲੀ ਸਾਲ ਤੱਕ ਲਿਖਦਾ ਰਿਹਾ। ਜੇਕਰ ਉਹ ਰੋਜ਼ਨਾਮਚਾ ਅੱਜ ਮੌਜੂਦ ਹੁੰਦਾ ਤਾਂ ਪਤਾ ਨਹੀਂ ਹੋਰ ਕਿੰਨੀਆਂ ਨਵੀਆਂ ਗੱਲਾਂ ਦਾ ਪਤਾ ਲੱਗਦਾ। ਉਹਦੀ ਵਿਧਵਾ ਦਾ ਕਹਿਣਾ ਸੀ ਕਿ ਬਰਟਨ ਨੇ ਸੁਪਨੇ 'ਚ ਆ ਕੇ ਉਹਨੂੰ ਹਦਾਇਤ ਕੀਤੀ ਉਹ ਵੀ ਜ਼ਬਾਨੀ ਨਹੀਂ, ਮੈਂ ਉਹਦੇ ਚਿਹਰੇ ਤੋਂ ਮਲੂਮ ਕੀਤਾ ਕਿ ਉਹਦੇ ਸਾਰੇ ਖਰੜੇ ਸਾੜ ਦਿੱਤੇ ਜਾਣ। ਬਰਟਨ ਦੀ ਵਿਧਵਾ ਨੇ ਇਹ ਕਿਹਾ ਤਾਂ ਸਾਰੀ ਦੁਨੀਆਂ ਉਸ ਤੋਂ ਨਫ਼ਰਤ ਕਰਨ ਲੱਗ ਪਈ।

ਮੈਂ ਬਰਟਨ ਦੀ ਜੀਵਨੀ ਲਿਖਣ ਦਾ ਫੈਸਲਾ ਕੀਤਾ ਜਿਹਦੇ ਵਿਚ ਪੂਰਬ ਦੇ ਸ਼ਹਿਰਾਂ, ਖਾਸ ਕਰਕੇ ਸਿੰਧ ਵਿੱਚ ਉਸ ਦੇ ਰਹਿਣ ਦਾ, ਹੱਜ ਕਰਨ ਦਾ ਵੇਰਵਾ ਤੇ ਨੀਲ ਨਦੀ ਦੀ ਖੋਜ ਬਾਰੇ ਵਿਸਥਾਰ ਨਾਲ ਦੱਸਿਆ ਜਾਏਗਾ। ਰੱਬ ਦਾ ਸ਼ੁਕਰ ਹੈ ਕਿ ਉਹਦੀ ਨਿੱਜੀ ਲਾਇਬਰੇਰੀ ਦੀਆਂ ਬਹੁਤ ਸਾਰੀਆਂ ਕਿਤਾਬਾਂ ਤੇ ਖਰੜੇ ਸੜਨ ਤੋਂ ਬਚ ਗਏ। ਰੋਆਇਲਅਨਥੋਰਪਾਲਾਜਿਕਲ ਸੁਸਾਇਟੀ ਦੀ ਲਾਇਬਰੇਰੀ ਵਿਚ ਇਕ ਕਮਰੇ ਵਿੱਚ ਪਏ ਹਨ। ਇਹ ਕਮਰਾ ਬਹੁਤ ਕਰ ਕੇ ਖੋਲ੍ਹਿਆ ਨਹੀਂ ਜਾਂਦੇ, ਸਿਰਫ਼ ਬਰਟਨ ਬਾਰੇ ਖੋਜ ਕਰਨ ਵਾਲਿਆਂ ਵਾਸਤੇ ਖੋਲ੍ਹਿਆ ਜਾਂਦਾ ਏ। ਇਹ ਬ੍ਰਿਟਿਸ਼ ਮਿਊਜ਼ਿਅਮ ਦੇ ਨੇੜੇ ਬੈਡ ਫੋਰਡ ਸਕੋਇਰ ਦੀ ਇਮਾਰਤ ਦੀ ਸਭ ਤੋਂ ਉਤਲੀ ਮੰਜ਼ਿਲ 'ਤੇ ਹੈ। ਇਸ ਵਿੱਚ ਕਿਤਾਬਾਂ ਅਲਮਾਰੀਆਂ ਵਿੱਚ ਛੱਤ ਤੱਕ ਭਰੀਆਂ ਪਈਆਂ ਹਨ, ਕੁਝ ਫਰਸ਼ ਤੇ ਢੇਰੀ ਕੀਤੀਆਂ ਪਈਆਂ ਹਨ ਤੇ ਮਿੱਟੀ ਘਟੇ ਨਾਲ ਭਰੀਆਂ ਹੋਈਆਂ ਨੇ। ਮੈਂ ਕਈ ਦਿਨ ਉਥੇ ਜਾਂਦਾ ਰਿਹਾ, ਘੰਟਿਆਂਬੱਧੀ

ਕਿਤਾਬਾਂ ਲੱਭ ਕੇ ਨੋਟ ਲੈਂਦਾ ਰਿਹਾ। ਮੈਨੂੰ ਬਹੁਤੀ ਭਾਲ ਇਸ ਗੱਲ ਦੀ ਸੀ ਕਿ ਇਥੇ ਬਰਟਨ ਦੀ ਕੋਈ ਕਿਤਾਬ ਪੂਰਬੀ ਭਾਸ਼ਾ ਵਿੱਚ ਵੀ ਹੈ ? ਖਾਸ ਤੌਰ ’ਤੇ ਉਰਦੂ, ਫਾਰਸੀ, ਅਰਬੀ, ਹਿੰਦੀ ਤੇ ਸਿੰਧੀ ਵਿੱਚ। ਉਹਦੇ ਕੋਲ ਕਿਹੜੀਆਂ ਕਿਤਾਬਾਂ ਤੇ ਸ਼ਬਦ ਕੋਸ਼ ਸਨ। ਸਿੰਧ ਤੇ ਕਰਾਚੀ ਦਾ ਜ਼ਿਕਰ ਕਿਹੜੇ ਖਰੜੇ ਵਿੱਚ ਹੈ। ਸ਼ਨੀਚਰ ਤੇ ਐਤਵਾਰ ਤੇ ਲਾਇਬ੍ਰੇਰੀ ਬੰਦ ਰਹਿੰਦੀ ਏ। ਇਕ ਦਿਨ ਮੈਂ ਸ਼ੁਕਰਵਾਰ ਨੂੰ ਦੁਪਹਿਰ ਵੇਲੇ ਉਥੇ ਬੈਠਾ ਤੇ ਪਤਾ ਨਹੀਂ ਕਿਹੜੇ ਵੇਲੇ ਸ਼ਾਮ ਪੈ ਗਈ। ਮੈਂ ਇਕੱਲਾ ਸੀ। ਲਾਇਬਰੇਰੀ ਤੇ ਹੋਰ ਲੋਕ ਹੇਠਲੀ ਮੰਜ਼ਿਲ ’ਤੇ ਸੀ। ਮੇਰੇ ਕੱਪੜੇ ਤੇ ਹੱਥ ਧੂੜ ਤੇ ਗਰਦ ਨਾਲ ਲਿਬੜ ਗਏ। ਪਤਾ ਨਹੀਂ ਕਿਉਂ ਮੇਰੇ ਖਿਆਲ ’ਚ ਸੀ ਕਿ ਲਾਇਬਰੇਰੀ ਸਾਢੇ ਛੇ ਵਜੇ ਤੱਕ ਖੁੱਲ੍ਹੀ ਰਹੇਗੀ। ਮੈਂ ਛੇ ਵਜੇ ਤੋਂ ਬਾਅਦ ਵੀ ਬੈਠਾ ਰਿਹਾ ਕਿਉਂਕਿ ਇਸ ਲਾਇਬਰੇਰੀ ਵਿੱਚ ਮੇਰਾ ਇਹ ਅਖੀਰਲਾ ਦਿਨ ਸੀ। ਸੋਮਵਾਰ ਸਵੇਰੇ ਮੈਂ ਪੈਰਿਸ ਜਾਣਾ ਸੀ।

**- ਅਨੁ: ਉਮ ਪ੍ਰਕਾਸ਼ ਪਨਾਹਗੀਰ**

## ਗ਼ਜ਼ਲ/ਸ਼ਹਰਯਾਰ

ਕਬ ਸਮਾਂ ਦੇਖੇਂਗੇ ਹਮ ਜ਼ਖ਼ਮੋਂ ਕੋ ਭਰ ਜਾਨੇ ਕਾ।
ਨਾਮ ਲੇਤਾ ਹੀ ਨਹੀਂ ਵਕਤ ਗੁਜ਼ਰ ਜਾਨੇ ਕਾ।

ਜਾਨੇ ਵਹਿ ਕੌਨ ਹੈ ਜੋ ਦਾਮਨ-ਏ-ਦਿਲ ਖੀਂਚਤਾ ਹੈ
ਜਬ ਕਭੀ ਹਮਨੇ ਇਰਾਦਾ ਕੀਆ ਮਰ ਜਾਨੇ ਕਾ।

ਜੁਸਤਜੂ ਤੇਰੀ ਨਹੀਂ ਕਰਤੇ ਤੋ ਹਮ ਕਿਆ ਕਰਤੇ
ਕੋਈ ਰਾਸਤਾ ਹੀ ਨਾ ਥਾ ਲੌਟ ਕੇ ਘਰ ਜਾਨੇ ਕਾ।

ਲਾਤਾ ਹਮ ਤਕ ਵੀ ਕੋਈ ਨੀਂਦ ਸੇ ਬੋਝਲ ਰਾਤੇਂ
ਆਤਾ ਹਮ ਕੋ ਵੀ ਮਜ਼ਾ ਖ਼ਾਬ ਸੇ ਡਰ ਜਾਨੇ ਕਾ।

ਸੋਚਤੇ ਹੀ ਰਹੇ ਪੂਛੇਂਗੇ ਤੇਰੀ ਆਂਖੋਂ ਸੇ
ਕਿਸ ਸੇ ਸੀਖਾ ਹੈ ਹੁਨਰ ਦਿਲ ਮੇਂ ਉਤਰ ਜਾਨੇ ਕਾ।

**ਲਿਪੀਅੰਤਰਨ : ਜਸਵਿੰਦਰ ਸੈਣੀ**



## ਹਰ ਸ਼ਖ਼ਸ ਪਰੀਸ਼ਾਨ-ਸਾ ਕਯੋਂ ਹੈ: ਸ਼ਹਰਯਾਰ/ਮੁਸਤਬਾ ਹੁਸੈਨ

ਸ਼ਹਰਯਾਰ ਨਾਲ ਮੇਰੀ ਸ਼ਖ਼ਸੀ ਦੋਸਤੀ ਕੁਝ ਜ਼ਿਆਦਾ ਪੁਰਾਣੀ ਨਹੀਂ ਹੈ। ਪੰਜ ਕੁ ਸਾਲ ਪਹਿਲਾਂ ਮੇਰਾ ਦੋਸਤ ਡਾਕਟਰ ਹਸਨ ਅਸਕਰੀ ਰੀਡਰ ਬਣ ਕੇ ਹੈਦਰਾਬਾਦ ਆਇਆ ਤਾਂ ਇਕ ਦਿਨ ਮੈਂ ਉਹਨੂੰ ਮਿਲਣ ਲਈ ਐਵੇਂ ਹੀ ਅਲੀਗੜ੍ਹ ਚਲੇ ਗਿਆ। ਸ਼ਹਰਯਾਰ ਵੀ ਹਸਨ ਅਸਕਰੀ ਨੂੰ ਇੱਥੇ ਉਂਝ ਹੀ ਮਿਲਣ ਆ ਗਿਆ ਤੇ ਮੇਰੀ ਉਸ ਨਾਲ ਮੁਲਾਕਾਤ ਹੋ ਗਈ। ਜਿਹੜੀਆਂ ਦੋਸਤੀਆਂ, ਬੱਸ ਐਵੇਂ ਹੀ ਸ਼ੁਰੂ ਹੋ ਜਾਂਦੀਆਂ ਹਨ, ਉਹ ਹਮੇਸ਼ਾ ਚੰਗੀਆਂ ਹੁੰਦੀਆਂ ਹਨ। ਹੁਣ ਹੁਸਨ ਅਸਕਰੀ ਲੰਡਨ ਚਲੇ ਗਿਆ ਹੈ, ਪਰ ਜੋ ਹਸਨ ਅਸਕਰੀ ਨਾਲ ਵਾਕਿਫ਼ ਹਨ, ਉਹ ਜਾਣਦੇ ਹਨ ਕਿ ਅਸਕਰੀ ਨੂੰ ਮਿਲਣ ਤੋਂ ਬਾਅਦ ਆਦਮੀ ਨੂੰ ਕਿਸੇ ਹੋਰ ਨੂੰ ਮਿਲਣ ਦੀ ਹਾਜਤ ਨਹੀਂ ਰਹਿ ਜਾਂਦੀ। ਉਹ ਬੜਾ ਦਿਲ-ਨਵਾਜ਼ ਤੇ ਮਿਲਣਸਾਰ ਸ਼ਖ਼ਸੀਅਤ ਦਾ ਮਾਲਕ ਹੈ। ਪਰ ਸ਼ਹਰਯਾਰ ਮੁਕਾਬਲਨ ਉਹ ਸ਼ਖ਼ਸ ਹੈ ਜਿਸਨੂੰ ਅਸਕਰੀ ਦੀ ਮੌਜੂਦਗੀ ’ਚ ਵੀ ਮਿਲਣ ਨੂੰ ਜੀ ਚਾਹਿਆ। ਰਾਤ ਨੂੰ ਅਸਕਰੀ ਦੇ ਘਰ ’ਚ ਮਹਫ਼ਿਲ ਸਜੀ। ਅਸਕਰੀ ਨੇ ਆਪਣੀਆਂ ਗੱਲਾਂ ਦਾ ਜਾਦੂ ਦਿਖਾਇਆ। ਇਸ ਮਗਰੋਂ ਸ਼ਹਰਯਾਰ ਨੇ ਆਪਣੀ ਸ਼ਾਇਰੀ ਦਾ ਅਜਿਹਾ ਰੰਗ ਬੰਨਿਆ ਕਿ ਅਸੀਂ ਸਾਰੀ ਰਾਤ ਜਾਗਦੇ ਰਹੇ। ਸਵੇਰ ਹੋਈ। ਸ਼ਹਰਯਾਰ ਜਾਣ ਲੱਗਾ। ਮੈਂ ਪੁੱਛਿਆ, “ਕਿੱਥੇ ਜਾਣਾ ?” ਉਹ ਬੋਲਿਆ, “ਯੂਨੀਵਰਸਿਟੀ ਕਲਬ ਜਾ ਰਿਹਾਂ।”

ਪਤਾ ਲੱਗਾ ਕਿ ਉਹ ਹੁਣ ਕਲਬ ਜਾਵੇਗਾ ਤੇ ਤਾਸ਼ ਖੇਡੇਗਾ। ਦੂਜੇ ਦਿਨ ਦੁਪਹਿਰ ਨੂੰ ਹਸਨ ਅਸਕਰੀ ਨਾਲ ਯੂਨੀਵਰਸਿਟੀ ਕਲਬ ਗਿਆ। ਸ਼ਹਰਯਾਰ ਬੜੇ ਆਰਾਮ ਨਾਲ ਤਾਸ਼ ਖੇਡ ਰਿਹਾ ਸੀ। ਤੀਜੇ ਦਿਨ ਮੈਂ ਦਿੱਲੀ ਮੁੜਨ ਲੱਗਾ ਤਾਂ ਸੋਚਿਆ ਕਿ ਕਿਉਂ ਨਾ ਸ਼ਹਰਯਾਰ ਨੂੰ ਮਿਲ ਲਿਆ ਜਾਵੇ। ਉਸ ਦੇ ਘਰ ਗਿਆ ਤਾਂ ਭਾਬੀ (ਨਜ਼ਮਾ) ਨੇ ਦੱਸਿਆ ਕਿ ਉਹ ਕਲੱਬ ’ਚ ਤਾਸ਼ ਖੇਡ ਰਿਹਾ ਹੈ। ਪਰ ਮੈਂ ਉਹਨੂੰ ਮਿਲਣ ਲਈ ਯੂਨੀਵਰਸਿਟੀ ਕਲਬ ਨਹੀਂ ਗਿਆ। ਕਿਉਂਜੁ ਮੈਨੂੰ ਯਕੀਨ ਸੀ ਕਿ ਉਹ ਉਸੇ ਮੇਜ਼ ’ਤੇ ਮਸਤ ਹੋਇਆ ਤਾਸ਼ ਖੇਡ ਰਿਹਾ ਹੋਵੇਗਾ।

ਸ਼ਹਰਯਾਰ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ। ਮੈਂ ਉਹਦੀ ਸ਼ਾਇਰੀ ਦਾ ਪੁਰਾਣਾ ਮੱਦਾਹ ਤਾਂ ਸੀ ਹੀ, ਪਰ ਤਾਸ਼ ਲਈ ਉਸ ਦੀ ਲਗਨ ਦੇਖ ਕੇ ਮੈਨੂੰ ਅਹਿਸਾਸ ਹੋਇਆ ਕਿ ਜੋ ਸ਼ਖ਼ਸ ਤਾਸ਼ ਲਈ ਐਨਾ ਸੰਜੀਦਾ ਹੋ ਸਕਦਾ ਹੈ, ਉਹ ਦੋਸਤੀ ਕੀ ਖ਼ਾਕ ਕਰ ਸਕਦਾ ਹੈ ਪਰ ਉਸ ਮਗਰੋਂ ਸ਼ਹਰਯਾਰ ਇਕ ਦਿਨ ਅਚਾਨਕ ਦਿੱਲੀ ਆ ਗਿਆ ਤੇ ਇਤਫ਼ਾਕ ਨਾਲ ਮੇਰੇ ਦਫ਼ਤਰ ਦੇ ਗੈਸਟ ਹਾਊਸ ’ਚ ਠਹਿਰਿਆ। ਉਸ ਵੇਲੇ ਉਸ ਅਹਿਸਾਸ ਕਰਵਾਇਆ ਕਿ ਜਿਸ ਸੰਜੀਦਗੀ ਨਾਲ ਉਹ ਤਾਸ਼ ਖੇਡਦਾ ਹੈ, ਉਸੇ ਸੰਜੀਦਗੀ ਨਾਲ ਦੋਸਤੀ ਵੀ ਕਰ ਸਕਦਾ ਹੈ। ਇਹ ਹੋਰ ਗੱਲ ਹੈ ਕਿ ਜਦੋਂ ਦੋਸਤੀ ਕਰਦਾ ਹੈ, ਉਦੋਂ ਉਹ ਤਾਸ਼ ਨਹੀਂ ਖੇਡਦਾ ਤੇ ਜਦੋਂ ਤਾਸ਼ ਖੇਡਦਾ ਹੈ, ਉਦੋਂ ਦੋਸਤੀ ਨਹੀਂ ਕਰਦਾ। ਇਸ ਪਿੱਛੋਂ ਸ਼ਹਰਯਾਰ ਨਾਲ ਕਈ ਮੁਲਾਕਾਤਾਂ ਅਲੀਗੜ੍ਹ ਤੇ ਦਿੱਲੀ ’ਚ ਹੋਈਆਂ। ਉਹ ਦਿੱਲੀ ਆਉਣ ਵਾਲਾ ਹੋਵੇ ਤਾਂ ਮੈਂ ਉਸ ਲਈ ਅੱਖਾਂ ਵਿਛਾਉਂਦਾ ਹਾਂ। ਜਦੋਂ ਮੈਂ ਅਲੀਗੜ੍ਹ ਜਾਣ ਵਾਲਾ ਹੁੰਦਾ ਹਾਂ ਤਾਂ ਉਹ ਮੇਰੇ ਲਈ ਅੱਖਾਂ ਵਿਛਾਉਣ ਤੋਂ ਇਲਾਵਾ ਦਿਲ ਵੀ ਵਿੱਛਾ ਦਿੰਦਾ ਹੈ। ਸ਼ਹਰਯਾਰ ਦੀ ਇਕ ਅਦਾ ਮੈਨੂੰ ਬਹੁਤ ਜ਼ਿਆਦਾ ਪਸੰਦ ਹੈ। ਉਹ ਇਹ ਕਿ ਉਹ ਇਕ ਸੱਚਾ ਬੇਨਿਆਜ਼ ਆਦਮੀ ਹੈ। ਆਪਣੀ ਸ਼ਾਇਰੀ ਨਾਲ ਬੇਨਿਆਜ਼, ਆਪਣੀ ਜ਼ਿੰਦਗੀ ਨਾਲ ਬੇਨਿਆਜ਼ ਤੇ ਆਪਣੇ ਘਰ ਨਾਲ ਬੇਨਿਆਜ਼। ਨਾ ਸ਼ੋਹਰਤ ਦੀ ਤਲਬ, ਨਾ ਅਹੁਦੇ ਦੀ ਹਵਸ, ਨਾ ਪੈਸੇ ਦਾ ਲਾਲਚ, ਨਾ ਮਰਤਬਾ ਦੀ ਭੁੱਖ। ਅਜਿਹਾ ਆਦਮੀ ਆਪਣੇ ਘਰ ’ਚ ਝਗੜਾਲੂ ਤੇ ਸਮਾਜ ’ਚ ਹਮੇਸ਼ਾ ਗ਼ੈਰ-ਝਗੜਾਲੂ ਹੋਣ ਦੇ ਸਾਰੇ ਨੁਕਸਾਨ ਬਰਦਾਸ਼ਤ ਕਰਦਾ ਹੈ। ਇਕ ਜ਼ਮਾਨਾ ਸੀ ਜਦੋਂ ਗੈਰ-ਝਗੜਾਲੂ ਆਦਮੀ ਫਾਇਦੇ ’ਚ ਰਹਿੰਦਾ ਸੀ, ਪਰ ਹੁਣ ਝਗੜਾਲੂ ਆਦਮੀ ਫਾਇਦੇ ’ਚ ਰਹਿੰਦਾ ਹੈ। ਝਗੜਾਲੂ ਆਦਮੀ ਤੋਂ ਲੋਕ ਡਰਦੇ ਹਨ ਤੇ ਜਿਨ੍ਹਾਂ ਲਈ ਉਹ ਝਗੜਾਲੂ ਬਣਦਾ ਹੈ, ਉਹ ਉਸ ਦੀ ਇੱਜ਼ਤ ਤੇ ਮਾਣ ਵੀ ਕਰਦੇ ਹਨ। ਜਦੋਂ ਕਿ ਗੈਰ-ਝਗੜਾਲੂ ਆਦਮੀ ਜ਼ਿੰਦਗੀ ਦਾ ਸਫ਼ਰ ਕੁਝ ਇਵੇਂ ਤੈਅ ਕਰਦਾ ਹੈ ਕਿ-

ਦੁਨੀਯਾ ਮੇਂ ਹੂੰ ਦੁਨੀਯਾ ਕਾ ਤਲਬਗਾਰ ਨਹੀਂ ਹੂੰ।
ਬਾਜ਼ਾਰ ਸੇ ਗੁਜ਼ਰਾ ਹੂੰ ਖਰੀਦਾਰ ਨਹੀਂ ਹੂੰ॥

ਸ਼ਹਰਯਾਰ ਨੂੰ ਮੈਂ ਹਰ ਖੇਤਰ ਤੇ ਹਰ ਧੜੇ 'ਚ ਕਦੇ ਵੀ ਝਗੜਾਲੂ ਨਹੀਂ ਦੇਖਿਆ। ਉਹ ਇਕ ਅਜਿਹਾ ਘਾਟ ਹੈ ਜਿਥੇ ਸ਼ੇਰ ਤੇ ਬਕਰੀ ਦੋਨੋਂ ਨਾਲ-ਨਾਲ ਪਾਣੀ ਪੀਂਦੇ ਹਨ। ਸ਼ਹਰਯਾਰ ਦੀ ਇਸੇ ਆਦਤ ਕਰਕੇ ਮੈਂ ਜਦੋਂ ਵੀ ਅਲੀਗੜ੍ਹ ਜਾਂਦਾ ਹਾਂ, ਉਸੇ ਕੋਲ ਠਹਿਰਦਾ ਹਾਂ। ਤੇ ਛੇਤੀ ਹੀ ਉਸ ਨੂੰ ਨੁਕਸਾਨ ਪਹੁੰਚਾਉਂਦਾ ਹਾਂ। ਸ਼ਹਰਯਾਰ ਦੀਆਂ ਜਿਹੜੀਆਂ ਖ਼ੂਬੀਆਂ ਦਾ ਮੈਂ ਉਪਰ ਜ਼ਿਕਰ ਕੀਤਾ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਤਕਾਜ਼ੇ ਦੇ ਤੌਰ 'ਤੇ ਸ਼ਹਰਯਾਰ ਜ਼ਿੰਦਗੀ ਨੂੰ ਬਹੁਤ ਧੀਮੀ ਅੰਦਾਜ਼ 'ਚ ਵਰਤਦਾ ਹੈ। ਨਾ ਜ਼ਿੰਦਗੀ 'ਚ ਕੁਝ ਪਾਉਣ ਦੀ ਕਾਹਲੀ ਤੇ ਨਾ ਹੀ ਕੁਝ ਬਣਨ ਦੀ ਕਾਹਲ।

ਉਹ ਹਰ ਸਮੇਂ ਦਾ ਸ਼ਾਇਰ ਨਹੀਂ ਹੈ। ਖ਼ੁਦ ਨੂੰ ਕਦੇ ਸ਼ੇਅਰ ਨਹੀਂ ਸੁਣਾਉਂਦਾ। ਬਹੁਤਾ ਜ਼ੋਰ ਪਾਇਆ ਤਾਂ ਕਿਸੇ ਗ਼ਜ਼ਲ ਦੇ ਦੋ-ਚਾਰ ਸ਼ੇਅਰ ਸੁਣਾ ਦਿੱਤੇ। ਦਾਦ ਤੋਂ ਬੇਨਿਆਜ਼ ਹੋਣ ਦਾ ਸਬੂਤ ਇਹ ਹੈ ਕਿ ਕਿਸੇ ਸ਼ੇਅਰ 'ਤੇ ਦਾਦ ਦਿੱਤੀ ਜਾਵੇ ਤਾਂ ਉਹ ਝੁਕ-ਝੁਕ ਕੇ ਸਲਾਮ ਨਹੀਂ ਕਰਦਾ। ਉਹ ਖਾਸ ਮਾਹੌਲ ਤੇ ਸਮਾਂ ਹੁੰਦਾ ਹੈ ਜਦੋਂ ਸ਼ਹਰਯਾਰ ਲੈਅ 'ਚ ਆਪਣਾ ਕਲਾਮ ਸੁਣਾਉਂਦਾ ਹੈ। ਮੈਂ ਅਜਿਹੇ ਕਈ ਮੌਕਿਆਂ ਦਾ ਲੁਤਫ਼ ਲਿਆ ਹੈ। ਇਕ ਦਿਨ ਅਚਾਨਕ ਪਤਾ ਲੱਗਾ ਕਿ ਉਹ ਫ਼ਿਲਮ 'ਗਮਨ' ਲਈ ਗੀਤ ਲਿਖ ਰਿਹਾ ਹੈ। ਫਿਲਮ ਰੀਲੀਜ਼ ਹੋਈ ਤਾਂ ਮੈਂ ਉਚੇਚਾ ਇਹ ਫ਼ਿਲਮ ਦੇਖੀ। ਮੈਂ ਬਹੁਤ ਘੱਟ ਫਿਲਮਾਂ ਦੇਖਦਾ ਹਾਂ ਤੇ ਉਹ ਹੀ ਸਿਰਫ਼ ਫ਼ਿਲਮਾਂ ਦੇਖਦਾ ਹਾਂ ਜਿਨ੍ਹਾਂ ਦੇ ਬਾਰੇ 'ਚ ਪਤਾ ਹੋਵੇ ਕਿ ਉਸ ਦੇ ਗੀਤ ਜਾਂ ਡਾਇਲਾਗ ਕਿਸੇ ਦੋਸਤ ਨੇ ਲਿਖੇ ਹੋਣ। ਇਕ ਤਲਖ਼ ਤਜ਼ਰਬੇ ਮਗਰੋਂ ਮੈਂ ਅਜਿਹੀਆਂ ਫ਼ਿਲਮਾਂ ਨੂੰ ਦੇਖਣਾ ਬੰਦ ਕਰ ਦਿੱਤਾ ਹੈ। ਮੇਰੇ ਇਕ ਦੋਸਤ ਨੇ ਇਕ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਲਿਖੇ ਸੀ। ਮੇਰੇ ਤੋਂ ਬਿਨਾਂ ਕਈ ਦੋਸਤਾਂ ਨੂੰ ਕਿਹਾ ਕਿ ਜਦੋਂ ਫ਼ਿਲਮ ਰੀਲੀਜ਼ ਹੋਵੇ ਤਾਂ ਉਸਨੂੰ ਅਵੱਸ਼ ਦੇਖਣ। ਦੋਸਤ ਦਾ ਮਨ ਰੱਖਣ ਲਈ ਮੈਂ ਸਮਾਂ ਆਉਣ 'ਤੇ ਹਿੰਦੁਸਤਾਨੀ ਫ਼ਿਲਮਾਂ ਵੀ ਵੇਖ ਲੈਂਦਾ ਹਾਂ। ਅਸੀਂ ਚਾਰ ਜਣੇ ਮਿਲ ਕੇ ਇਹ ਫ਼ਿਲਮ ਦੇਖਣ ਗਏ। ਸ਼ੋਅ ਦਾ ਸਮਾਂ ਸ਼ੁਰੂ ਹੋਇਆ ਤਾਂ ਦੇਖਿਆ ਕਿ ਸਿਨੇਮਾ-ਹਾਲ ਖਾਲੀ ਹੈ ਤੇ ਫ਼ਿਲਮ ਦੇ ਡਾਇਲਾਗ-ਲੇਖਕ ਤੋਂ ਇਲਾਵਾ ਚਾਰ ਜਣੇ ਹਾਲ 'ਚ ਬੈਠੇ ਹਨ। ਫ਼ਿਲਮ ਸਾਢੇ ਛੇ ਵਜੇ ਸ਼ੁਰੂ ਹੋਈ ਸੀ ਪਰ ਸਤ ਵਜੇ ਫ਼ਿਲਮ ਸ਼ੁਰੂ ਨਾ ਹੋਈ। ਥੋੜ੍ਹੀ ਦੇਰ ਬਾਅਦ ਸਿਨੇਮੇ ਦਾ ਮੈਨੇਜਰ ਸਾਡੇ ਕੋਲ ਆਇਆ ਤੇ ਸਾਡੇ ਦੋਸਤ ਦਾ ਨਾਂ ਲੈ ਕੇ ਕਹਿਣ ਲੱਗਾ, "ਤੁਸੀਂ ਫ਼ਿਲਮ ਦੇ ਡਾਇਲਾਗ-ਲੇਖਕ ਦੇ ਦੋਸਤ ਲੱਗਦੇ ਹੋ।" ਅਸੀਂ ਕਿਹਾ, "ਬਿਨਾਂ ਸ਼ੱਕ ਅਸੀਂ ਉਸ ਦੇ ਦੋਸਤ ਹਾਂ।"

ਮੈਨੇਜਰ ਬੋਲਿਆ, "ਸਾਹਿਬ! ਇਕ ਅਹਿਸਾਨ ਆਪਣੇ ਦੋਸਤ ਦੀ ਖਾਤਿਰ ਇਹ ਕਰ ਦਿਉ ਕਿ ਇਹ ਫਿਲਮ ਨਾ ਦੇਖੋ। ਤੁਸੀਂ ਜਿਹੜੇ ਟਿਕਟ ਖਰੀਦੇ ਹਨ, ਉਸ ਦੀ ਚਾਰ ਗੁਣਾ ਕੀਮਤ ਮੈਂ ਤੁਹਾਨੂੰ ਦੇਣ ਨੂੰ ਤਿਆਰ ਹਾਂ। ਕੋਈ ਚੰਗੀ ਜਿਹੀ ਫ਼ਿਲਮ ਦੇਖ ਲਉ। ਜੇ ਮੈਂ ਤੁਹਾਡੇ ਚਾਰ ਜਣਿਆਂ ਲਈ ਫ਼ਿਲਮ ਲਾਵਾਂ ਤਾਂ ਦੋ-ਢਾਈ ਸੌ ਰੁਪਈਆਂ ਦਾ ਖਰਚਾ ਆ ਜਾਊਗਾ। ਪਲੀਜ਼, ਮੇਰੇ 'ਤੇ ਇਹ ਅਹਿਸਾਨ ਕਰੋ।"

ਤੇ ਇਸ ਮਗਰੋਂ ਅਸੀਂ ਮੈਨੇਜਰ ਤੋਂ ਚਾਰ ਗੁਣਾ ਕੀਮਤ ਵਸੂਲ ਕੀਤੀ ਤੇ ਚੰਗੀ ਸ਼ਾਮ ਬਤਾਈ। ਸ਼ਹਰਯਾਰ ਦੀ ਫ਼ਿਲਮ ਵੀ ਮੈਂ ਇਸ ਖਿਆਲ ਨਾਲ ਦੇਖਣ ਗਿਆ ਸੀ ਕਿ ਫ਼ਿਲਮ ਦੇਖਣ ਪਿੱਛੋਂ ਸ਼ਾਇਦ ਟਿਕਟ ਦੀ ਚਾਰ ਗੁਣਾ ਕੀਮਤ ਮਿਲ ਜਾਵੇ ਤੇ ਸ਼ਾਮ ਮੌਜ-ਮਸਤੀ 'ਚ ਲੰਘੇ। ਪਰ ਬੜੀ ਮਾਯੂਸੀ ਹੋਈ। ਉਸ ਦਿਨ ਯਕੀਨ ਆਇਆ ਕਿ ਸਾਡੇ ਲੇਖਕ-ਮਿੱਤਰ ਵੀ ਫ਼ਿਲਮਾਂ ਲਈ ਚੰਗੀਆਂ ਗ਼ਜ਼ਲਾਂ ਤੇ ਚੰਗੇ ਗੀਤ ਲਿਖ ਸਕਦੇ ਹਨ।

ਮੈਂ ਸੋਚਿਆ ਕਿ ਫ਼ਿਲਮਾਂ 'ਚ ਲਿਖਣ ਮਗਰੋਂ ਸ਼ਹਰਯਾਰ ਸਤਵੇਂ ਅਸਮਾਨ 'ਤੇ ਚੜ੍ਹ ਜਾਵੇਗਾ ਤੇ ਆਪਣੀ ਰਿਵਾਇਤੀ ਬੇਨਿਆਜ਼ੀ ਤੋਂ ਬੇਨਿਆਜ਼ ਹੋ ਜਾਵੇਗਾ। ਪਰ ਮੈਂ ਦੇਖਿਆ ਕਿ ਫ਼ਿਲਮਾਂ 'ਚ ਗੀਤ ਲਿਖਣ ਦੇ ਬਾਵਜੂਦ ਉਹ ਜਿਉਂ ਦਾ ਤਿਉਂ ਬਰਕਰਾਰ ਹੈ। ਇਹ ਹੋਰ ਗੱਲ ਹੈ ਕਿ ਹੁਣ ਉਸ ਦੀ ਸ਼ੋਹਰਤ ਅਦਬੀ ਹਲਕਿਆਂ ਤੋਂ ਨਿਕਲ ਕੇ ਆਮ ਹਲਕਿਆਂ 'ਚ ਫੈਲ ਗਈ ਹੈ। ਕਿਤੇ ਉਹ ਜਾਂਦਾ ਹੈ ਤੇ ਲੋਕਾਂ ਨੂੰ ਪਤਾ ਲੱਗਦਾ ਹੈ ਕਿ ਉਹ 'ਗਮਨ' ਵਾਲਾ ਸ਼ਹਰਯਾਰ ਹੈ। 'ਉਮਰਾਉ ਜਾਨ' ਵਾਲਾ ਸ਼ਹਰਯਾਰ ਹੈ ਤਾਂ ਫਰਮਾਇਸ਼ ਸ਼ੁਰੂ ਹੋ ਜਾਂਦੀ ਹੈ ਕਿ "ਸਾਹਿਬ! 'ਗਮਨ' ਦੇ ਗਾਣੇ ਸੁਣਾਉ।" ਉਸ ਦੀ



ਗ਼ਜ਼ਲ

ਸੀਨੇ ਮੇਂ ਜਲਨ, ਆਂਖੋਂ ਮੇਂ ਤੂਫ਼ਾਨ-ਸਾ ਕਯੋਂ ਹੈ।
ਇਸ ਸ਼ਹਰ ਮੇਂ ਹਰ ਸ਼ਖ਼ਸ ਪਰੀਸ਼ਾਨ-ਸਾ ਕਯੋਂ ਹੈ।

ਦਾ ਰਿਕਾਰਡ ਇੰਨਾ ਮਸ਼ਹੂਰ ਹੋਇਆ ਕਿ ਬੱਚਾ-ਬੱਚਾ ਹੁਣ 'ਸੀਨੇ ਮੇਂ ਜਲਨ' ਦੀ ਸ਼ਿਕਾਇਤ ਕਰਦਾ ਹੈ। ਅਕਸਰ ਅਜਿਹਾ ਹੋਇਆ ਕਿ ਅਸੀਂ ਕਿਸੇ ਪਨਵਾੜੀ ਦੀ ਦੁਕਾਨ ਤੋਂ ਪਾਨ ਖਰੀਦ ਰਹੇ ਹਾਂ ਕਿ ਅਚਾਨਕ ਰੇਡੀਉ ਤੋਂ ਸ਼ਹਰਯਾਰ ਦਾ ਇਹ 'ਸਵਾਲਨਾਮਾ' ਵੱਜਣਾ ਸ਼ੁਰੂ ਹੋ ਗਿਆ ਕਿ "ਇਸ ਸ਼ਹਰ ਮੇਂ ਹਰ ਸ਼ਖ਼ਸ ਪਰੀਸ਼ਾਨ-ਸਾ ਕਯੋਂ ਹੈ।" ਅਸੀਂ ਪਾਨ ਖਾਂਦਿਆਂ-ਖਾਂਦਿਆਂ ਪਨਵਾੜੀ ਦੇ ਕੰਨ 'ਚ ਫੂਕ ਮਾਰੀ, "ਮੀਆਂ! ਇਸ ਗਾਣੇ 'ਚ ਜਿੰਨੇ ਮੁਸ਼ਕਿਲ ਸਵਾਲ ਪੁੱਛੇ ਗਏ ਹਨ ਉਨ੍ਹਾਂ ਦੇ ਪੁੱਛਣ ਵਾਲੇ ਸਾਹਿਬ ਇਹੀ ਨੇ।" ਬੱਸ ਫੇਰ ਇਹੀ ਹੁੰਦਾ ਹੈ ਕਿ ਪਨਵਾੜੀ ਬੜੀ ਸ਼ਰਧਾ ਨਾਲ ਪਾਨ ਬਣਾਉਂਦਾ ਹੈ, ਆਪਣੇ ਹੱਥੀਂ ਖੁਆਉਂਦਾ ਹੈ, ਦੋ ਚਾਰ ਵਾਧੂ ਪਾਨ ਸਾਡੇ ਹੱਥਾਂ 'ਚ ਫੜਾਉਂਦਾ ਹੈ। ਸਾਡੀਆਂ ਮਨ-ਪੰਸਦੀਦਾ ਸਿਗਰੇਟ ਦੀਆਂ ਡੱਬੀਆਂ ਵੀ ਦੇ ਦਿੰਦਾ ਹੈ ਤੇ ਆਖਿਰ 'ਚ ਸਾਥੋਂ ਪੈਸੇ ਨਹੀਂ ਲੈਂਦਾ। ਫੇਰ ਉਸ ਦੀ ਸਮਝ 'ਚ ਆ ਜਾਂਦਾ ਹੈ ਕਿ "ਇਸ ਸ਼ਹਰ ਮੇਂ ਹਰ ਸ਼ਖ਼ਸ ਪਰੀਸ਼ਾਨ-ਸਾ ਕਯੋਂ ਹੈ?" ਸ਼ਹਰਯਾਰ ਸਾਡੇ ਨਾਲ ਖਫਾ ਹੁੰਦਾ ਹੈ ਕਿ ਅਸੀਂ ਉਸ ਲਈ ਇੰਨੇ ਸਾਰੇ ਪਾਨ ਤੇ ਇੰਨੀਆਂ ਸਾਰੀਆਂ ਡੱਬੀਆਂ ਕਿਉਂ ਖਰੀਦ ਲੈਂਦੇ ਹਾਂ। ਹੁਣ ਉਹਨੂੰ ਕਿਵੇਂ ਦੱਸਿਆ ਜਾਵੇ ਕਿ ਇਸ ਸਵਾਲ ਦਾ ਜਵਾਬ ਉਸ ਦੇ ਗੀਤ 'ਚ ਲੁਕਿਆ ਹੋਇਆ ਹੈ।

ਜਦੋਂ ਤੋਂ ਸ਼ਹਰਯਾਰ ਦੇ ਗੀਤ ਮਸ਼ਹੂਰ ਹੋਏ ਹਨ, ਲੋਕ ਮਹਫਿਲ 'ਚ ਉਸ ਨੂੰ ਸਿਰ-ਅੱਖਾਂ 'ਤੇ ਬੈਠਾਉਂਦੇ ਹਨ। ਕਿਉਂਕਿ ਉਹ ਦਿੱਲੀ 'ਚ ਮੇਰੇ ਕੋਲ ਠਹਿਰਦਾ ਹੈ, ਇਸ ਲਈ ਅਕਸਰ ਲੋਕਾਂ ਦੀ ਖਾਹਿਸ਼ ਹੁੰਦੀ ਹੈ ਕਿ ਜਦੋਂ ਵੀ ਉਹ ਦਿੱਲੀ ਆਏ, ਤਾਂ ਉਸ ਨੂੰ ਲੈ ਕੇ ਆਵਾਂ। ਇਕ ਵਾਰ ਦਿੱਲੀ ਦੀ ਇਕ ਮਸ਼ਹੂਰ ਗਾਇਕਾ ਦੇ ਘਰ ਸ਼ਹਰਯਾਰ ਗਿਆ। ਮੈਨੂੰ ਵੀ ਨਾਲ ਲੈ ਗਿਆ। ਸ਼ਹਰਯਾਰ ਦੀ ਆੜ 'ਚ ਮੇਰੀ ਵੀ ਖ਼ੂਬ ਆਉ-ਭਗਤ ਹੋਈ। ਗਾਇਕਾ ਨੇ ਮੈਨੂੰ ਪੁੱਛਿਆ, "ਤੁਸੀਂ ਕੀ ਕਰਦੇ ਹੋ?"

ਮੈਂ ਕਿਹਾ, "ਸ਼ਹਰਯਾਰ ਦੇ ਮਿਸਰੇ ਉਠਾਉਂਦਾ ਹਾਂ।"

ਉਹ ਬੋਲੀ, "ਬੜੇ ਖੁਸ਼ਨਸੀਬ ਹੋ ਤੁਸੀਂ! ਵਰਨਾ ਇਨ੍ਹਾਂ ਦੇ ਮਿਸਰੇ ਉਠਾਉਣ ਦੀ ਖੁਸ਼ਕਿਸਮਤੀ ਕਿਹਨੂੰ ਨਸੀਬ ਹੁੰਦੀ ਹੈ।"

ਬਹੁਤ ਚਿਰ ਇਧਰ-ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਜਦੋਂ ਜਾਣ ਦਾ ਸਮਾਂ ਆਇਆ ਤਾਂ ਸ਼ਹਰਯਾਰ ਨੇ ਗਾਇਕਾ ਨੂੰ ਕਿਹਾ, "ਜੇ ਤੁਹਾਡੇ ਕੁਝ ਲੌਂਗ ਪਲੇਇੰਗ ਰਿਕਾਰਡਸ ਹੋਣ ਤਾਂ ਵਜਾ ਦਿਉ। ਅਸੀਂ ਵੀ ਆਪ ਦੀ ਆਵਾਜ਼ ਸੁਣ ਲਵਾਂਗੇ।"

ਗਾਇਕਾ ਬੋਲੀ, "ਇਸ ਵੇਲੇ ਸਾਡਾ ਰਿਕਾਰਡ ਪਲੇਅਰ ਖਰਾਬ ਆ, ਪਰ ਮੈਂ ਤਾਂ ਖਰਾਬ ਨ੍ਹੀਂ ਆਂ। ਮੈਂ ਤਾਂ ਤੁਹਾਡੇ ਲਈ ਗਾ ਸਕਦੀ ਆਂ।"

ਇਸ ਮਗਰੋਂ ਗਾਇਕਾ ਨੇ ਹਰਮੋਨੀਅਮ ਸੰਭਾਲ ਕੇ ਜੋ ਗਾਣਾ ਸ਼ੁਰੂ ਕੀਤਾ ਤਾਂ ਸਮਾਂ ਬੰਨ ਦਿੱਤਾ। ਇਸ ਕਦਰ ਖ਼ੂਬਸੂਰਤ ਆਵਾਜ਼ ਸੀ ਕਿ ਬੱਸ ਕੁਝ ਨਾ ਪੁੱਛੋ। ਮੈਂ ਵਾਹ-ਵਾਹ ਕਹਿੰਦਾ ਥੱਕ ਗਿਆ ਪਰ ਸ਼ਹਰਯਾਰ ਖਾਮੋਸ਼ ਬੈਠਾ ਰਿਹਾ। ਮੈਂ ਹੌਲੀ ਜਿਹੇ ਉਸ ਦੇ ਕੰਨ 'ਚ ਕਿਹਾ, "ਇਹ ਕੀ ਮਜ਼ਾਕ ਆ? ਦਾਦ ਤਾਂ ਦੇ।" ਜੁਆਬ 'ਚ ਉਸ ਹੌਲੀ ਜਿਹੇ ਮੇਰੇ ਕੰਨ 'ਚ ਕਿਹਾ, "ਕਿਵੇਂ ਦਾਦ ਦਵਾਂ? ਕਮਬਖਤ ਨੇ ਮੇਰੀ ਹੀ ਗ਼ਜ਼ਲ ਸ਼ੁਰੂ ਕੀਤੀ ਆ। ਕਿਤੇ ਆਪਣੇ ਹੀ ਕਲਾਮ ਤੇ ਦਾਦ ਦਿੱਤੀ ਜਾਂਦੀ ਆ?"

ਉਸ ਸਮੇਂ ਗਾਇਕਾ ਨੇ ਬੜੀ ਦੇਰ ਤੱਕ ਮਹਫਿਲ ਜਮਾਈ ਤੇ ਸ਼ਹਰਯਾਰ ਨੂੰ ਦਾਦ ਦੇਣ ਦਾ ਮੌਕਾ ਨਾ ਦਿੱਤਾ। ਸਾਰੀਆਂ ਗ਼ਜ਼ਲਾਂ ਸ਼ਹਰਯਾਰ ਦੀਆਂ ਸੁਣਾਈਆਂ।

ਸ਼ਹਰਯਾਰ ਖਾਮੋਸ਼-ਖਾਮੋਸ਼ ਜਿਹਾ ਬੇਨਿਆਜ਼ ਬੈਠਾ ਰਿਹਾ। ਗਾਇਕਾ ਦੇ ਘਰੋਂ ਬਾਹਰ ਨਿਕਲਣ ਮਗਰੋਂ ਮੈਂ ਸ਼ਹਰਯਾਰ ਨੂੰ ਕਿਹਾ, "ਹੁਣ ਤੂੰ ਇਤਮੀਨਾਨ ਰੱਖ। ਤੇਰਾ ਕਲਾਮ ਮੁਨਾਸਿਬ ਹੱਥਾਂ 'ਚ ਚਲਾ

ਗਿਆ। ਇਹ ਹੁਣ ਅਗਾਂਹ ਜਾਂਦਾ ਰਹੇਗਾ। ਚੰਗਾ ਹੀ ਹੋਇਆ ਕਿ ਤੇਰਾ ਕਲਾਮ ਆਲੋਚਕਾਂ ਦੇ ਜਾਲਿਮ ਹੱਥਾਂ ਤੋਂ ਨਿਕਲ ਕੇ ਉਨ੍ਹਾਂ ਨਾਜ਼ੁਕ ਹੱਥਾਂ 'ਚ ਪਹੁੰਚ ਗਿਆ ਜਿੱਥੇ ਇਹ ਹਮੇਸ਼ਾ ਮਹਿਫ਼ੂਜ ਰਹੇਗਾ।"

ਸ਼ਹਰਯਾਰ ਇਸ ਜੁਮਲੇ ਨੂੰ ਸੁਣਨ ਮਗਰੋਂ ਕੁਝ ਨਾ ਬੋਲਿਆ। ਸਿਰਫ਼ ਐਨਾ ਕਿਹਾ, "ਭਰਾ! ਸਿਰਫ਼ ਐਨਾ ਖਿਆਲ ਰੱਖਣਾ ਕਿ ਜਦੋਂ ਅਲੀਗੜ੍ਹ ਆਇਆ ਤਾਂ ਨਜ਼ਮਾ (ਮਿਸਿਜ਼ ਸ਼ਹਰਯਾਰ) ਕੋਲ ਇਸ ਗੱਲ ਦਾ ਜ਼ਿਕਰ ਨਾ ਕਰੀਂ!" ਹੁਣ ਤੱਕ ਮੈਂ ਆਪਣੇ ਵਾਇਦੇ 'ਤੇ ਕਾਇਮ ਹਾਂ ਤੇ ਹਮੇਸ਼ਾ ਕਾਇਮ ਰਹਾਂਗਾ। ਸ਼ਹਰਯਾਰ ਨਜ਼ਮਾ ਭਾਬੀਜਾਨ ਦਾ ਬਹੁਤ ਖਿਆਲ ਰੱਖਦਾ ਹੈ। ਇਹ ਹੋਰ ਗੱਲ ਹੈ ਕਿ ਭਾਬੀ ਨੂੰ ਇਸ ਦੀ ਇਤਿਲਾ ਨਹੀਂ ਹੁੰਦੀ, ਕਿਉਂਕਿ ਹਰ ਚਿਤੁੰਤ ਹਰਕਤ ਦੇ ਬਾਅਦ, ਉਹ ਆਪਣੇ ਕਿਸੇ ਨਾ ਕਿਸੇ ਦੋਸਤ ਕੋਲੋਂ ਇਹ ਵਾਇਦਾ ਲੈ ਲੈਂਦਾ ਹੈ ਕਿ ਉਹ ਇਸ ਦੀ ਇਤਿਲਾ ਨਜ਼ਮਾ ਭਾਬੀ ਨੂੰ ਨਹੀਂ ਦੇਣਗੇ।

ਜਦੋਂ ਉਹ ਦਿੱਲੀ ਆਉਂਦਾ ਹੈ ਉਹਨੂੰ ਮਜ਼ੀਦ ਦੋ-ਇਕ ਦਿਨ ਰੁਕਣ ਲਈ ਕਿਹਾ ਜਾਵੇ ਤਾਂ ਨਜ਼ਮਾ ਭਾਬੀ ਦੇ ਪ੍ਰੇਸ਼ਾਨ ਹੋਣ ਦਾ ਹਵਾਲਾ ਦੇ ਕੇ ਫੌਰਨ ਸਾਮਾਨ ਬੰਨ/ਲਪੇਟਣ ਲੱਗ ਜਾਂਦਾ ਹੈ। ਬੱਸ ਇਹੀ ਇਕ ਮਾਮਲਾ ਹੈ, ਜਿਸ 'ਚ ਮੈਂ ਸ਼ਹਰਯਾਰ ਨੂੰ ਫਿਕਰਮੰਦ ਦੇਖਿਆ, ਨਹੀਂ ਤਾਂ ਜ਼ਿੰਦਗੀ ਨੂੰ ਬੜੀ ਬੇਫਿਕਰੀ ਨਾਲ ਬਰਤਣ ਦਾ ਉਹ ਆਦੀ ਹੈ। ਬੇਫਿਕਰੀ ਦੀ ਮਿਸਾਲ ਇਹ ਹੈ ਕਿ ਉਸ ਦੇ ਕਈ ਸ਼ਗਿਰਦਾਂ ਨੇ ਪੀ. ਐਫ. ਡੀਆਂ ਕਰ ਲਈਆਂ ਹਨ ਪਰ ਇਹ ਅਜੇ ਤੱਕ ਉਸ ਤੋਹਮਤ ਤੋਂ ਅਛੂਤਾ ਹੈ। ਤਾਜ਼ਾ ਅਫ਼ਵਾਹ ਇਹ ਹੈ ਕਿ ਉਹ ਨੇ ਹੁਣ ਪੀ. ਐਚ. ਡੀ. ਕਰ ਲਈ ਹੈ। ਪਤਾ ਨਹੀਂ, ਹੁਣ ਉਹ ਇਸ ਡਿਗਰੀ ਦਾ ਕੀ ਕਰੇ।

ਸ਼ਹਰਯਾਰ ਜ਼ਿੰਦਗੀ 'ਚ ਯੋਜਨਾਬੰਦੀ ਨੂੰ ਜ਼ਰੂਰੀ ਨਹੀਂ ਸਮਝਦਾ। ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਪਰ ਜ਼ਰੂਰੀ ਗੱਲਾਂ ਦਾ ਖਿਆਲ ਨਹੀਂ ਰੱਖਦਾ। ਜੇ ਆਪਣੇ ਘਰੇ ਪੰਜ ਜਣਿਆਂ ਨੂੰ ਖਾਣੇ ਲਈ ਬੁਲਾਉਣਾ ਹੋਵੇ ਤਾਂ ਪੰਦਰਾਂ-ਵੀਹ ਜਣਿਆਂ ਨੂੰ ਜਮਾਂ ਕਰ ਲਵੇਗਾ।

ਸ਼ਹਰਯਾਰ ਦੀ ਇਕ ਹੋਰ ਖ਼ੂਬੀ ਇਹ ਹੈ ਕਿ ਉਹ ਆਪਣੇ ਸ਼ਗਿਰਦਾਂ ਨੂੰ ਸ਼ਗਿਰਦ ਨਹੀਂ, ਦੋਸਤ ਸਮਝਦਾ ਹੈ। ਇਹੀ ਵਜ੍ਹਾ ਹੈ ਕਿ ਅਕਸਰ ਉਸ ਦੇ ਸ਼ਗਿਰਦ ਬਾਅਦ 'ਚ ਸ਼ਾਇਰ ਤੇ ਲੇਖਕ 'ਚ ਤਬਦੀਲ ਹੋ ਜਾਂਦੇ ਹਨ। ਸ਼ਹਰਯਾਰ ਦੇ ਰਾਹੀਂ ਹੀ ਅਲੀਗੜ੍ਹ ਦੇ ਨੌਜੁਆਨ ਲੇਖਕਾਂ ਤੇ ਸ਼ਾਇਰਾਂ ਨਾਲ ਮੇਰੀ ਮੁਲਾਕਾਤ ਹੋ ਚੁੱਕੀ ਹੈ। ਸ਼ਹਰਯਾਰ ਸ਼ਾਇਰ ਤਾਂ ਚੰਗਾ ਹੈ ਹੀ, ਪਰ ਮੈਂ ਉਹਨੂੰ ਇਕ ਚੰਗੇ ਇਨਸਾਨ ਤੇ ਚੰਗੇ ਦੋਸਤ ਦੀ ਹੈਸੀਅਤ ਨਾਲ ਜ਼ਿਆਦਾ ਪਸੰਦ ਕਰਦਾ ਹਾਂ ਤੇ ਇਸੇ ਲਈ ਉਸ ਦੀ ਦੋਸਤੀ ਦੀ ਬੜੇ ਯਤਨ ਨਾਲ ਹਿਫ਼ਾਜਤ ਕਰਦਾ ਹੈ।

ਚਲਦਿਆਂ-ਚਲਦਿਆਂ ਫ਼ਿਲਮ 'ਉਮਰਾਉ ਜਾਨ' ਦੀ ਗ਼ਜ਼ਲ ਹੀ ਗੁਣਗਣਾ ਰਿਹਾ ਹਾਂ-

ਯੇਹ ਕਯਾ ਜਗਾ ਹੈ ਦੋਸਤੋ, ਯੇਹ ਕੌਣ ਸਾ ਦਯਾਰ ਹੈ।
ਹੱਦੇ ਨਗਾਹ ਤਕ ਜਹਾਂ, ਗੁਭਾਰ ਹੀ ਗੁਭਾਰ ਹੈ॥
ਯੇਹ ਕਿਸ ਮੁਕੱਮ ਪਰ ਹਯਾਤ, ਮੁਝ ਕੋ ਲੇ ਕੇ ਆ ਗਈ।
ਨ ਬਸ ਖ਼ੁਸ਼ੀ ਪੇ ਹੈ ਜਹਾਂ, ਨਾ ਗ਼ਮ ਪੇ ਇਖ਼ਤਯਾਰ ਹੈ॥
ਤਮਾਮ ਉਮਰ ਕਾ ਹਿਸਾਬ, ਮਾਗਤੀ ਹੈ ਜ਼ਿੰਦਗੀ।
ਯੇਹ ਮੇਰਾ ਦਿਲ ਕਹੇ ਤੋ ਕਯਾ, ਯੇਹ ਖ਼ੁਦ ਸੇ ਸ਼ਰਮਸਾਰ ਹੈ॥
ਬੁਲਾ ਰਹਾ ਹੈ ਕੋਈ ਮੁਝ ਕੋ, ਝਿਲਮਨੋ ਕੇ ਉਸ ਤਰਫ਼।
ਕਯਾ ਕੋਈ ਮੇਰੇ ਲਯੀਏ, ਉਦਾਸ, ਬੇਕਰਾਰ ਹੈ॥





## ਰੂਹਾਂ ਬਦਰੂਹਾਂ/ਤਲਵਿੰਦਰ ਸਿੰਘ

ਹਫ਼ਿਆ ਹੋਇਆ ਮੈਂ ਕਮਰੇ ਵਿਚ ਵੜਿਆ ਹਾਂ। ਬੱਤੀ ਜਗਾਉਣ ਲਈ ਮੈਂ ਖੱਬੇ ਹੱਥ ਕੰਧ ਨਾਲ ਸਾਰੇ ਸਵਿੱਚਾਂ ਨੂੰ ਇਕੱਠਿਆਂ ਹੀ ਦਬਾ ਦਿੱਤਾ ਹੈ। ਕਮਰੇ ਦਾ ਬੂਹਾ ਇੰਜ ਭੇੜਿਆ ਹੈ ਜਿਵੇਂ ਹੁਣੇ ਪਿੱਛੋਂ ਕਿਸੇ ਨੇ ਆ ਕੇ ਮੇਰੀ ਧੌਣ 'ਤੇ ਗੋਡਾ ਦੇ ਦੇਣਾ ਹੋਵੇ। ਮੇਰਾ ਪੂਰਾ ਵਜੂਦ ਕਾਂਬੇ ਦੀ ਜਕੜ ਵਿਚ ਹੈ। ਨਵੰਬਰ ਦਾ ਅਖ਼ੀਰ ਹੋਣ ਦੇ ਬਾਵਜੂਦ ਮੱਥੇ 'ਤੇ ਪਸੀਨਾ ਫੁੱਟ ਆਇਆ ਹੈ। ਫਰਿੱਜ ਖੋਲ੍ਹ ਮੈਂ ਪਾਣੀ ਦੀ ਬੋਤਲ ਨੂੰ ਮੂੰਹ ਨਾਲ ਲਾਇਆ ਹੈ ਤੇ ਗਟਾ ਗਟ ਅੱਧੀ ਬੋਤਲ ਖ਼ਾਲੀ ਕਰ ਦਿੱਤੀ ਹੈ।

ਸ਼ੱਕੀ ਜਿਹੀਆਂ ਨਜ਼ਰਾਂ ਨਾਲ ਮੈਂ ਕਮਰੇ ਦੇ ਕੋਨਿਆਂ ਵਿਚ ਝਾਕਦਾ ਹਾਂ। ਸਭ ਕੁਝ ਬੇਤਰਤੀਬ ਤੇ ਬੇਢੰਗਾ ਜਿਹਾ ਨਜ਼ਰ ਆਉਂਦਾ ਹੈ। ਆਸੇ ਪਾਸੇ ਮੇਰੇ ਲੱਥੇ ਧੁਪੇ ਕਪੜੇ, ਪੜ੍ਹੇ ਅਨਪੜ੍ਹੇ ਰਸਾਲੇ, ਅਖ਼ਬਾਰਾਂ ਦੇ ਖਿੱਲਰੇ ਵਰਕੇ ਰੰਗੋਂ ਬੇਰੰਗ ਚਾਦਰਾਂ, ਸਿਰਹਾਣੇ ਇੰਜ ਪਏ ਹਨ ਜਿਵੇਂ ਏਥੇ ਕਿਸੇ ਬੰਦੇ ਦਾ ਨਹੀਂ ਪ੍ਰੇਤਾਂ ਦਾ ਵਾਸਾ ਹੋਵੇ। ਮੈਂ ਅੱਖਾਂ ਪਾੜ ਪਾੜ ਇਧਰ ਉਧਰ ਵੇਖਦਾ ਹਾਂ। ਸਭ ਕੁਝ ਬੇਪਛਾਣ ਜਿਹਾ ਲੱਗਦਾ ਹੈ। ਦਿਲ ਕਰਦੈ, ਕਿਧਰੇ ਨੱਸ ਜਾਵਾਂ ਪਰ ਸੋਚਦਾ ਹਾਂ ਕਿਥੋਂ ਰਾਹਤ ਲੱਭਾਂਗਾ?

ਮੇਰਾ ਦਿਲ ਹਾਲੇ ਵੀ ਧੜਕ ਰਿਹਾ ਹੈ, ਆਪਣੀ ਆਮ ਰਫ਼ਤਾਰ ਨਾਲੋਂ ਉਖੜੀ ਜਿਹੀ ਤਾਲ ਵਿਚ। ਮੇਰੇ ਅੰਦਰੋਂ ਕੋਈ ਛੁਪਿਆ ਖ਼ੌਫ਼ ਪੁੰਗਰ ਰਿਹਾ ਹੈ। ਸੋਚਾਂ ਦੇ ਜਮਘਟੇ ਵਿਚੋਂ ਬੇਪਛਾਣ ਜਿਹੀਆਂ ਰੇਖਾਵਾਂ ਖਿੱਚੀਆਂ ਜਾ ਰਹੀਆਂ ਹਨ। ਉਹਨਾਂ ਵਿਚੋਂ ਬੇਗ਼ਾਨੇ ਜਿਹੇ ਚਿਹਰੇ ਉਭਰ ਰਹੇ ਹਨ। ਇਹ ਚਿਹਰੇ ਅਨੇਕਾਂ ਵਾਰ ਮੇਰੇ ਸਾਹਮਣੇ ਉਭਰਦੇ ਰਹੇ ਨੇ। ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਮੈਂ ਬੜਾ ਦੌੜਿਆ ਹਾਂ ਪਰ ਇਹ ਮੇਰੀਆਂ ਸਿਮਰਤੀਆਂ 'ਚੋਂ ਕਦੇ ਲੱਥੇ ਨਹੀਂ।

ਮੈਂ ਕਮਰੇ ਦੀ ਗੁੱਠੇ ਪਏ ਪੁਰਾਣੇ ਜਿਹੇ ਸੋਫ਼ੇ ਵਿਚ ਆਪਣੇ ਆਪ ਨੂੰ ਢਿੱਲਿਆਂ ਛਡਦਾ ਹਾਂ। ਆਪਣੇ ਆਪ ਨੂੰ ਥਾਂ ਸਿਰ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਕਿਸੇ ਅਣਚਾਹੇ ਭੈਅ ਤੋਂ ਆਪਣੇ ਆਪ ਨੂੰ ਪਰ੍ਹੇ ਧੱਕਦਾ ਹਾਂ। ਪਰ ਸੋਚਾਂ ਦੀਆਂ ਤੰਦਾਂ ਫਿਰ ਵਲੇਵਾਂ ਮਾਰ ਲੈਂਦੀਆਂ ਨੇ।

ਕੀ ਉਦੋਂ ਵੀ ਇੰਜ ਹੀ ਹੋਇਆ ਸੀ ?

ਪਤਾ ਨਹੀਂ ਕਦੋਂ ਕੁ ਦੀ ਗੱਲ ਹੈ ਜੋ ਅਛੋਪਲੇ ਮੇਰੇ ਅੱਗੇ ਆ ਬੈਠੀ ਹੈ। ਸ਼ਾਇਦ ਪਿਤਾ ਜੀ ਦੇ ਨਿੱਕੇ ਹੁੰਦਿਆਂ ਦੀ। ਇਨ੍ਹਾਂ ਦਾ ਵੱਡਾ ਭਰਾ, ਮੇਰਾ ਤਾਇਆ ਨਿਹਾਲਾ ਜਦੋਂ ਗੱਭਰੂ ਹੁੰਦਾ ਸੀ।

ਪਿਤਾ ਜੀ ਦਸਦੇ ਹੁੰਦੇ ਕਿ ਇਕ ਵਾਰ ਉਹਨਾਂ ਵਾਹਵਾ ਕਿੱਲਾ ਭਰ ਖਰਬੂਜੇ ਲਾਏ ਸੀ। ਚੰਗੀ ਫ਼ਸਲ ਹੋਈ ਸੀ। ਹਰ ਦੂਜੇ ਤੀਜੇ ਦਿਨ ਨੱਥੇ ਘੁਮਿਆਰ ਦਾ ਰੇਹੜਾ ਖਰਬੂਜਿਆਂ ਨਾਲ ਭਰ ਕੇ ਮੰਡੀ ਲੈ ਜਾਂਦੇ। ਵੇਲੇ ਕੁਵੇਲੇ ਲਾਗੋਂ ਚਾਗੋਂ ਮੰਡ੍ਹੀਰ ਵਾਧਾ ਕੱਚੇ-ਪੱਕੇ ਕਚਰੇ ਤੋੜ ਲਿਜਾਂਦਾ। ਤਾਇਆ ਵਾੜੇ ਦੀ ਰਾਖੀ 'ਤੇ ਸੀ, ਪਰ ਚੋਰੀ ਕਰਨ ਵਾਲੇ ਅੱਖ ਬਚਾ ਕੇ ਦਾਅ ਮਾਰ ਹੀ ਜਾਂਦੇ ਸਨ।

ਉਹ ਘੁੱਪ ਹਨ੍ਹੇਰੀ ਰਾਤ ਸੀ। ਮੱਸਿਆ ਦਾ ਅਗਾੜ-ਪਿਛਾੜ ਸੀ। ਰਾਤ ਦਾ ਇਕ ਡੇਢ ਵੱਜਾ ਹੋਊ। ਪਿਤਾ ਜੀ ਦਸਦੇ, ਉਦੋਂ ਕਿਥੇ ਹੁੰਦੀਆਂ ਸਨ ਅੱਜ ਕੱਲ੍ਹ ਵਾਂਗ ਬਿਜਲੀ ਨਾਲ ਜਗਣ ਵਾਲੀਆਂ ਬੱਤੀਆਂ। ਇਹ ਵੇਲਾ ਚੋਰਾਂ ਯਾਰਾਂ ਦੇ ਨਿਕਲਣ ਦਾ ਹੁੰਦਾ ਸੀ। ਜਿੰਨੀਆਂ ਵੀ ਵਾਰਦਾਤਾਂ ਘਟਦੀਆਂ, ਉਹਨਾਂ ਦਾ ਵਾਪਰਨ ਸਮਾਂ ਏਸੇ ਵੇਲੇ ਦੇ ਨੇੜੇ ਤੇੜੇ ਹੁੰਦਾ। ਕਿਸੇ ਦੀ ਨੂੰਹ ਧੀ ਨੇ ਨਿਕਲਣਾ ਹੁੰਦਾ, ਕਿਸੇ ਚੋਰੀ ਡਕੈਤੀ ਕਰਨੀ ਹੁੰਦੀ, ਕਿਸੇ ਮਾਲ ਡੰਗਰ ਖੋਲ੍ਹਣਾ ਹੁੰਦਾ, ਕਿਸੇ ਕੋਈ ਮਾਰਨ ਵੱਢਣ ਦਾ ਕਾਰਾ ਕਰਨਾ ਹੁੰਦਾ ਤਾਂ ਇਹ ਵੇਲਾ ਹੀ ਕੰਮ ਆਉਂਦਾ। ਅਜਿਹੇ ਅਨਸਰ ਇਸ ਵੇਲੇ ਦੀ ਉਡੀਕ ਕਰਦੇ।

ਜਦੋਂ ਕਿਸੇ ਦਾ ਮਾਲ ਡੰਗਰ ਖੁੱਲ੍ਹ ਜਾਂਦਾ ਜਾਂ ਕਿਸੇ ਦੀ ਰੰਨ ਤੀਵੀਂ ਉਧਲ ਜਾਂਦੀ ਤਾਂ ਵੀਹਾਂ ਪਿੰਡਾਂ 'ਚ ਮਸ਼ਹੂਰ ਖੋਜੀ ਰਹੀਮਾ ਪੇਸ਼ ਪੇਸ਼ ਹੁੰਦਾ। ਉਹ ਕਾਰਾ ਕਰਨ ਵਾਲੇ ਦੀਆਂ ਪੈੜਾਂ ਨੱਪਦਾ ਗਲੀਆਂ, ਤੌੜਾਂ, ਪਹਿਆਂ, ਪੈਲੀਆਂ ਵਿਚ ਤੁਰਿਆ ਫਿਰਦਾ। ਅੱਧਾ ਪਿੰਡ ਮਗਰ ਲੱਗਾ ਹੁੰਦਾ। ਭਾਂਤ ਸੁਭਾਂਤ ਦੀਆਂ ਗੱਲਾਂ ਹੁੰਦੀਆਂ। ਟੋਕਾਂ ਟਕੋਰਾਂ ਲੱਗਦੀਆਂ। ਗੱਲਾਂ 'ਚੋਂ ਗੱਲਾਂ ਨਿਕਲਦੀਆਂ।

ਰਹੀਮੇ ਦੀਆਂ ਥਿਊਰੀਆਂ ਕਦੇ ਮੰਨਣ 'ਚ ਆਉਂਦੀਆਂ ਕਦੇ ਨਾ। ਕਿਸੇ ਦਾ ਗੁਆਚਾ-ਗਿਆ ਲੱਭ ਜਾਂਦਾ ਤਾਂ ਰਹੀਮੇ ਦੀ ਬੱਲੇ ਬੱਲੇ ਹੋ ਜਾਂਦੀ। ਕਈ ਵਾਰੀ ਲੋਕ ਹੱਸਦੇ, "ਐਵੇਂ ਢੇਕ ਚਾਲੀਆਂ ਰੇੜ੍ਹਦਾ। ਬੰਦਾ ਪੁੱਛੇ, ਚੋਰ ਇਹਦੇ ਲਈ ਨਿਸ਼ਾਨੀਆਂ ਛੱਡ ਕੇ ਜਾਣਗੇ ? ਐਵੇਂ ਬੁੱਧੂ ਬਣਾਉਂਦਾ ਫਿਰਦਾ ਲੋਕਾਂ ਨੂੰ।"

ਪਿਤਾ ਜੀ ਗੱਲ ਬਣਾਉਣ 'ਚ ਬੜੇ ਮਾਹਰ ਸਨ। ਉਹ ਆਸੇ ਪਾਸੇ ਦੇ ਵੇਰਵੇ ਇੰਜ ਉਘੇੜਦੇ ਕਿ ਦ੍ਰਿਸ਼ ਅੱਖਾਂ ਅੱਗੇ ਸਾਕਾਰ ਹੋ ਜਾਂਦਾ। ਆਪਣੇ ਚਿਹਰੇ ਦੇ ਹਾਵ ਭਾਵ ਲੋੜ ਮੁਤਾਬਕ ਬਦਲਦੇ। ਹੱਥਾਂ ਨਾਲ ਚੀਜ਼ਾਂ ਦੇ ਆਕਾਰ ਬਣਾ ਬਣਾ ਦੱਸਦੇ। ਮੇਰੇ ਹੁੰਗਾਰੇ ਨੂੰ ਬਣਾਈ ਰੱਖਣ ਲਈ ਸੁਆਲ ਕਰਦੇ, 'ਤੈਨੂੰ ਪਤਾ, ਚੁੜੇਲਾਂ ਕਿਹੋ ਜਿਹੀਆਂ ਹੁੰਦੀਆਂ ?'

ਮੇਰਾ ਬਾਲ ਮਨ ਉਹਨਾਂ ਦੇ ਸਿਰਜੇ ਦ੍ਰਿਸ਼ਾਂ ਨੂੰ ਵੇਖਦਾ ਭੈ-ਭੀਤ ਹੋ ਰਿਹਾ ਹੁੰਦਾ। ਮੇਰਾ ਧਿਆਨ ਬਰਾਂਡੇ ਵਿਚ ਜਗ ਰਹੀ ਮਰੀਅਲ ਜਿਹੀ ਬੱਤੀ ਦੁਆਲੇ ਘੁੰਮ ਰਹੇ ਭੰਬਟਾਂ 'ਤੇ ਟਿਕਿਆ ਹੁੰਦਾ। ਪੋਲੇ ਪੋਲੇ ਪੈਰੀਂ ਅਗਾਂਹ ਵਧਦੀ ਕਿਰਲੀ ਝਟਕੇ ਨਾਲ ਕਿਸੇ ਧਮੱਕੜ ਨੂੰ ਦਬੋਚ ਲੈਂਦੀ ਤਾਂ ਮੇਰਾ ਤ੍ਰਾਹ ਨਿਕਲ ਜਾਂਦਾ। ਮੈਨੂੰ ਲਗਦਾ, ਚੁੜੇਲਾਂ ਸ਼ਾਇਦ ਕਿਰਲੀ ਵਰਗੀਆਂ ਹੁੰਦੀਆਂ ਹੋਣ।

ਤਾਇਆ ਭਲਵਾਨੀ ਦਾ ਸ਼ੌਕ ਪਾਲਦਾ ਸੀ। ਉਹਦਾ ਕੋਈ ਉਸਤਾਦ ਸੀ, ਕਰੀਮ ਖ਼ਾਨ। ਮੁਸਲਮਾਨ ਰੰਘੜ ਜੱਟ। ਪਿਤਾ ਜੀ ਦਸਦੇ, ਸਾਡਾ ਪਿੰਡ ਰੰਗੜ ਜੱਟਾਂ ਦਾ ਸੀ। ਬੜੇ ਰੋਅਬਦਾਰ ਬੰਦੇ ਸੀ ਉਹ। ਸਿੱਖਾਂ ਹਿੰਦੂਆਂ ਦੀ ਕੋਈ ਜਾਹ ਨਹੀਂ ਸੀ ਕਿ ਉਹਨਾਂ ਅੱਗੇ ਕੁਸਕ ਜਾਣ। ਪਰ੍ਹਿਆ ਪੰਚਾਇਤ ਵਿਚ ਉਹਨਾਂ ਦੀ ਚਲਦੀ। ਉਸਤਾਦ ਕਰੀਮ ਖ਼ਾਨ ਨੇ ਤਾਏ ਨੂੰ ਆਖਿਆ ਸੀ, 'ਵਿਆਹ ਬੰਦੇ ਦੀ ਤਾਕਤ ਚੱਟ ਲੈਂਦਾ, ਜੇ ਭਲਵਾਨੀ ਕਰਨੀ ਊ, ਤਾਂ ਵਿਆਹ ਨਾ ਕਰਾਈਂ।'

'ਫੇਰ ?' ਮੈਂ ਉਤਸੁਕ ਹੋ ਕੇ ਪੁੱਛਦਾ।

'ਤਾਇਆ ਤੇਰਾ ਸਾਡੇ ਸਾਰੇ ਟੱਬਰ 'ਚ ਰੋਅਬ ਵਾਲਾ ਬੰਦਾ ਸੀ, ਅਣਖੀਲਾ ਤੇ ਕੁਸੈਲਾ। ਜਦੋਂ ਦਾ ਅਕਾਲੀਆਂ ਨਾਲ ਕਿਸੇ ਮੋਰਚੇ 'ਚੋਂ ਪੁਲਿਸ ਦੀਆਂ ਡਾਂਗਾਂ ਖਾ ਆਇਆ ਸੀ ਉਦੋਂ ਦਾ ਉਹ ਗਲੀਆਂ ਵਿਚ ਆਕੜ ਆਕੜ ਤੁਰਦਾ। ਆਪਣੇ ਆਪ ਨੂੰ ਬੜੀ ਸ਼ੈਅ ਸਮਝਦਾ ਸੀ।'

'ਖਰਬੂਜਿਆਂ ਵਾਲੀ ਗੱਲ ਅੱਗੇ ਦੱਸੋ ਨਾ ?' ਮੈਂ ਪਿਤਾ ਜੀ ਨੂੰ ਚੇਤੇ ਕਰਾਉਂਦਾ।

ਉਹ ਖੰਘੂਰਾ ਮਾਰਦੇ, 'ਤੈਨੂੰ ਪੁੱਛਿਆ ਸੀ, ਤੂੰ ਚੁੜੇਲਾਂ ਵੇਖੀਆਂ ਕਦੇ ? ਨਹੀਂ ਵੇਖੀਆਂ ਨਾ ? ਅੱਜ ਕੱਲ੍ਹ ਕਿਥੇ ਹੋਣਗੀਆਂ। ਉਨ੍ਹੀਂ ਦਿਨੀਂ ਹੁੰਦੀਆਂ ਸੀਗੀਆਂ। ਅੱਜ ਕੱਲ੍ਹ ਪਿੰਡ ਪਿੰਡ ਗੁਰਦੁਆਰੇ ਨੇ। ਸਵੇਰੇ ਸ਼ਾਮ ਪਾਠ ਹੁੰਦਾ। ਸਿਆਣੇ ਦੱਸਦੇ ਆ, ਚੁੜੇਲਾਂ-ਭੂਤ ਪਾਠਾਂ ਤੋਂ ਡਰਦੇ ਆ। ਮੁਸਲਮਾਨਾਂ ਵੇਲੇ ਇਹਨਾਂ ਦਾ ਬੜਾ ਪਹਿਰਾ ਹੁੰਦਾ ਸੀ। ਇਹ ਰਾਤ ਨੂੰ ਨਿਕਲਦੇ। ਇਕ ਡੇਢ ਵਜੇ। ਜਦੋਂ ਹੱਥ ਨੂੰ ਹੱਥ ਨਾ ਪਛਾਣਦਾ। ਆਸੇ ਪਾਸੇ ਮੌਤ ਵਰਗੀ ਚੁੱਪ ਹੁੰਦੀ। ਉਹਨਾਂ ਦੀਆਂ ਅੱਖਾਂ ਹਨ੍ਹੇਰੇ 'ਚ ਚਮਕਦੀਆਂ ਹੁੰਦੀਆਂ। ਵਾਲ ਖਿੱਲਰੇ ਹੋਏ। ਨੰਗੇ ਧੜ। ਚੁੜੇਲਾਂ ਨੇ ਆਪਣੀਆਂ ਛਾਤੀਆਂ ਮੋਢਿਆਂ ਉਪਰੋਂ ਦੀ ਪਿਛਾਂਹ ਸੁੱਟੀਆਂ ਹੁੰਦੀਆਂ। ਭੂਤਾਂ ਨੇ ਸਰੀਰ 'ਤੇ ਕਾਲਖ ਤੇ ਤੇਲ ਮਲ਼ਿਆ ਹੁੰਦਾ।'

ਮੇਰਾ ਧਿਆਨ ਕਿਰਲੀ ਵੱਲ ਹੁੰਦਾ। ਉਹ ਪੋਲੇ ਪੋਲੇ ਪੈਰੀਂ ਕਿਸੇ ਟਿੱਡੇ ਵੱਲ ਵਧ ਰਹੀ ਹੁੰਦੀ, ਪਰ ਕਦੀ ਕਦੀ ਐਨ ਨੇੜੇ ਆ ਕੇ ਰੁਕ ਵੀ ਜਾਂਦੀ। ਉਹਦੀਆਂ ਅੱਖਾਂ ਲਿਸ਼ਕ ਰਹੀਆਂ ਹੁੰਦੀਆਂ, ਪਰ



ਉਹਨਾਂ ਵਿਚ ਡਰ ਦਾ ਅੰਸ਼ ਆ ਰਲਦਾ। ਕਿਸੇ ਤਕੜੇ ਤੇ ਵੱਡੇ ਟਿੱਡੇ ਨੂੰ ਵੇਖ ਉਹ ਦੋ ਪੈਰ ਪਿਛਾਂਹ ਹਟ ਜਾਂਦੀ। ਕਿਸੇ ਹੋਰ ਪਾਸੇ ਮੁੜ ਜਾਂਦੀ।

'ਤੇਰਾ ਤਾਇਆ ਨਿਹਾਲਾ ਨਿਡਰ ਬੰਦਾ ਸੀ। ਉਦੋਂ ਜੰਗਲੀ ਸੂਰ, ਨੀਲ ਗਾਈਆਂ ਤੇ ਗਿੱਦੜ ਝੁੰਡ ਬਣਾ ਕੇ ਆਮ ਫਿਰਦੇ ਸਨ। ਉਹ ਫਸਲਾਂ ਲਿਤਾੜ ਜਾਂਦੇ। ਇਕੱਲੇ ਦੁਕੱਲੇ ਬੰਦੇ ਨੂੰ ਪੈ ਜਾਂਦੇ। ਪਰ ਤੇਰਾ ਤਾਇਆ ਉਹਨਾਂ ਤੋਂ ਭੈਅ ਨਹੀਂ ਸੀ ਖਾਂਦਾ। ਇਸ ਗੱਲ ਨੂੰ ਸਾਰੇ ਜਾਣਦੇ ਸਨ।'

'ਉਸ ਰਾਤ ਉਹ ਰਾਖੀ ਲਈ ਵਾੜੇ ਵਿਚ ਸੁੱਤਾ ਸੀ। ਬਿਲਕੁਲ ਓਹੀ ਸਮਾਂ ਸੀ। ਅੱਧੀ ਰਾਤ ਦਾ। ਅਚਾਨਕ ਮਾੜੀ ਜਿਹੀ ਬਿੜਕ ਨਾਲ ਉਹਦੀ ਨੀਂਦ ਖੁੱਲ੍ਹ ਗਈ। ਉਹਨੂੰ ਲੱਗਾ ਜਿਵੇਂ ਵਾੜੇ ਵਿਚ ਕੋਈ ਫਿਰ ਰਿਹਾ ਸੀ। ਉਹ ਉਠਿਆ ਤੇ ਸਿਰਹਾਣੇ ਪਈ ਡਾਂਗ ਫੜ ਕੇ ਉੱਚੀ ਦੇਣੀ ਕੂਕਿਆ, 'ਕਿਹੜੈ ਬਈ ਉਏ... ?'

'ਉਹ ਪੂਰੇ ਵਾੜੇ ਵਿਚ ਘੁੰਮਿਆ ਪਰ ਕੋਈ ਨਜ਼ਰੀਂ ਨਾ ਪਿਆ। ਲਾਗਲੇ ਚਰ੍ਹੀ ਦੇ ਖੇਤ ਵਿਚ ਉਹਨੂੰ ਇਉਂ ਲੱਗਾ ਜਿਵੇਂ ਕੋਈ ਜਾਨਵਰ ਖਲੋਤਾ ਹੋਵੇ। ਚੰਗਾ ਪਲਿਆ ਹੋਇਆ ਸੂਰ ਸੀ ਜਾਂ ਨੀਲ ਗਾਂ। ਡਾਂਗ ਉਲਾਰ ਕੇ ਉਹਨੇ ਜਾਨਵਰ ਨੂੰ ਸ਼ਿਸ਼ਕਾਰਿਆ। ਦੋ ਚਮਕਦੀਆਂ ਅੱਖਾਂ ਉਹਦੇ ਐਨ ਸਾਹਮਣੇ ਸਨ। ਇਨਸਾਨੀ ਆਕਾਰ। ਉਹਨੇ ਅੱਖਾਂ ਭੀਚ ਕੇ ਗਹੁ ਨਾਲ ਵੇਖਿਆ ਤਾਂ ਉਹ ਬਿਨ ਕੱਪੜਿਆਂ ਤੋਂ ਔਰਤ ਸੀ। ਛਾਤੀਆਂ ਮੋਢਿਆਂ ਤੋਂ ਦੀ ਪਿਛਾਂਹ ਸੁੱਟੀ। ਦਲੇਰ ਤੇ ਹਿੰਮਤੀ ਬੰਦਾ ਸਿਰੋਂ ਪੈਰਾਂ ਤਕ ਕੰਬ ਗਿਆ। ਡਾਂਗ ਹੱਥੋਂ ਛੁੱਟ ਗਈ। ਜ਼ਬਾਨ 'ਚੋਂ ਕੋਈ ਆਵਾਜ਼ ਨਾ ਨਿਕਲੀ।'

'ਫੇਰ ?' ਡਰ ਨਾਲ ਮੇਰਾ ਦਿਲ ਕੰਬਣ ਲੱਗਾ ਸੀ।

'ਉਸ ਚੁੜੇਲ ਨੇ ਭਲਵਾਨ ਬੰਦੇ ਨੂੰ ਕਲਾਵਾ ਭਰ ਕੇ ਚਰ੍ਹੀ ਵਿਚ ਸੁੱਟ ਲਿਆ।'

ਫਿਰ ਇਕ ਚੁੱਪ ਵਰਤ ਗਈ। ਮੇਰੀਆਂ ਅੱਖਾਂ ਸਾਹਵੇਂ ਰਾਤ ਦਾ ਹਨੇਰਾ, ਖਰਬੂਜਿਆਂ ਦਾ ਵਾੜਾ, ਚੁੜੇਲ ਤੇ ਚਰ੍ਹੀ ਦੇ ਖੇਤ 'ਚ ਡਿੱਗਾ ਤਾਇਆ ਦਿਸ ਰਹੇ ਸਨ।

'ਰਾਤ ਪਤਾ ਨਹੀਂ ਕਿਵੇਂ ਡਿੱਗਦਾ ਢਹਿੰਦਾ ਉਹ ਘਰ ਪਹੁੰਚਿਆ। ਭੱਠ ਵਾਂਗ ਤਪ ਰਿਹਾ ਪਿੰਡਾ। ਵੱਡੀ ਬੇਬੇ ਨੇ ਕਿਆਫ਼ਾ ਲਾਇਆ ਕਿ ਇਹਨੂੰ ਬਾਹਰਲੇ ਸਾਏ ਨੇ ਜਕੜ ਲਿਆ। ਕਈ ਅਹੁੜ ਪਹੁੜ ਕੀਤੇ। ਵੈਦ ਹਕੀਮ ਸਿਆਣੇ ਸੱਦੇ। ਸਾਈਂ ਮੁਰਾਦ ਅਲੀ ਨੇ ਫਾਂਡੇ ਕੀਤੇ। ਗੁਰਦੁਆਰੇ ਦੇ ਭਾਈ ਨੇ 'ਤਾਤੀ ਵਾਓ ਨਾ ਲਾਗਈ' ਦਾ ਸ਼ਬਦ ਘੋਲ਼ ਕੇ ਪਿਆਇਆ ਪਰ ਕੋਈ ਮੋੜਾ ਨਾ ਪਿਆ। ਤਾਇਆ ਸੁੱਤਾ ਪਿਆ ਬੁੜਬੁੜਾਉਂਦਾ, ਡਾਡਾਂ ਮਾਰ ਮਾਰ ਉਠਦਾ। ਨਿੱਗਰ ਤੇ ਭਰਿਆ ਸਰੀਰ ਟੇਪਾ ਟੇਪਾ ਖੁਰ ਗਿਆ। ਪੂਰੇ ਇੱਕੀਵੇਂ ਦਿਨ ਉਹਦੀ ਅਰਥੀ ਘਰੋਂ ਨਿਕਲੀ।'

ਪਿਤਾ ਜੀ ਨੇ ਠੰਢਾ ਸਾਹ ਭਰ ਕੇ ਗੱਲ ਖ਼ਤਮ ਕਰ ਦਿੱਤੀ।

ਮੈਂ ਬਹੁਤ ਥੋੜ੍ਹੀ ਵਾਰ ਪਿੰਡ ਗਿਆ ਸਾਂ। ਇਹ ਵਾਕਿਆ ਸੁਣਨ ਤੋਂ ਬਾਅਦ ਮੈਂ ਜਦੋਂ ਵੀ ਪਿੰਡ ਗਿਆ, ਰਾਤ ਨੂੰ ਸੌਂ ਨਾ ਸਕਿਆ। ਪਿੰਡ ਵਾਲੇ ਘਰ ਦਾ ਹਨ੍ਹੇਰਾ ਖੌਫਨਾਕ ਲੱਗਦਾ। ਲੱਖੇ ਚਾਚੇ ਦੇ ਮੁੰਡਿਆਂ ਨਾਲ ਖੇਤਾਂ ਵਿਚ ਨਿਕਲਦਾ ਤਾਂ ਲੱਗਦਾ ਜਿਵੇਂ ਦੋ ਚਮਕਦੀਆਂ ਅੱਖਾਂ ਮੈਨੂੰ ਘੂਰ ਰਹੀਆਂ ਹੋਣ। ਅਜੀਬ ਜਿਹੀ ਦਹਿਸ਼ਤ ਮਨ 'ਤੇ ਸਵਾਰ ਹੋ ਜਾਂਦੀ।

ਨਿੱਕਾ ਜਿਹਾ ਸਾਂ ਜਦੋਂ ਪਿਤਾ ਜੀ ਆਪਣੇ ਨਿੱਕੇ ਭਰਾ, ਮੇਰੇ ਲੱਖੇ ਚਾਚੇ ਨਾਲ ਥੋੜ੍ਹੀ ਜਿਹੀ ਜ਼ਮੀਨ ਦਾ ਵੰਡ ਵੰਡਾਰਾ ਕਰ ਕੇ ਬਟਾਲੇ ਆ ਵੱਸੇ ਸਨ। ਸ਼ਹਿਰ ਦਾ ਇਹ ਬਾਹਰਲਾ ਹਿੱਸਾ ਪਿੰਡਾਂ ਜਿਹਾ ਹੀ ਸੀ। ਸਟੇਸ਼ਨ ਤੋਂ ਕਾਫ਼ੀ ਹਟਵਾਂ ਜਿਥੇ ਆਸੇ ਪਾਸੇ ਖੇਤ ਹੀ ਖੇਤ ਸਨ। ਭੱਠਿਆਂ ਦੀਆਂ ਪੁੱਟੀਆਂ ਨੀਵੀਆਂ ਪੈਲੀਆਂ। ਕੁਬਿਆਂ ਦਾ ਦੋ-ਹਲਟਾ ਖੂਹ। ਉਦੋਂ ਖੂਹ ਵਗਦਾ ਸੀ ਤੇ ਅਸੀਂ ਗਾਟ੍ਹੀ 'ਤੇ ਬਹਿ ਕੇ ਹੂਟਾ ਲੈਣ ਲਈ ਤਰਲੇ ਲੈਂਦੇ ਸਾਂ। ਸਾਡੀ ਆਬਾਦੀ ਤੋਂ ਰੇਲਵੇ ਲਾਈਨ ਵੱਲ ਸਿੱਧੀ ਡੰਡੀ

ਨਿਕਲਦੀ ਸੀ। ਲਾਈਨ ਦੇ ਆਸੇ ਪਾਸੇ ਪਨਾਹਗੀਰਾਂ ਦਾ ਮੁਹੱਲਾ ਸੀ, ਜਿਥੇ ਨਿਆਣੇ ਕੁਰਬਲ ਕੁਰਬਲ ਕਰਦੇ ਫਿਰਦੇ। ਮੈਂ ਆਪਣੇ ਹਾਣੀਆਂ ਨਾਲ ਇਹਨਾਂ ਰਾਹਵਾਂ 'ਤੇ ਦੂਰ ਤਕ ਨਿਕਲਦਾ। ਖੇਤਾਂ ਪੈਲੀਆਂ ਤੋਂ ਪਾਰ। ਅੱਗੇ ਰੇਲ ਦਾ ਫਾਟਕ ਆਉਂਦਾ ਸੀ। ਉਥੋਂ ਜੀ. ਟੀ. ਰੋਡ ਦੇ ਨਾਲ ਨਾਲ ਰੇਲ ਅਗਾਂਹ ਪਠਾਨਕੋਟ ਨੂੰ ਨਿਕਲ ਜਾਂਦੀ ਸੀ।

ਆਬਾਦੀ ਦੇ ਦੂਜੇ ਪਾਸਿਓਂ ਡੰਡੀ ਸਰਪੰਚਾਂ ਦੇ ਬਾਗ ਵਿਚੋਂ ਤੇ ਫਿਰ ਪੱਡਿਆਂ ਦੇ ਸ਼ੈਲਰ ਲਾਗੋਂ ਹੁੰਦੀ ਹੋਈ ਸਾਡੇ ਸਕੂਲ ਦੀ ਗਰਾਊਂਡ ਵਿਚ ਜਾ ਮੁੱਕਦੀ ਸੀ। ਏਧਰ ਸਕੂਲ ਤੋਂ ਪਰ੍ਹੇ ਸਰਕਾਰੀ ਕੁਆਰਟਰ ਤੇ ਕਾਰਖ਼ਾਨਿਆਂ ਦਾ ਇਲਾਕਾ ਪੈਂਦਾ ਸੀ। ਬਰਸਾਤਾਂ ਦੇ ਦਿਨੀਂ ਏਧਰ ਗੋਡੇ ਗੋਡੇ ਪਾਣੀ ਹੁੰਦਾ ਜਿਥੇ ਟਾਂਗੇ ਗੱਡੇ ਹਮੇਸ਼ਾ ਫਸੇ ਰਹਿੰਦੇ।

ਉਦੋਂ ਕੀ ਹੋਇਆ ਸੀ ਭਲਾ ? ਮੈਂ ਆਪਣੇ ਦਿਮਾਗ਼ 'ਤੇ ਜ਼ੋਰ ਪਾਉਂਦਾ ਹਾਂ।

ਸ਼ਾਇਦ ਅਠਵੀਂ 'ਚ ਪੜ੍ਹਦਾ ਸਾਂ ਉਦੋਂ। ਮੈਨੂੰ ਚੇਤੇ ਹੈ ਮੈਂ ਪੜ੍ਹਾਈ 'ਚ ਹੁਸ਼ਿਆਰ ਸਾਂ, ਸ਼ਰਾਰਤੀ ਵੀ ਸਾਂ, ਨਿੱਕੇ ਮੋਟੇ ਪੰਗੇ ਵੀ ਲੈਂਦਾ ਸਾਂ, ਪਰ ਸਰੀਰਕ ਪੱਖੋਂ ਆਪਣੇ ਹਾਣੀਆਂ ਨਾਲੋਂ ਕਮਜ਼ੋਰ ਸਾਂ। ਰਾਹ ਵਿਚਲੇ ਬਾਗ ਤੇ ਫੇਰ ਸ਼ੈਲਰ ਦੀ ਗਰਾਊਂਡ ਵਿਚੋਂ ਲੰਘਣ ਤੇ ਸ਼ੌਰਟ-ਕੱਟ ਬਣ ਜਾਂਦਾ ਸੀ। ਅਸੀਂ ਆਉਂਦੇ ਜਾਂਦੇ ਅਮਰੂਦ ਤੋੜ ਲੈਂਦੇ ਤੇ ਝੋਲ਼ਿਆਂ 'ਚ ਲੁਕਾ ਲੈਂਦੇ। ਕਦੇ ਝੋਨੇ ਦੀ ਮੁੱਠ ਭਰ ਕੇ ਨਿੱਕਰਾਂ ਦੀਆਂ ਜੇਬਾਂ 'ਚ ਪਾ ਲੈਂਦੇ ਤੇ ਦਾਣਾ ਦਾਣਾ ਟੁੱਕਦੇ ਜਾਂਦੇ। ਸਾਨੂੰ ਇਹਨਾਂ ਦੋਹਾਂ ਥਾਵਾਂ ਦੇ ਮਾਲਕਾਂ ਨੇ ਕਦੇ ਵਰਜਿਆ ਨਹੀਂ ਸੀ। ਉਂਜ ਉਹ ਸਾਡੇ 'ਤੇ ਅੱਖ ਰੱਖਦੇ ਤੇ ਆਪਣਾ ਰੋਅਬ ਬਣਾਈ ਰੱਖਦੇ ਸਨ।

ਝੋਨੇ ਦੇ ਦਿਨੀਂ ਕਸ਼ਮੀਰੀ ਹਾਤੋ ਪਿੰਨੀਆਂ ਤਕ ਲੰਮੇ ਚੋਗੇ ਪਾਈ ਗਰਾਊਂਡ ਵਿਚ ਸੁਕਾਉਣ ਲਈ ਖਿਲਾਰੇ ਝੋਨੇ ਵਿਚ ਲੀਹਾਂ ਵਾਹੁੰਦੇ ਨੰਗੇ ਪੈਰੀਂ ਤੁਰਦੇ ਸਨ। ਉਹ ਖ਼ਾਲੀ ਪੀਪਾ ਖੜਕਾ ਖੜਕਾ 'ਹੋਏ ਹੋਏ' ਕਰਦੇ ਤੋਤੇ ਕਬੂਤਰ ਉਡਾਉਂਦੇ। ਸ਼ਾਮ ਨੂੰ ਉਹ ਝੋਨੇ ਦੀਆਂ ਢੇਰੀਆਂ ਲਾ ਕੇ ਤੱਪੜਾਂ ਨਾਲ ਢੱਕ ਦਿੰਦੇ। ਸਵੇਰੇ ਫੇਰ ਖਿਲਾਰਦੇ ਤੇ ਵਿਚ ਫਿਰ ਫਿਰ ਕੇ ਸੁਕਾਉਣ ਲਗਦੇ। ਅਸੀਂ ਸਵੇਰੇ ਸਕੂਲ ਤੁਰਨ ਲੱਗੇ ਗੁਲੇਲਾਂ ਤੇ ਗੀਟ੍ਹੇ ਝੋਲ਼ਿਆਂ ਵਿਚ ਰੱਖ ਨਿੱਕੇ ਮੋਟੇ ਸ਼ਿਕਾਰ ਦਾ ਸ਼ੌਕ ਵੀ ਫਰਮਾਉਂਦੇ। ਬੀਬੀ ਮੈਨੂੰ ਸਵੇਰੇ ਬਿਨਾਂ ਨਾਗਾ ਤਾੜਨਾ ਕਰਕੇ ਘਰੋਂ ਤੋਰਦੀ ਸੀ ਕਿ ਚੋਰੀ ਅਮਰੂਦ ਨਹੀਂ ਤੋੜਨਾ। ਦੁਪਹਿਰੇ ਬਾਗ ਵਿਚ ਇਕੱਲੇ ਨਹੀਂ ਫਿਰਨਾ। ਕਿਸੇ ਨਾਲ ਝਗੜਾ ਨਹੀਂ ਕਰਨਾ। ਜੇ ਕੋਈ ਕੁਝ ਕਹਿ ਵੀ ਦਏ ਤਾਂ ਚੁੱਪਚਾਪ ਘਰ ਆ ਜਾਣਾ।

ਉਸ ਦਿਨ ਅੱਧੀ ਛੁੱਟੀ ਵੇਲੇ ਮੈਂ ਸ਼ਿਕਾਰ ਖੇਡਦਾ ਖੇਡਦਾ ਸ਼ੈਲਰ ਵੱਲ ਆ ਨਿਕਲਿਆ ਸਾਂ। ਗਰਾਊਂਡ ਦੀ ਇਕ ਗੁੱਠੇ ਅੰਬ ਦੀ ਛਾਵੇਂ ਇਕ ਹਾਤੋ ਨਿੱਕਾ ਜਿਹਾ ਹੁੱਕਾ ਲਈ ਬੈਠਾ ਸੀ। ਮੈਂ ਉਸਤੋਂ ਬੇਧਿਆਨ ਝੋਨਾ ਟੁੱਕ ਰਹੇ ਇਕ ਕਬੂਤਰ 'ਤੇ ਨਿਸ਼ਾਨਾ ਬੰਨ੍ਹ ਰਿਹਾ ਸਾਂ। ਗੀਟ੍ਹਾ ਚਲਾਇਆ ਤਾਂ ਉਹ ਕਿਧਰੇ ਹੋਰ ਈ ਜਾ ਵੱਜਾ।

ਹਾਤੋ ਠਹਾਕਾ ਮਾਰ ਕੇ ਹੱਸਿਆ। ਹੱਸਦਿਆਂ ਹੱਸਦਿਆਂ ਉਹਨੂੰ ਉੱਥੂ ਆ ਗਿਆ। ਫਿਰ ਬੋਲਿਆ, 'ਅਰੇ ਓ ਸ਼ਿਕਾਰੀ, ਜ਼ਰਾ ਇਧਰ ਤੋ ਆ।'

ਮੈਂ ਉਹਦੇ ਲਾਗੇ ਜਾ ਖਲੋਤਾ। ਉਹਨੇ ਪੁੱਛਿਆ, 'ਕੋਈ ਸ਼ਿਕਾਰ ਮਾਰਾ ?'

'ਨਹੀਂ।' ਮੈਂ ਬੇਦਿਲੀ ਨਾਲ ਕਿਹਾ, 'ਇਹ ਠੀਕ ਨਹੀਂ ਮੇਰੀ ਗੁਲੇਲ।'

'ਦਿਖਾ।' ਉਹਨੇ ਹੱਥ ਵਧਾ ਕੇ ਮੈਥੋਂ ਗੁਲੇਲ ਲੈ ਲਈ। ਰਬੜਾਂ ਨੂੰ ਖਿੱਚ ਕੇ ਵੇਖਿਆ। ਲਾਗੋਂ ਇਕ ਗੀਟ੍ਹਾ ਫੜਿਆ। ਚਮੜੇ ਵਿਚ ਫਸਾਇਆ ਤੇ ਖਿੱਚ ਕੇ ਇਕ ਕਬੂਤਰ ਵੱਲ ਸ਼ਿਸ਼ਤ ਬੱਧੀ। ਗੀਟ੍ਹਾ ਛੱਡਿਆ ਤਾਂ ਕਬੂਤਰ ਉਥੇ ਹੀ ਫੜਫੜਾਉਣ ਲੱਗਾ। ਉਹ ਮੇਰੇ ਵੱਲ ਜੇਤੂ ਅੰਦਾਜ਼ ਵਿਚ ਵੇਖ ਕੇ ਮੁਸਕਰਾਇਆ। ਅਜੀਬ ਜਿਹੀ ਮੁਸਕਰਾਹਟ। ਫਿਰ ਉਹਨੇ ਅੱਖ ਦੱਬੀ, ਜਿਵੇਂ ਸ਼ਿਸਤ ਬੰਨ੍ਹਣ ਲੱਗਿਆਂ



ਕਬੂਤਰ ਵੱਲ ਦੱਬੀ ਸੀ। ਬੋਲਿਆ, 'ਐਸੇ ਮਾਰਤੇ ਹੈਂ ਸ਼ਿਕਾਰ। ਮਿਲਾਓ ਹਾਥ, ਕਯਾ ਹਾਲ ਹੈ ? ਮੇਰਾ ਨਾਮ ਅਬਦੁਲ ਰਹਿਮਾਨ ਹੈ।'

ਮੈਂ ਚੁੱਪ ਰਿਹਾ ਤੇ ਉਹਦੇ ਹੱਥ ਵਿਚ ਆਪਣੇ ਹੱਥ ਦੇ ਦਿੱਤਾ। ਮੈਨੂੰ ਨਾਲ ਲੈ ਕੇ ਉਹ ਅਗਾਂਹ ਵਧਿਆ ਤੇ ਤੜਫਦਾ ਕਬੂਤਰ ਫੜ ਲਿਆਇਆ। ਗੁਲੇਲ ਮੈਨੂੰ ਫੜਾ ਤੇ ਹੁੱਕਾ ਸਾਂਭਦਾ ਉਹ ਬੋਲਿਆ, 'ਆ ਜਾ ਮੇਰੇ ਕੁਆਟਰ ਮੇਂ।'

ਮੇਰਾ ਧਿਆਨ ਕਬੂਤਰ ਵੱਲ ਸੀ। ਉਹਨੇ ਸਹਿਕਦੇ ਕਬੂਤਰ ਨੂੰ ਲੱਤਾਂ ਤੋਂ ਫੜ ਕੇ ਲਮਕਾਇਆ ਹੋਇਆ ਸੀ। ਮੇਰੇ ਖ਼ਿਆਲ ਵਿਚ ਸੀ ਕਿ ਇਹ ਕਬੂਤਰ ਉਹਨੇ ਮੇਰੇ ਲਈ ਮਾਰਿਆ ਹੈ ਤੇ ਮੈਨੂੰ ਦੇ ਦਏਗਾ, ਇਸ ਸੋਚ ਨਾਲ ਮੈਂ ਗਰਾਊਂਡ ਦੀ ਅਗਲੀ ਗੁੱਠੇ ਉਹਦੇ ਟੀਨ ਦੀ ਛੱਤ ਵਾਲੇ ਕੁਆਟਰ ਵਿਚ ਚਲਿਆ ਗਿਆ। ਉਥੇ ਇਕ ਢਿੱਲੀ ਜਿਹੀ ਮੰਜੀ, ਇਕ ਜੁੱਲੀ ਤੇ ਮਿੱਟੀ ਦੇ ਤੇਲ ਵਾਲਾ ਸਟੋਵ ਪਿਆ ਸੀ। ਲਾਗੇ ਗੰਢੇ, ਆਲੂ ਤੇ ਸੁਕੀਆਂ ਜਿਹੀਆਂ ਮੂਲੀਆਂ ਪਈਆਂ ਸਨ।

ਉਹਨੇ ਬੇਪਰਵਾਹੀ ਨਾਲ ਕਬੂਤਰ ਨੂੰ ਕੁਆਟਰ ਦੀ ਗੁੱਠ ਵਿਚ ਸੁੱਟ ਦਿੱਤਾ। ਆਪਣੇ ਹੱਥ ਨਾਲ ਮੇਰੀ ਨਿੱਕਰ ਨੂੰ ਅੱਗਿਓਂ ਟੋਹਣ ਲੱਗਾ। ਮੈਂ ਪਿੱਛੇ ਹੋ ਗਿਆ। ਬੋਲਿਆ, 'ਜ਼ਰਾ ਦਿਖਾਓ, ਕੈਸਾ ਹੈ ਸਾਮਾਨ ?' ਮੈਂ ਡਰ ਕੇ ਉਹਦੇ ਮੂੰਹ ਵੱਖ ਵੇਖਿਆ। ਉਹ ਵਰਾਛਾਂ ਖਿੱਚ ਕੇ ਅਜੀਬ ਜਿਹੇ ਢੰਗ ਨਾਲ ਮੁਸਕਰਾ ਰਿਹਾ ਸੀ।

ਮੇਰਾ ਧਿਆਨ ਮਰ ਰਹੇ ਕਬੂਤਰ ਵੱਲ ਹੀ ਸੀ। ਉਹਨੇ ਸੱਜੇ ਹੱਥ ਦੀ ਮੁੱਠ ਮੀਟ ਕੇ ਵਿੱਚ ਖੱਬੇ ਹੱਥ ਦੀ ਪਹਿਲੀ ਉਂਗਲੀ ਘੁੰਮਾਈ ਤੇ ਕਿਹਾ, 'ਚੱਲੇਗਾ ?' ਉਹਦੇ ਇਸ਼ਾਰੇ ਦੀ ਮੈਨੂੰ ਸਮਝ ਵੀ ਕੋਈ ਨਾ ਲੱਗੀ। ਪਰ ਉਹਦੀ ਹਰਕਤ ਤੋਂ ਪ੍ਰੇਸ਼ਾਨ ਹੋ ਕੇ ਮੈਂ ਕਿਹਾ, 'ਮੈਨੂੰ ਜਾਣ ਦੇ।'

ਉਹ ਬੋਲਿਆ, 'ਪਾਂਚ ਰੁਪਏ ਦੂੰਗਾ ਔਰ ਕਬੂਤਰ ਭੀ।' ਉਹਨੇ ਆਪਣੀ ਵੱਖੀ ਵੱਲ ਦੇ ਖੀਸੇ ਵਿਚੋਂ ਘਸਮੈਲਾ ਜਿਹਾ ਮੁੜਿਆ ਤੁੜਿਆ ਨੋਟ ਕੱਢਿਆ ਤੇ ਮੇਰੀ ਨਿੱਕਰ ਦੀ ਜੇਬ ਵਿਚ ਤੁੰਨ ਕੇ ਫਿਰ ਪਹਿਲਾਂ ਵਾਲੀ ਹਰਕਤ ਦੁਹਰਾਉਣ ਲੱਗਾ। ਨਾਲ ਹੀ ਉਹਨੇ ਚੋਗੇ ਥੱਲਿਓਂ ਆਪਣਾ ਤੰਬਾ ਖਿਸਕਾਉਣਾ ਸ਼ੁਰੂ ਕਰ ਦਿੱਤਾ।

ਮੈਂ ਚੀਕ ਮਾਰ ਕੇ ਦੌੜਨਾ ਚਾਹਿਆ ਤਾਂ ਉਹਨੇ ਮੇਰੀ ਬਾਂਹ ਫੜ ਲਈ ਤੇ ਗੰਦੇ ਮੰਦੇ ਇਸ਼ਾਰੇ ਕਰਦਾ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ। ਮੈਂ ਹਿੰਮਤ ਕਰਕੇ ਉਹਨੂੰ ਧੱਕਾ ਮਾਰਿਆ ਤਾਂ ਉਹਨੇ ਮੇਰੇ ਮੂੰਹ 'ਤੇ ਥੱਪੜ ਜੜ ਦਿੱਤਾ। ਪਲ ਦੀ ਪਲ ਮੈਂ ਬੌਂਦਲ ਗਿਆ। ਫਿਰ ਸੰਭਲਦਿਆਂ ਮੈਂ ਜੇਬ 'ਚੋਂ ਪੰਜਾਂ ਦਾ ਨੋਟ ਕੱਢ ਕੇ ਵਗਾਹ ਮਾਰਿਆ ਤੇ ਉਹਦੇ ਚੁੰਗਲ 'ਚੋਂ ਛੁਟ ਘਰ ਵੱਲ ਸ਼ੂਟ ਵੱਟ ਦਿੱਤੀ। ਸਾਰੀ ਵਾਟ ਮੈਂ ਰੁਕਿਆ ਨਹੀਂ। ਘਰ ਪਹੁੰਚ ਮੈਂ ਮੰਜੇ 'ਤੇ ਢਹਿ ਪਿਆ। ਮੈਨੂੰ ਇਹ ਵੀ ਚੇਤਾ ਨਾ ਰਿਹਾ ਕਿ ਮੇਰਾ ਬਸਤਾ ਸਕੂਲੇ ਹੀ ਸੀ ਤੇ ਮੈਂ ਅੱਧੀ ਛੁੱਟੀ 'ਤੇ ਸਾਂ। ਮੇਰੀ ਉੱਖੜੀ ਹੋਈ ਹਾਲਤ ਵੇਖ ਕੇ ਬੀਬੀ ਨੇ ਮੇਰਾ ਮੱਥਾ ਵੇਖਿਆ ਤੇ ਬੁਖ਼ਾਰ ਦਾ ਕਿਆਸ ਲਾਇਆ। ਮੈਨੂੰ ਚੇਤਾ ਕਰਾਇਆ ਕਿ ਮੈਂ ਦੁਪਹਿਰੇ ਕਿਉਂ ਬਾਗਾਂ ਤੌੜਾਂ ਵਿਚ ਆਵਾਗੌਣ ਫਿਰਦਾ ਹਾਂ ? ਰਾਤੀਂ ਬੁਖ਼ਾਰ ਵਧ ਗਿਆ ਸੀ। ਬੀਬੀ ਨੇ ਬਿਨਫ਼ਸ਼ੇ ਵਾਲੀ ਚਾਹ ਨਾਲ ਇਕ ਗੋਲੀ ਦਿੱਤੀ। ਮੇਰੇ ਖ਼ਿਆਲਾਂ ਵਿਚ ਹਾਤੋਂ ਕਈ ਡਰਾਉਣੇ ਰੂਪਾਂ ਵਿਚ ਮੰਡਰਾਉਂਦਾ ਰਿਹਾ। ਕਿੰਨੀ ਵਾਰੀ ਮੈਂ ਬਰੜਾਅ ਕੇ ਉਠਿਆ। ਮੈਨੂੰ ਜਾਪਦਾ ਜਿਵੇਂ ਕੋਈ ਮੇਰੀ ਨਿੱਕਰ ਵਿਚ ਹੱਥ ਪਾ ਰਿਹਾ।

ਪਿਤਾ ਜੀ ਨੇ ਮੇਰੇ ਮੱਥੇ ਨੂੰ ਘੁੱਟਦਿਆਂ, 'ਹਮਰੀ ਕਰੋ ਹਾਥ ਦੇ ਰੱਛਾ ...' ਦਾ ਪਾਠ ਪੜ੍ਹਿਆ। ਸਵੇਰੇ ਆਪ ਸਾਇਕਲ 'ਤੇ ਬਿਠਾ ਮੈਨੂੰ ਸਕੂਲ ਛੱਡਣ ਗਏ ਤਾਂ ਕਿ ਟੀਚਰ ਇੰਚਾਰਜ ਅੱਧੀ ਛੁੱਟੀ ਦੌੜਨ ਕਾਰਨ ਗੁੱਸੇ ਨਾ ਹੋਵੇ। ਸਾਰਾ ਦਿਨ ਮੇਰਾ ਪੜ੍ਹਾਈ ਵਿਚ ਮਨ ਨਾ ਖੁਭਿਆ। ਸ਼ਾਮੀਂ ਮੈਂ ਆਪਣੇ

ਹਾਣੀਆਂ ਨੂੰ ਮਜਬੂਰ ਕੀਤਾ ਕਿ ਆਪਣਾ ਸੜਕੇ ਸੜਕ ਘਰ ਜਾਣਾ ਹੈ। ਹਾਤੋ ਦੇ ਸਾਹਮਣੇ ਹੋਣ ਤੋਂ ਮੈਂ ਡਰ ਰਿਹਾ ਸਾਂ। ਮੈਨੂੰ ਲਗਦਾ ਸੀ, ਉਹ ਸਾਹਮਣੇ ਆ ਗਿਆ ਤਾਂ ਮੈਨੂੰ ਫੜ ਲਏਗਾ।

ਅਗਲੇ ਦਿਨ ਸਕੂਲੋਂ ਆਇਆ ਤਾਂ ਸ਼ਾਲ ਮਫ਼ਲਰ ਵੇਚਦੇ ਦੋ ਹਾਤੋ ਸਾਡੇ ਘਰ ਬੈਠੇ ਸਨ। ਲਾਗੇ ਹੀ ਮੇਰੀ ਬੀਬੀ ਤੇ ਦੋ ਗੁਆਂਢਣਾਂ ਬੈਠੀਆਂ ਉਹਨਾਂ ਦਾ ਖੋਲ੍ਹ ਕੇ ਖਿਲਾਰਿਆ ਸਾਮਾਨ ਵੇਖ ਰਹੀਆਂ ਸਨ। ਵੇਖਦਿਆਂ ਹੀ ਜਿਵੇਂ ਸਿਰ ਘੁੰਮਣ ਲੱਗਾ। ਮੈਨੂੰ ਲੱਗਾ ਜਿਵੇਂ ਇਹ ਅਬਦੁੱਲ ਦੇ ਭੇਜੇ ਬੰਦੇ ਹੋਣ, ਹੁਣੇ ਮੈਨੂੰ ਫੜ ਲੈਣਗੇ। ਮੈਂ ਜ਼ਿਦ ਘੱਤ ਲਈ ਕਿ ਇਹਨਾਂ ਨੂੰ ਹੁਣੇ ਏਥੋਂ ਚਲਦਾ ਕਰੋ। ਬੀਬੀ ਤੇ ਗੁਆਂਢਣ ਮਾਸੀਆਂ ਮੇਰੀ ਜ਼ਿਦ ’ਤੇ ਹੈਰਾਨ ਹੋ ਕੇ ਅਖ਼ੀਰ ਉੱਠ ਪਈਆਂ ਤੇ ਬੋਲੀਆਂ, ‘ਜਾਓ ਭਰਾਓ, ਫੇਰ ਆਇਓ ਕਦੀ।’

ਕਿੰਨੇ ਹੀ ਦਿਨ ਉਹ ਦ੍ਰਿਸ਼ ਮੇਰੇ ਸੁਪਨਿਆਂ ਵਿਚ ਘੁੰਮਦਾ ਰਿਹਾ। ਹਾਤੋ ਦਾ ਵਿਕਰਾਲ ਰੂਪ ਮੇਰੇ ਸਾਹਮਣੇ ਕਈ ਰੰਗ ਵਟਾਉਂਦਾ। ਉਹਦੀ ਮਾਰੀ ਚਪੇੜ ਦਾ ਸੇਕ ਗੱਲ੍ਹ ’ਚੋਂ ਨਿਕਲਦਾ। ਕਿੰਨੀ ਹੀ ਵਾਰ ਮੈਂ ਡਡਿਆ ਕੇ ਨੀਂਦ ’ਚੋਂ ਜਾਗਿਆ।

‘ਖ਼ੌਰੇ ਕਿਥੇ ਫਿਰਦਾ ਹੈ ਸਾਰਾ ਸਾਰਾ ਦਿਨ ?’ ਬੀਬੀ ਨੇ ਪਿਤਾ ਜੀ ਨਾਲ ਚਿੰਤਾ ਜ਼ਾਹਰ ਕੀਤੀ। ਉਹਦਾ ਵਿਸ਼ਵਾਸ ਸੀ, ਕਿਸ਼ੋਰ ਉਮਰ ਦੇ ਬੱਚਿਆਂ ਨੂੰ ਦੁਪਹਿਰੀਂ ਕੱਲੇ ਕਾਰੇ ਵੇਖ ਕੇ ਅਵਾਰਾ ਰੂਹਾਂ ਕਾਬੂ ਕਰ ਲੈਂਦੀਆਂ ਨੇ।

‘ਬੇਸਮਝ ਤੇ ਸਿੱਧਾ ਹੈ ਇਹ ਮੁੰਡਾ, ਆਪਣਾ ਚੰਗਾ-ਬੁਰਾ ਨਹੀਂ ਪਛਾਣਦਾ। ਤਾਂ ਹੀ ਧੋਖਾ ਖਾਂਦਾ ਹੈ।’ ਪਿਤਾ ਜੀ ਨੇ ਕਿਹਾ।

ਇਕ ਦਿਨ ਮੈਂ ਆਪਣੇ ਸਾਇੰਸ ਮਾਸਟਰ ਪੰਡਤ ਦੇਵ ਰਾਜ ਨੂੰ ਪੁੱਛਿਆ ਸੀ, ‘ਮਾਸਟਰ ਜੀ, ਭੂਤ ਚੁੜੇਲਾਂ ਸੱਚੀਓਂ ਹੁੰਦੇ ਨੇ ?’

ਉਹਨੇ ਆਦਤ ਮੂਜਬ ਗਾਂਧੀ ਸਟਾਈਲ ਐਨਕ ਤੋਤੇ ਦੀ ਚੁੰਝ ਵਰਗੇ ਆਪਣੇ ਨੱਕ ’ਤੇ ਦਰੁਸਤ ਕੀਤੀ ਤੇ ਕਿਹਾ ਸੀ, ‘ਸਾਇੰਸ ਨਹੀਂ ਮੰਨਦੀ, ਪਰ ਜੇ ਏਨੇ ਲੋਕ ਮੰਨਦੇ ਨੇ ਤਾਂ ਕੀ ਕਿਹਾ ਜਾ ਸਕਦਾ ਭਈ ? ਹੋ ਸਕਦੈ ਹੁੰਦੇ ਵੀ ਹੋਣ। ਉਂਜ ਮੇਰਾ ਯਕੀਨ ਨਹੀਂ।’ ਫਿਰ ਉਹਨੇ ਐਨਕ ਲਾਹ ਕੇ ਉਹਦੇ ਮੋਟੇ ਸ਼ੀਸ਼ਿਆਂ ਨੂੰ ਕਮੀਜ਼ ਦੇ ਕੋਣੇ ਨਾਲ ਸਾਫ਼ ਕੀਤਾ ਤੇ ਕਿਹਾ, ‘ਨਿੱਕੇ ਹੁੰਦਿਆਂ ਤੋਂ ਸਾਡੇ ਦਿਮਾਗਾਂ ਵਿਚ ਇਹਨਾਂ ਦੀ ਹੋਂਦ ਦਾ ਵਹਿਮ ਭਰ ਦਿੱਤਾ ਜਾਂਦਾ, ਜਿਹੜਾ ਨਿਕਲਦਾ ਨਹੀਂ। ਮੈਨੂੰ ਵੀ ਪਤਾ ਸਾਇੰਸ ਨਹੀਂ ਮੰਨਦੀ। ਪਰ ਹਨੇਰੇ ਵਿਚ ਕਈ ਸ਼ੈਵਾਂ ਹਾਲੇ ਵੀ ਸਾਡੇ ਲਈ ਡਰ ਦਾ ਸਬੱਬ ਬਣ ਜਾਂਦੀਆਂ।’

‘ਪਰ ਮਾਸਟਰ ਜੀ, ਸਾਇੰਸ ਕਿਵੇਂ ਕਹਿੰਦੀ ਆ ਕਿ ਇਹ ਨਹੀਂ ਹੁੰਦੇ ?’ ਮੇਰੀ ਤਸੱਲੀ ਨਹੀਂ ਸੀ ਹੋ ਰਹੀ।

‘ਸਾਇੰਸ ਕਹਿੰਦੀ ਆ ਕਿ ਇਹ ਮਨ ਦੇ ਵਿਗੜੇ ਹੋਏ ਪ੍ਰਭਾਵ ਹੁੰਦੇ ਆ। ਅਧੂਰੀਆਂ ਇੱਛਾਵਾਂ ਮਨ ’ਤੇ ਪਥੱਲਾ ਮਾਰ ਕੇ ਬਹਿ ਜਾਂਦੀਆਂ। ਮਨ ਉਪਰਲਾ ਬੋਝ ਰੋਗ ਬਣ ਜਾਂਦਾ। ਇਕ ਸਬਜੈਕਟ ਹੁੰਦਾ ਮਨੋਵਿਗਿਆਨ, ਉਹ ਦਸਦਾ ਇਹ ਸਭ। ਮੈਂ ਉਹ ਨਹੀਂ ਪੜ੍ਹਿਆ, ਇਸ ਲਈ ਮੈਨੂੰ ਇਸ ਤੋਂ ਵੱਧ ਨਹੀਂ ਪਤਾ।’

ਮੇਰਾ ਮਨ ਵੀ ਦੁਚਿੱਤੀਆਂ ਦਾ ਸ਼ਿਕਾਰ ਹੋ ਜਾਂਦਾ। ਇਹ ਗੱਲਾਂ ਰੌਚਿਕ ਵੀ ਲਗਦੀਆਂ ਤੇ ਡਰਾਉਣੀਆਂ ਵੀ। ਕੁੱਬਿਆਂ ਦੇ ਬਾਬੇ ਮੁੱਖੇ ਨੂੰ ਤਾਂ ਮੈਂ ਅੱਖੀਂ ਵੇਖਿਆ ਸੀ ਅੰਨ੍ਹੇ ਵਾਹ ਸਿਰ ਮਾਰਦਿਆਂ। ਲੋਕੀ ਆਂਹਦੇ ਸਨ ਉਹਦੇ ਵਿਚ ਭੈਰੋਂ ਆਉਂਦਾ। ਮੈਨੂੰ ਮੁੱਖੇ ਬਾਬੇ ਹੋਰਾਂ ਦੇ ਚੁਬਾਰੇ ਵੱਲ ਜਾਣੋਂ ਵੀ ਡਰ ਲੱਗਦਾ ਸੀ। ਉਹਨਾਂ ਦੇ ਦੋ ਹਲਟੇ ਖੂਹ ਦੇ ਨਾਲ ਚੁਬਾਰਾ ਸੀ। ਸਾਹਮਣੇ ਅੰਬਾਂ ਦੇ ਤਿੰਨ-ਚਾਰ ਰੁੱਖ ਸਨ



ਜਿਥੇ ਬੈਠੀਆਂ ਮੱਝਾਂ-ਗਾਵਾਂ ਜੁਗਾਲੀ ਕਰਦੀਆਂ। ਬਾਬਾ ਅਵੈੜੇ ਸੁਭਾਅ ਦਾ ਸੀ ਤੇ ਬਹੁਤੇ ਲੋਕ ਉਹਦੇ ਤੋਂ ਭੈਅ ਖਾਂਦੇ ਸਨ। ਸਾਡੀ ਹੋਸ਼ੋਂ ਪਹਿਲਾਂ ਉਹ ਕਿਧਰੇ ਫ਼ੌਜੀ ਹੁੰਦਾ ਸੀ, ਜਿਥੇ ਉਹਨੇ ਆਪਣੇ ਕੈਂਪ ਨੇੜਲੇ ਕਿਸੇ ਪਿੰਡ ਦੀ ਇਕ ਸਵਾਣੀ ਨੂੰ ਲਾਗਲੇ ਚਰ੍ਹੀ ਬਾਜਰੇ ਦੇ ਖੇਤ ਵਿਚ ਫੜ ਕੇ ਬੇਇਜ਼ਤ ਕਰ ਦਿੱਤਾ ਸੀ। ਸੁਣਿਆ ਸੀ ਕਿ ਫ਼ੌਜ ਨੇ ਉਹਦਾ ਕੋਰਟ ਮਾਰਸ਼ਲ ਕਰਨ ਤੋਂ ਬਾਅਦ ਨੌਕਰੀਓਂ ਕੱਢ ਦਿੱਤਾ ਸੀ। ਏਥੇ ਸਾਡੇ ਨੇੜੇ ਤੇੜੇ ਇਹ ਸਾਰੇ ਜਾਣਦੇ ਸਨ ਕਿ ਮੁੱਖਾ ਫ਼ੌਜੀ ਜਦੋਂ ਭੈਰੋਂ ਦੇ ਪਹਿਰੇ ਹੇਠ ਹੁੰਦਾ ਤਾਂ ਕਿਵੇਂ ਆਪਣੀ ਮਾੜਚੂ ਜਿਹੀ ਤੀਵੀਂ ਦੀ ਧੂਹ ਘਸੀਟ ਕਰਦਾ ਸੀ। ਉਹ ਰਾਤਾਂ ਨੂੰ ਚੀਕਾਂ ਮਾਰ ਮਾਰ ਬਾਹਰ ਨੂੰ ਨੱਸਦੀ ਸੀ। ਲੋਕੀਂ ਉਹਦੀਆਂ ਆਦਤਾਂ ਦੀ ਨੁਕਤਾਚੀਨੀ ਕਰਦੇ ਪਰ ਜਦੋਂ ਤੋਂ ਉਹਦੇ ਨਾਂ ਨਾਲ ਬਾਬਾ ਸੰਬੋਧਨ ਜੁੜ ਗਿਆ ਸੀ, ਲੋਕ ਉਹਦੇ ਪੈਰੀਂ ਹੱਥ ਵੀ ਲਾਉਂਦੇ, ਉਹਦੀਆਂ ਗਾਲ਼ਾਂ ਵੀ ਖਾਂਦੇ ਤੇ ਉਹਦੀ ਸੇਵਾ ਲਈ ਵੀ ਤਤਪਰ ਰਹਿੰਦੇ ਸਨ।

ਉਹ ਲੋਕਾਂ ਦੇ ‘ਕਣ’ ਕੱਢਦਾ, ‘ਪੁੱਛਾਂ’ ਦੇ ਜਵਾਬ ਦਿੰਦਾ, ਕਿਧਰੇ ਕੋਈ ਟੁੱਲ ਵੱਜ ਜਾਂਦਾ ਤਾਂ ਮਸਲਾ ਹੱਲ ਵੀ ਹੋ ਜਾਂਦਾ। ਕਈ ਵਾਰ ਲੋਕਾਂ ਦੇ ਆਪਸ ਵਿਚ ਕੁਪੱਤ ਹੋ ਜਾਂਦੇ। ਕਿਸੇ ਦਾ ਦੋਸ਼ ਕਿਸੇ ਹੋਰ ਸਿਰ ਮੜ੍ਹ ਦਿੰਦਾ। ਉਹਦੇ ਚੁਬਾਰੇ ’ਤੇ ਕਈ ਹੰਗਾਮੇ ਹੋਏ ਸਨ। ਕਈ ਵਾਰ ਇੱਟਾਂ ਰੋੜੇ ਚੱਲੇ ਸਨ। ਬਹੁਤੇ ਓਹੀ ਲੋਕ ਆਉਂਦੇ ਜਿਨ੍ਹਾਂ ਦੇ ਗਹਿਣੇ-ਗੱਟੇ ਚੋਰੀ ਹੋ ਗਏ ਹੁੰਦੇ ਜਾਂ ਕਿਸੇ ਦਾ ਜੁਆਨ ਧੀ-ਪੁੱਤਰ ਦੌੜ ਗਿਆ ਹੁੰਦਾ। ਉਹਦੇ ਚੁਬਾਰੇ ਹਰ ਦੂਜੇ ਚੌਥੇ ਦਿਨ ਰੌਣਕ ਲੱਗੀ ਹੁੰਦੀ। ਬਾਬਾ ਆਪਣੇ ਅੱਗੇ ਧੂਣੀ ਧੁਖਾ ਕੇ ਖੇਡਣ ਬਹਿ ਜਾਂਦਾ ਤੇ ਫਿਰ ਭੈਰੋਂ ਦੇ ਮੂੰਹੋਂ ਦੋਸ਼ੀ ਦਾ ਹੁਲੀਆ ਦਸਦਾ, ‘ਉਹ ਗੋਰੀ ਤੇ ਜਵਾਨ ਜਿਹਨੇ ਚੁਕਿਆ ਹੈ ਗਹਿਣਾ, ਉਹਦਾ ਸਵੇਰੇ ਸ਼ਾਮ ਤੁਹਾਡੇ ਘਰ ਆਉਣਾ ਜਾਣਾ, ਉਹਨੇ ਕੱਲ੍ਹ ਸ਼ਾਮ ਤਕ ਆਪੇ ਘਰੇ ਸੁੱਟ ਜਾਣਾ। ਜਾਂ ਫਿਰ, ਉਚੇ ਘਰ ਵਾਲਿਆਂ ਕੁੜੀ ਨੂੰ ਭਜਾਇਆ, ਸਿਰ ਸਾਫ਼ਾ ਤੇੜ ਤੰਬਾ ਪਾਇਆ। ਨਾਂ ਉਹਦਾ ਕੱਕੇ ਤੋਂ ਕਹਾਇਆ।’

ਉਹਨੂੰ ‘ਖੇਡਦਿਆਂ’ ਵੇਖ ਕੇ ਮੇਰੀਆਂ ਲੱਤਾਂ ਕੰਬਣ ਲੱਗ ਜਾਂਦੀਆਂ। ਉਹਦੇ ਵਾਲ ਖੁੱਲ੍ਹੇ ਹੁੰਦੇ ਤੇ ਲਾਗੇ ਜੱਗੀ ਢੋਲ ਵਾਲਾ ਦਬਾ ਦਬ ਗਲ਼ ਪਾਇਆ ਢੋਲ ਕੁੱਟੀ ਜਾਂਦਾ। ਲੋਕੀਂ ਬਾਬੇ ਮੁੱਖੇ ਦੇ ਕਮਰੇ ਤੋਂ ਬਾਹਰ ਉਤਰਦੀਆਂ ਪੌੜੀਆਂ ਤੱਕ ਦਾ ਰਾਹ ਖ਼ਾਲੀ ਕਰ ਦਿੰਦੇ। ਉਹ ਕਹਿੰਦੇ ਕਿ ਏਸ ਰਾਹੇ ਭੈਰੋਂ ਨੇ ਆਉਣਾ ਤੇ ਜਾਣਾ। ਅਸੀਂ ਬੱਚੇ ਇਕ ਗੁੱਠੇ ਖਲੋ ਕੇ ਇਸ ਦ੍ਰਿਸ਼ ਨੂੰ ਮਾਣਦੇ ਵੀ ਤੇ ਵਿਚੋਂ ਭੈਅ ਵੀ ਖਾਂਦੇ।

ਸਾਡੇ ਮੁਹੱਲੇ ਵੱਲ ਦੀਆਂ ਜ਼ਨਾਨੀਆਂ ਜੰਗਲ ਪਾਣੀ ਲਈ ਕੁੱਬਿਆਂ ਦੇ ਖੇਤਾਂ ਵੱਲ ਜਾਂਦੀਆਂ ਸਨ। ਹਨੇਰੇ ਸਵੇਰੇ ਬੀਬੀ ਕਦੀ ਮੈਨੂੰ ਨਾਲ ਲੈ ਜਾਂਦੀ ਤੇ ਕਹਿੰਦੀ, ‘ਤੂੰ ਏਥੇ ਖੂਹ ਤੇ ਖਲੋਤਾ ਰਹੁ’ ਤੇ ਆਪ ਹੇਠਾਂ ਨੀਵੀਆਂ ਪੈਲੀਆਂ ਵਿਚ ਉੱਤਰ ਜਾਂਦੀ। ਮੈਂ ਬਾਬੇ ਮੁੱਖੇ ਦੀਆਂ ਦਿਨੇ ਵੇਖੀਆਂ ਹਰਕਤਾਂ ਬਾਰੇ ਸੋਚ ਸੋਚ ਕੰਬਦਾ, ਡਰਦਾ, ਮੂੰਹ ਵਿਚ ਪਾਠ ਕਰਦਾ। ਬੀਬੀ ਪਰਤਦੀ ਤਾਂ ਮੇਰੇ ਸਾਹ ਵਿਚ ਸਾਹ ਆਉਂਦਾ।

ਮੈਨੂੰ ਯਾਦ ਹੈ ਉਦੋਂ ਮੈਂ ਕਾਲਜ ਜਾਣ ਲੱਗ ਪਿਆ ਸਾਂ ਜਦੋਂ ਬਾਬੇ ਮੁੱਖੇ ਵਿਚਲਾ ਭੈਰੋਂ ਜ਼ਿਆਦਾ ਪ੍ਰਚੰਡ ਹੋ ਗਿਆ ਸੀ। ਉਹ ਕਿਧਰੇ ਕੰਧ ਨੁੱਕਰੇ ਸ਼ਹਿ ਲਾ ਕੇ ਬਹਿ ਜਾਂਦਾ ਤੇ ਖੇਤਾਂ ਵੱਲ ਆਈਆਂ ਜ਼ਨਾਨੀਆਂ ਵੱਲ ਪਾਗਲਾਂ ਵਾਂਗ ਦੌੜਦਾ। ਔਰਤਾਂ ਲੀੜੇ ਸਾਂਭਦੀਆਂ ਉਹਦੇ ਅੱਗੇ ਅੱਗੇ ਵਾਹਣਾਂ-ਪੈਲੀਆਂ ਵਿਚ ਨੱਸਦੀਆਂ। ਨੱਥੇ ਲੁਹਾਰ ਦੀ ਵਿਧਵਾ ਕਰਮੀ ਨੂੰ ਉਹਨੇ ਫੜ ਲਿਆ ਸੀ ਤੇ ਉਹਦੀ ਕਮੀਜ਼ ਪਾੜ ਘੱਤੀ ਸੀ। ਉਦੋਂ ਮੁਹੱਲੇ ਦੇ ਬੰਦੇ ਡਾਂਗਾਂ ਲੈ ਕੇ ‘ਭੈਰੋਂ’ ਨੂੰ ਸੋਧਣ ਨਿਕਲੇ ਸੀ। ਪਰ ਮੁੱਖੇ ਦੇ ਮੁੰਡਿਆਂ ਹੱਥ ਜੋੜ ਕੇ ਰੋਹ ਵਿਚ ਆਏ ਲੋਕਾਂ ਤੋਂ ਮੁਆਫ਼ੀ ਮੰਗਦਿਆਂ ਕਿਹਾ ਸੀ ਕਿ ਸਾਡਾ ਬੁੜ੍ਹਾ ਪਾਗਲ ਹੋ ਗਿਆ ਤੇ ਅਗਾਂਹ ਤੋਂ ਇਹਨੂੰ ਰੱਸੇ ਪਾ ਕੇ ਅਸੀਂ ਬੰਨ੍ਹ ਕੇ ਰੱਖਾਂਗੇ।

ਬਾਬੇ ਮੁੱਖੇ ਦੇ ਮਰਨ ਤੋਂ ਕਾਫ਼ੀ ਦੇਰ ਬਾਅਦ ਇਹ ਗੱਲ ਧੁਖ਼ਦੀ ਧੁਖ਼ਦੀ ਨਿਕਲੀ ਸੀ ਕਿ ਉਹਨੂੰ ਉਹਦੇ ਮੁੰਡਿਆਂ ਨੇ ਮਾਰ ਦਿੱਤਾ। ਇਕ ਰਾਤ ਉਹਨੇ ਨਿੱਕੇ ਮੁੰਡੇ ਦੀ ਸੱਜ ਵਿਆਹੀ ਵਹੁਟੀ ਨੂੰ ਇਕੱਲਿਆਂ ਵੇਖ ਕੇ ਕਮਰੇ ਵਿਚ ਜਾ ਘੇਰਿਆ ਸੀ। ਬੁੱਢੀਆਂ ਗੱਲਾਂ ਕਰਦੀਆਂ, ਕਾਮ ਉਹਦੇ ਸਿਰ ਚੜ੍ਹ ਗਿਆ ਸੀ। ਉਹਦੇ ਵੱਸ ਦੀ ਗੱਲ ਨਹੀਂ ਸੀ। ਉਹ ਇਕ ਦੂਜੀ ਦੇ ਕੰਨਾਂ ਵਿਚ ਘੁਸਰ-ਮੁਸਰ ਕਰਦੀਆਂ, ਬੁੱਲ੍ਹ ਦੰਦਾਂ ਹੇਠ ਟੁਕਦੀਆਂ ਤੇ ਹੱਸਦੀਆਂ।

ਭੈੜੋਂ ਦਾ ਖੌਫ਼ ਕਿੰਨਾ ਹੀ ਚਿਰ ਮੇਰੇ ਮਨ ਤੋਂ ਨਹੀਂ ਸੀ ਲੱਥਾ।

ਮੇਰੇ ਵਿਆਹ ਤੋਂ ਐਨ ਤੀਜੇ ਦਿਨ ਇਹ ਪਤਾ ਨਹੀਂ ਕਿਥੋਂ ਕਮਰੇ ਵਿਚ ਧੁੱਸ ਦੇਣੀ ਆ ਵੜਿਆ ਸੀ। ਮੇਰੀ ਪੜ੍ਹਾਈ ਲਿਖਾਈ, ਸਮਝ ਸਿਆਣਪ, ਸ਼ਰਾਫਤ ਭਲਮਾਣਸੀ ਨੂੰ ਜਿਵੇਂ ਮੁੱਢੋਂ ਦਾਤਰੀ ਫੇਰ ਕੇ ਇਸਨੇ ਵੱਢ ਘੱਤਿਆ। ਪਰ ਇਹ ਕਿਸ ਰਾਹੇ ਆਇਆ ? ਮੇਰੀ ਸੱਜ ਵਿਆਹੀ ਵਹੁਟੀ ਨਿੰਦਰ ਜਗੀਏ। ਉਹ ਅਚਾਨਕ ਅੱਧੀ ਰਾਤ ਵੇਲੇ ਚੰਗੀ ਭਲੀ ਜ਼ਨਾਨੀ ਤੋਂ ਕਿਸੇ ਚੁੜੇਲ ਦਾ ਰੂਪ ਧਾਰ ਗਈ। ਉਹਦੇ ਤੇਜ਼ਾਬੀ ਲਫਜ਼ ਮੇਰੇ ਕੰਨੀਂ ਪਏ, 'ਮੈਂ ਤੈਨੂੰ ਕੱਲ੍ਹ ਰਾਤ ਵੀ ਪਰਖਿਆ, ਤੂੰ ਗਿੱਲੇ ਗੋਹੇ ਵਾਂਗ ਬਹਿ ਗਿਆ। ਮੈਂ ਕਿਹਾ, ਚਲੋ ਕੋਈ ਗੱਲ ਨਹੀਂ, ਕੋਈ ਥਕਾਵਟ, ਪ੍ਰੇਸ਼ਾਨੀ ਹੋਊ। ਪਰ ਤੂੰ ਤਾਂ...। ਅੱਜ ਵੀ...।'

ਮੈਂ ਦੁਬਕ ਕੇ ਬੈੱਡ ਦੀ ਇਕ ਗੁੱਠੇ ਲੱਗ ਗਿਆ ਤੇ ਬਿੱਟ ਬਿੱਟ ਤੱਕਣ ਲੱਗਾ।

ਅਦਬ-ਇਜ਼ਤ ਦਾ ਫ਼ਾਸਲਾ ਕਦੋਂ ਮੁੱਕ ਗਿਆ ਤੇ ਉਹ ਕਦੋਂ ਤੁਸੀਂ ਤੋਂ ਤੂੰ 'ਤੇ ਅੱਪੜ ਗਈ, ਭੋਰਾ ਸਮਝ ਨਾ ਲੱਗੀ।

ਮੈਂ ਹੱਥ ਜੋੜ ਕੇ ਉਹਨੂੰ ਇੰਜ ਛਿੰਝ ਨਾ ਪਾਉਣ ਦੀ ਬੇਨਤੀ ਕੀਤੀ। ਉਹਨੇ ਪੰਜ ਸੱਤ ਮਿੰਟ ਮੇਰੇ ਨਾਲ ਛੇੜਛਾੜ ਹੋਰ ਕੀਤੀ ਤੇ ਮੈਨੂੰ ਜਗਾਉਣ ਦੀ ਆਖ਼ਰੀ ਵਾਹ ਲਾਈ ਤੇ ਅਖ਼ੀਰ ਐਸੀ ਜ਼ੋਰਦਾਰ ਲੱਤ ਮੇਰੇ ਚੱਡਿਆਂ ਵਿਚ ਮਾਰੀ ਕਿ ਮੈਨੂੰ ਪਲੰਘ ਤੋਂ ਥੱਲੇ ਸੁੱਟ ਦਿੱਤਾ। ਮੈਂ ਦਰਦ ਨਾਲ ਕਰਾਹ ਉਠਿਆ। ਉਹਨੇ ਅੰਗਰੇਜ਼ੀ ਵਿਚ ਕੁਝ ਗਾਲ੍ਹਾਂ ਕੱਢੀਆਂ ਪਰ ਉਦੋਂ ਤਕ ਮੇਰੇ ਕੰਨਾਂ ਨੂੰ ਸੁਣਨੋਂ ਹਟ ਗਿਆ ਸੀ। ਉਸ ਰਾਤ ਦੇ ਬਾਕੀ ਘੰਟੇ ਮੈਂ ਥੱਲੇ ਹੀ ਪਿਆ ਰਿਹਾ ਸਾਂ। ਸਵੇਰੇ ਉਹਨੇ ਪਿਤਾ ਜੀ ਤੇ ਬੀਬੀ ਨੂੰ ਵੀ ਬੇਹਯਾਈ ਨਾਲ ਘੂਰਿਆ। ਸਵੇਰ ਦਾ ਨਾਸ਼ਤਾ ਵਗੈਰਾ ਕੀਤੇ ਬਗੈਰ ਉਹ ਇਕ ਬੈਗ ਵਿਚ ਆਪਣਾ ਸਾਮਾਨ ਪਾ ਪੇਕਿਆਂ ਨੂੰ ਵਗ ਗਈ ਸੀ।

ਕਈ ਦਿਨਾਂ ਲਈ ਮੈਂ ਗੂੰਗਾ ਵੀ ਹੋ ਗਿਆ ਸਾਂ। ਲੋਕ ਮੇਰੀ ਪਤਨੀ ਦੇ ਮੁਕਲਾਵੇ ਦੇ ਦਿਨ ਪੂਰੇ ਹੋਣ ਤੋਂ ਪਹਿਲਾਂ ਪੇਕੇ ਚਲੇ ਜਾਣ ਦਾ ਕਾਰਨ ਪੁੱਛਦੇ ਪਰ ਅਸੀਂ ਕੀ ਦੱਸਦੇ। ਪਿਤਾ ਜੀ ਕਹਿੰਦੇ, 'ਇਹ ਮਿੱਟੀ ਦਾ ਮਾਧੋ ਹੈ।' ਬੀਬੀ ਆਖਦੀ, 'ਰੰਨ ਮੂੰਹ ਜ਼ੋਰ 'ਤੇ ਚੱਲੀ ਹੋਈ ਸੀ।'

ਕਿਸੇ ਨੇ ਕਿਸੇ ਨੂੰ ਇਹ ਵੀ ਆਖਿਆ, 'ਗੱਡੀ ਤਗੜੀ ਸੀ, ਡਰੈਵਰ ਮਾੜਾ।'

ਅਦਾਲਤ ਵਿਚ ਉਸ ਨੇ ਲੋਕ ਲਾਜ ਤੇ ਵੱਡਿਆਂ ਦਾ ਅਦਬੋ ਲਿਹਾਜ਼ ਛਿੱਕੇ ਟੰਗ ਕੇ ਜੱਜ ਨੂੰ ਆਖਿਆ, 'ਹੀ ਇਜ਼ ਨਾਟ ਏ ਮੈਨ। ਆਈਂ ਕਾਂਟ ਲਿਵ ਵਿਦ ਹਿਮ। ਆਈ ਐਮ ਸਟਿੱਲ ਵਿਰਜਿਨ, ਆਈ ਵਾਂਟ ਡਾਇਵੋਰਸ।'

ਜਿਸ ਦਿਨ ਤਲਾਕ ਦਾ ਫ਼ੈਸਲਾ ਸੁਣ ਕੇ ਘਰ ਆ ਰਿਹਾ ਸਾਂ ਤਾਂ ਸਾਰੀ ਦੁਨੀਆ ਦੇ ਹੱਸਦੇ-ਵੱਸਦੇ ਲੋਕ ਮੈਨੂੰ ਇਉਂ ਲੱਗੇ ਜਿਵੇਂ ਮੇਰਾ ਮਖ਼ੌਲ ਉਡਾ ਰਹੇ ਹੋਣ। ਮੇਰਾ ਬਾਰ ਬਾਰ ਦਿਲ ਕੀਤਾ ਸੀ ਕਿ ਕਿਸੇ ਟਰੱਕ ਬਸ ਨਾਲ ਟੱਕਰ ਖਾ ਕੇ ਆਪਣੇ ਜੀਵਨ ਦਾ ਅੰਤ ਕਰ ਲਵਾਂ। ਪਰ ਸਾਹ ਲੈਂਦੇ ਰਹਿਣ ਦਾ ਮੋਹ ਨਾ ਤਿਆਗ ਸਕਿਆ।

ਕਾਲਜ ਦੀ ਐਡਹਾਕ ਲੈਕਚਰਰਸ਼ਿਪ ਦੇ ਨਿੱਕੇ ਜਿਹੇ ਠੁੰਮਣੇ ਨੇ ਮੈਨੂੰ ਖਲਿਹਾਰੀ ਰੱਖਿਆ।



ਰਿਲੀਵ ਹੋਣ ਤੋਂ ਮੁੜ ਜਾਇਨ ਕਰਨ ਵਿਚਲੇ ਫਾਰਗੀ ਦੇ ਚਾਰ ਮਹੀਨੇ ਬਿਤਾਉਣੇ ਮੇਰੇ ਲਈ ਪਹਾੜ ਬਣ ਜਾਂਦੇ। ਕਿਸੇ ਕਿਤਾਬ ਰਸਾਲੇ ਵਿਚ ਮਨ ਨਾ ਖੁਭਦਾ। ਆਸੇ ਪਾਸੇ ਫਿਰਦੀਆਂ ਔਰਤਾਂ ਵਿਚ ਮੈਨੂੰ ਕੋਈ ਦਿਲਚਸਪੀ ਨਹੀਂ ਸੀ ਰਹੀ। ਕੋਹਲੂ ਦੇ ਬੈਲ ਵਾਂਗ ਇਕ ਰੱਟ ਉਤੇ ਤੁਰਨਾ ਜਿਵੇਂ ਮੇਰੀ ਤਕਦੀਰ ਬਣ ਗਿਆ ਸੀ।

ਕਲਾਸ ਵਿਚ ਬੈਠੀਆਂ ਕੁੜੀਆਂ ਵੱਲ ਵੇਖ ਮੇਰੀ ਸੁਰਤ ਗੁਆਚ ਜਾਂਦੀ। ਇਕ ਦਿਨ ਪ੍ਰਿੰਸੀਪਲ ਨੇ ਬੁਲਾਇਆ ਸੀ, 'ਮਿਸਟਰ ਵਾਲੀਆ, ਇਟਸ ਨਾਟ ਫੇਅਰ। ਮੈਂ ਨੋਟ ਕੀਤਾ ਹੈ ਤੁਸੀਂ ਕਈ ਵਾਰ ਪੀ ਕੇ...। ਮੈਂ ਤੁਹਾਨੂੰ ਜਿੰਨਾ ਵੀ ਸ਼ੀਲਡ ਕਰਾਂ, ਪਰ ਜੇ ਮੈਨੇਜਮੈਂਟ ਤਕ...। ਆਈ ਵਾਰਨ ਯੂ...। ਬੀ ਕੇਅਰਫੁੱਲ।'

ਮੈਂ 'ਸੌਰੀ ਸਰ' ਤੋਂ ਇਲਾਵਾ ਹੋਰ ਕਹਿ ਵੀ ਕੀ ਸਕਦਾ ਸਾਂ ?

ਸਟਾਫ਼ ਰੂਮ ਵਿਚ ਸਾਥੀ ਪ੍ਰੋਫ਼ੈਸਰ ਸ਼ੁਗਲ ਮਨਾਉਂਦੇ। ਮੈਡਮਾਂ ਕੁੜੀਆਂ ਦੇ ਕਿੱਸੇ ਕਹਿੰਦੇ ਸੁਣਦੇ। ਇਕ ਦੂਜੇ ਦੇ ਇਸ਼ਕ ਮੁਹੱਬਤਾਂ ਦੇ ਖੁਲਾਸੇ ਕਰਦੇ। ਹੱਸਦੇ ਤੇ ਮਸ਼ਕਰੀਆਂ ਕਰਦੇ। ਕਦੇ ਕਦੇ ਮੇਰੇ ਬਾਰੇ ਟਿੱਪਣੀ ਕਰਦੇ, 'ਆਪਣਾ ਵਾਲੀਆ ਯਾਰ, ਵਿਚਾਰਾ...।'

ਪਿਛਲੇ ਕੁਝ ਸਮੇਂ ਤੋਂ ਸ਼ਰਾਬ ਦੀ ਲਤ ਮੈਨੂੰ ਖੋਰਨ ਲੱਗੀ ਸੀ। ਮੈਂ ਕਾਲਜ ਦੇ ਪੀਰੀਅਡ ਮੁਕਾ ਆਪਣੇ ਕਵੀ ਯਾਰ ਦਿਲਗੀਰ ਕੋਲ ਜਾ ਬਹਿੰਦਾ ਸਾਂ। ਦਿਲਗੀਰ ਮੈਨੂੰ ਸਤਾਏ ਹੋਏ ਬੰਦੇ ਦੀ ਵੇਦਨਾ ਨਾਲ ਪਰੁੱਚੇ ਸ਼ਿਅਰ ਸੁਣਾਉਂਦਾ। ਸਪੇਅਰ ਪਾਰਟਸ ਦੀ ਦੁਕਾਨ ਨੌਕਰ ਹਵਾਲੇ ਕਰਕੇ ਮੇਰੇ ਨਾਲ ਦਾਰੂ ਪੀਣ ਤੁਰ ਪੈਂਦਾ। ਫਿਰ ਉਹ ਦੋ-ਚਾਰ ਪੈੱਗ ਪੀ ਕੇ ਬੁੱਕ ਬੁੱਕ ਅੱਥਰੂ ਕੇਰਦਾ ਤੇ ਆਪਣੀ ਘਰਵਾਲੀ ਤੇ ਸਾਂਢੂ ਦੇ ਸੰਬੰਧਾਂ ਦੀ ਕਥਾ ਸੁਣਾਉਣ ਡਹਿ ਪੈਂਦਾ। ਕਦੀ ਕਦੀ ਦਲੇਰੀ ਵਿਖਾਉਂਦਾ ਤੇ ਕਹਿੰਦਾ, ਇਕ ਦਿਨ ਉਹ ਦੋਹਾਂ ਨੂੰ ਰੰਗੇ ਹੱਥੀਂ ਫੜ ਲਏਗਾ ਤੇ ਕਤਲ ਕਰ ਦਏਗਾ। ਮੇਰੇ ਕੋਲ ਉਹਨੂੰ ਕਹਿਣ ਲਈ ਕੋਈ ਲਫ਼ਜ਼ ਨਾ ਹੁੰਦਾ। ਉਹ ਪੈਸੇ ਨੂੰ ਬੇਕਿਰਕੀ ਨਾਲ ਖਰਚਦਾ ਤੇ ਦਾਰੂ ਪਾਗਲਾਂ ਵਾਂਗ ਪੀਂਦਾ।

ਉਹ ਰੰਜੋ ਗ਼ਮ ਦੇ ਕਿਸੇ ਡੂੰਘੇ ਆਲਮ 'ਚੋਂ ਬੋਲਦਾ, 'ਵਾਲੀਆ ਯਾਰ ! ਕਦੀ ਕਦੀ ਲਗਦਾ ਨੀ, ਅਸੀਂ ਇਸ ਦੁਨੀਆ ਵਿਚ ਮਿਸ ਫਿੱਟ ਆਂ।'

'ਮੈਨੂੰ ਲਗਦਾ, ਸਾਡੇ ਦੁਆਲੇ ਦੁਨੀਆ ਕੋਈ ਹੈ ਈ ਨਹੀਂ, ਕਿਸੇ ਖ਼ਲਾਅ ਵਿਚ ਲਟਕੇ ਹੋਏ ਆਂ ਅਸੀਂ, ਕੋਈ ਵਕਤ ਦੀ ਘੁੰਮਣਘੇਰੀ, ਸਰੀਰਾਂ ਤੋਂ ਬਿਨਾਂ ਆਵਾਗੌਣ ਭਟਕਦੀਆਂ ਰੂਹਾਂ।' ਮੈਂ ਆਪਣੀ ਸਮਝ ਮੂਜਬ ਬੋਲਦਾ।

ਅੱਜ ਵੀ ਤਾਂ ਉਂਜ ਹੀ ਹੋਇਆ ਸੀ।

ਕਾਮਰੇਡ ਦੇ ਅਹਾਤੇ ਵਿਚ ਅਸੀਂ ਦੇਰ ਰਾਤ ਤਕ ਬੈਠੇ ਰਹੇ। ਇਕ ਬੋਤਲ ਮੁਕਾ ਕੇ ਦੂਜੀ ਸ਼ੁਰੂ ਕਰ ਦਿੱਤੀ। ਹਾਤੇ ਵਾਲਾ ਕਾਮਰੇਡ ਬੰਤ ਦੋ ਵਾਰੀ ਆ ਕੇ ਹੱਥ ਜੋੜ ਗਿਆ ਸੀ ਕਿ ਅਸੀਂ ਹੁਣ ਉਠੀਏ ਤੇ ਉਹਦੇ 'ਤੇ ਰਹਿਮ ਕਰੀਏ। ਬੈਰੇ ਮੁੰਡੇ ਉਬਾਸੀਆਂ ਲੈ ਰਹੇ ਸਨ। ਦਿਲਗੀਰ ਆਪਣੀਆਂ ਚੁੰਨ੍ਹੀਆਂ ਜਿਹੀਆਂ ਅੱਖਾਂ 'ਚੋਂ ਸਿੰਮਦੇ ਅੱਥਰੂ ਪੂੰਝਦਾ ਸ਼ਿਵ ਕੁਮਾਰ ਦੀ ਸ਼ੈਲੀ ਦਾ ਗੀਤ 'ਉਏ ਮੈਂ ਇਕ ਅੰਬਰੋਂ ਟੁੱਟਿਆ ਤਾਰਾ...ਹੋਅ...ਹੋ...' ਹੇਕ ਲਾ ਕੇ ਗਾ ਰਿਹਾ ਸੀ। ਲਾਗੇ ਖਲੋਤਾ ਬੰਤ ਕਦੇ ਕਚੀਚੀਆਂ ਵੱਟਦਾ, ਕਦੀ ਹੱਸਦਾ। ਗੀਤ ਮੁਕਾ ਕੇ ਦਿਲਗੀਰ ਬੋਲਿਆ, 'ਵਾਲੀਆ ਯਾਰ ! ਉਹ ਕੁੱਤੀ ਦਾ ਪੁੱਤ, ਹਬਸ਼ੀ ਦੀ ਔਲਾਦ ਭੈਣ-ਚੋ, ਕਾਲਾ ਧੂਤ, ਨਾ ਵਜ੍ਹਾ ਨਾ ਕਤਾ। ਜਿੱਦਣ ਵੇਖ ਲਿਆ ਨਾ, ਛੱਡਦਾ ਨੀ ਮੈਂ ਜੀਂਦਾ...।'

ਬੰਤ ਬੋਲਿਆ, 'ਸਾਢੇ ਬਾਰਾਂ ਹੋ ਗਏ ਮਹਾਂਪੁਰਖੋ, ਸੌਣ ਦਿਉ ਹੁਣ ਘੜੀ ਸਾਨੂੰ ਵੀ।'

ਦਿਲਗੀਰ ਨੇ ਉਹਦੇ ਵੱਲ ਵੇਖਿਆ, 'ਬੰਤ ਯਾਰਾ ! ਜਦੋਂ ਜੀਣ ਨੂੰ ਜੀ ਕਰਦਾ ਤੇਰਾ ਹਾਤਾ

ਬੰਦ ਕਰਨ ਦਾ ਟੈਮ ਹੋ ਜਾਂਦਾ। ਹੁਣ ਤੂੰ ਹੀ ਦੱਸ ਅਸੀਂ ਜੀਵੀਏ ਕਿੱਦਾਂ ?'

'ਫਿਰ ਚਾਬੀ ਰੱਖ ਲਓ ਹਾਤੇ ਦੀ।' ਉਹ ਖਿਝ ਕੇ ਬੋਲਿਆ।

'ਨਰਾਜ਼ ਨਾ ਹੋ ਭਾਈ, ਤੇਰੀ ਤਾਂ ਕੱਲ੍ਹ ਫੇਰ ਸਾਨੂੰ ਲੋੜ ਆ।' ਦਿਲਗੀਰ ਨੇ ਬਚਦੀ ਬੋਤਲ ਪੈਂਟ ਦੀ ਜੇਬ ਵਿਚ ਫਸਾਈ ਤੇ ਬਟੂਆ ਖੋਲ੍ਹ ਕੇ ਪੈਸੇ ਦਿੱਤੇ। ਮੇਰੇ ਨਾਲ ਜੱਫੀ ਪਾ ਕੇ ਉਹ ਪੈਦਲ ਹੀ ਘਰ ਵੱਲ ਤੁਰ ਪਿਆ। ਮੈਂ ਸਕੂਟਰ ਨੂੰ ਕਿੱਕ ਮਾਰੀ ਤੇ ਪ੍ਰੋਫੈਸਰ ਕਲੋਨੀ ਵੱਲ ਮੁਹਾਰ ਮੋੜ ਲਈ। ਰਿਟਾਇਰਡ ਪ੍ਰੋਫੈਸਰ ਕਟਾਰੀਆ ਦੀ ਕੋਠੀ ਦੇ ਉਪਰਲੇ ਸਿੰਗਲ ਰੂਮ ਸੈੱਟ ਵਿਚ ਮੈਂ ਇਕੱਲਾ ਰਹਿ ਰਿਹਾ ਸਾਂ। ਸਵੇਰੇ ਸ਼ਾਮ ਮੈਂ ਕਟਾਰੀਆ ਜੋੜੇ ਦੇ ਜੀਣ ਢੰਗ ਨੂੰ ਨਿਹਾਰਦਾ ਸਾਂ। ਉਹ ਇਕ ਦੂਜੇ ਦਾ ਵਿਸਾਹ ਨਾ ਖਾਂਦੇ ਤੇ 'ਜੀ ਜੀ' ਕਰਕੇ ਬੁਲਾਉਂਦੇ। ਉਹਨਾਂ ਦੇ ਦੋਵੇਂ ਪੁੱਤਰ ਅਮਰੀਕਾ ਵੱਸੇ ਹੋਏ ਸਨ। ਮੁੰਡੇ ਉਹਨਾਂ ਦੇ ਹਰ ਸੁਖ ਦੁਖ ਦਾ ਖ਼ਿਆਲ ਰਖਦੇ। ਇਹ ਜੋੜੀ ਆਪਣੇ ਪੁੱਤਾਂ ਦੇ ਗੁਣ ਗਾਉਂਦੀ ਨਾ ਥੱਕਦੀ। ਇਹ ਮੈਨੂੰ ਬੜਾ ਆਦਰਸ਼ਕ ਪਰਿਵਾਰ ਲਗਦਾ ਸੀ। ਪ੍ਰੋਫੈਸਰ ਕਟਾਰੀਆ ਮੇਰੀ ਹਾਲਤ ਉਪਰ ਕਦੇ ਕਦੇ ਬਹੁਤ ਚਿੰਤਤ ਹੋ ਜਾਂਦੇ। ਉਹ ਮੇਰੇ ਜੀਵਨ ਦੀ ਇਕ ਇਕ ਘਟਨਾ ਨੂੰ ਨਿਖੇੜਦੇ ਤੇ ਉਹਨਾਂ ਬਾਰੇ ਕੋਈ ਰਾਏ ਬਣਾਉਣ ਦੀ ਕੋਸ਼ਿਸ਼ ਕਰਦੇ। ਕਦੀ ਮੈਨੂੰ ਹੋਰ ਵਿਆਹ ਕਰਾਉਣ ਦੀ ਸਲਾਹ ਦਿੰਦੇ ਤੇ ਕਦੀ ਕਿਸੇ ਚੰਗੇ ਡਾਕਟਰ ਕੋਲੋਂ ਥਾਰੋ ਚੈੱਕਅੱਪ ਕਰਾਉਣ ਦੀ। ਮੈਂ ਹਮੇਸ਼ਾ ਕਹਿੰਦਾ ਕਿ ਹਾਲੇ ਹੋਰ ਸੋਚਾਂਗਾ। ਹੋਰ ਸੋਚਦਾ ਤਾਂ ਆਪਣੀ ਪਤਨੀ ਨਿੰਦਰ ਦਾ ਖੌਫ਼ਨਾਕ ਚਿਹਰਾ ਸਾਹਮਣੇ ਆ ਜਾਂਦਾ।

ਅਮਨ ਐਵੇਨਿਊ ਦੀ ਓਬੜ ਖਾਬੜ ਸੜਕ 'ਤੇ ਵਿੰਗਾ ਟੇਢਾ ਹੁੰਦਾ ਸਕੂਟਰ ਚੱਲ ਰਿਹਾ ਸੀ। ਇਹ ਸੜਕ ਮੇਰੇ ਇਸ ਸ਼ਹਿਰ ਵਿਚ ਆਉਣ ਤੋਂ ਪਹਿਲਾਂ ਦੀ ਬਣ ਰਹੀ ਹੈ। ਇਹ ਤੀਸਰਾ ਸਾਲ ਹੈ ਮੈਨੂੰ ਏਸ ਰਾਹੇ ਲੰਘਦਿਆਂ। ਨਾ ਕੋਈ ਸਟਰੀਟ ਲਾਈਟ, ਨਾ ਪਾਣੀ ਦੇ ਨਿਕਾਸ ਦਾ ਕੋਈ ਜੁਗਾੜ। ਮੈਂ ਕਈ ਵਾਰ ਸਕੂਟਰ ਰੇੜ੍ਹ ਕੇ ਏਥੋਂ ਕੱਢਿਆ। ਹੁਣ ਵੀ ਘੁੱਪ ਹਨੇਰੇ ਵਿਚ ਸਕੂਟਰ ਦੀ ਮੱਧਮ ਲਾਈਟ ਕੋਈ ਰਾਹ ਨਹੀਂ ਸੀ ਵਿਖਾ ਰਹੀ। ਅਚਾਨਕ ਵੇਖਿਆ ਸਾਹਮਣੇ ਹਨੇਰੇ ਵਿਚ ਕੋਈ ਡੰਗਰ ਖਲੋਤਾ ਸੀ। ਉਸਤੋਂ ਬਚਦਿਆਂ ਸਕੂਟਰ ਬੰਦ ਹੀ ਹੋ ਗਿਆ। ਨਸ਼ੇ ਨਾਲ ਭਰੇ ਹੋਏ ਦਿਮਾਗ ਨੇ ਸੋਚਿਆ ਇਹ ਡੰਗਰ ਐਵੇਂ ਢੁੱਡ ਈ ਨਾ ਕੱਢ ਮਾਰੇ, ਮੈਂ ਉੱਤਰ ਕੇ ਸਕੂਟਰ ਰੇੜ੍ਹਦਿਆਂ ਇਸਦਾ ਰੁਖ਼ ਦੂਜੇ ਪਾਸੇ ਕਰ ਲਿਆ ਪਰ ਉਹ ਮੇਰੇ ਫੇਰ ਅੱਗੇ ਆ ਗਿਆ। ਇਸ ਵਾਰ ਉਹ ਕਾਲੇ ਲਿਬਾਸ ਵਿਚ ਲਿਪਟਿਆ ਕੋਈ ਮਨੁੱਖੀ ਆਕਾਰ ਨਜ਼ਰੀਂ ਪਿਆ। ਕਾਲੀ ਚਾਦਰ ਵਿਚ ਲਿਪਟੇ ਉਸ ਮਨੁੱਖ ਦੀਆਂ ਅੱਖਾਂ ਦੀ ਲਿਸ਼ਕ ਮੇਰੀਆਂ ਅੱਖਾਂ ਨਾਲ ਟਕਰਾਈ।

'ਸ਼ਾਇਦ ਕੋਈ ਚੋਰ ਲੁਟੇਰਾ ?' ਮੇਰਾ ਨਸ਼ਾ ਪਲਾਂ ਛਿਣਾਂ ਵਿਚ ਕਾਫ਼ੂਰ ਹੋ ਗਿਆ। ਮੈਂ ਹਿਸਾਬ ਲਾਇਆ, ਇਸ ਵੇਲੇ ਮੇਰੇ ਕੋਲ ਇਸ ਪੁਰਾਣੇ ਸਕੂਟਰ ਤੋਂ ਇਲਾਵਾ ਜੇਬ ਵਿਚ ਪੰਜ ਕੁ ਸੌ ਰੁਪਏ ਸਨ। ਮੈਂ ਫੌਰਨ ਫ਼ੈਸਲਾ ਕਰ ਲਿਆ ਕਿ ਚੂੰ-ਚਾਂ ਨਹੀਂ ਕਰਨੀ ਤੇ ਸਭ ਕੁਝ ਹਵਾਲੇ ਕਰ ਦੇਣਾ ਹੈ। ਸ਼ਾਇਦ ਇਸਦੇ ਦੂਜੇ ਹੱਥ ਵਿਚ ਕੋਈ ਹਥਿਆਰ ਹੋਵੇ। ਮੈਂ ਮਹਿਸੂਸ ਕੀਤਾ, ਇਥੇ ਰੌਲਾ ਪਾਉਣਾ ਫਜ਼ੂਲ ਹੋਵੇਗਾ, ਇਸ ਵੇਲੇ ਸ਼ਾਇਦ ਹੀ ਕੋਈ ਬਾਹਰ ਨਿਕਲੇ।

'ਸਕੂਟਰ ਏਥੇ ਖਲਿਹਾਰ ਕੇ ਮੇਰੇ ਪਿੱਛੇ ਆ ਜਾ, ਚੁੱਪਚਾਪ।' ਇਹ ਆਵਾਜ਼ ਤਾਂ ਜ਼ਨਾਨਾ ਜਿਹੀ ਸੀ। ਕਿਸੇ ਮੰਤਰ ਦਾ ਕੀਲਿਆ ਮੈਂ ਸਕੂਟਰ ਦਾ ਸਟੈਂਡ ਲਾ, ਚਾਬੀ ਕੱਢ ਉਹਦੇ ਮਗਰ ਤੁਰ ਪਿਆ। ਖੱਬੇ ਹੱਥ ਨਵੀਂ ਬਣੀ ਕੋਠੀ ਦੇ ਗੇਟ ਅੰਦਰ ਮੈਂ ਲੰਘ ਗਿਆ। ਸਾਈਡ 'ਤੇ ਬਣੀ ਨਿੱਕੀ ਜਿਹੀ ਕਿਆਰੀ ਵੱਲ ਹੋ ਉਸਨੇ ਆਪਣੇ ਦੁਆਲਿਓਂ ਚਾਦਰ ਖੋਲ੍ਹੀ। ਹਨੇਰੇ ਦੀਆਂ ਮੋਟੀਆਂ ਤੈਹਾਂ ਵਿਚ ਜਿਵੇਂ ਦੁੱਧ ਦੀ ਨਦੀ ਵਹਿ ਉੱਠੀ। ਉਹਦੀਆਂ ਅੱਖਾਂ ਵਿਚ ਜਿਵੇਂ ਅੰਗਿਆਰ ਮਘ ਰਹੇ ਸਨ। ਉਹਦੇ ਲਾਗੋਂ ਤਿੱਖਾ ਸੇਕ ਆਉਣ ਲੱਗਾ।



ਮੇਰਾ ਸਰੀਰ ਕੰਬਣ ਲੱਗਾ। ਉਹਦੇ ਮੂੰਹੋਂ ਬੋਲ ਨਿਕਲੇ, 'ਡਰ ਨਾ, ਜੋ ਕੁਝ ਨਹੀਂ ਕਰ ਸਕਦਾ, ਉਹ ਮੋਇਆਂ ਨਾਲੋਂ ਵੀ ਡੂੰਘੀ ਨੀਂਦੇ ਸੁੱਤਾ ਪਿਆ। ਤੂੰ ਕੌਣ ਹੈਂ, ਮੈਨੂੰ ਨੀ ਪਤਾ, ਪਰ ਤੂੰ ਮੈਨੂੰ ਪਿਆਰ ਕਰ, ਏਨਾ ਕਿ ਮੈਂ ਨਿਢਾਲ ਹੋ ਜਾਵਾਂ। ਤੂੰ ਮੈਨੂੰ ਲਿਤਾੜ ਸੁਟ, ਪੁਰਜ਼ਾ ਪੁਰਜ਼ਾ ਕਰ ਦੇ...। ਆ...।'

'ਮੈਂ...ਮੈਂ...।' ਮੇਰੇ ਮੂੰਹੋਂ ਏਨਾ ਹੀ ਨਿਕਲਿਆ।

'ਮੈਂ ਇਸ ਵੇਲੇ ਤਿਲ ਤਿਲ ਸੜ ਰਹੀ ਹਾਂ। ਉਹ ਮੈਨੂੰ ਅੱਗ ਲਾ ਕੇ ਸਿੱਲ੍ਹੀ ਚੁਆਤੀ ਵਾਂਗ ਬੁਝ ਗਿਆ। ਉਹ ਹਮੇਸ਼ਾ ਈ ਇਵੇਂ ਕਰਦਾ। ਤੂੰ ਆ...।'

ਉਹਨੇ ਮਜਬੂਤੀ ਨਾਲ ਮੇਰੀ ਬਾਂਹ ਫੜੀ ਤੇ ਕਮਰੇ ਵੱਲ ਖਿੱਚਣ ਲੱਗੀ। ਮੈਂ ਝਟਕਾ ਮਾਰ ਕੇ ਬਾਂਹ ਛੁਡਾਈ ਤੇ ਕਾਹਲੀ ਨਾਲ ਨੱਸਿਆ। ਗੇਟ ਦੀ ਬੰਨ੍ਹੀਂ ਨਾਲ ਪੈਰ ਵੱਜਾ ਤੇ ਬੁਰੀ ਤਰ੍ਹਾਂ ਡਿੱਗਾ। ਫੁਰਤੀ ਨਾਲ ਉਠਿਆ ਤੇ ਗਲੀ ਵਿਚ ਲਹਿ ਗਿਆ। ਗੋਡੇ ਵਿਚ ਤਿੱਖੀ ਪੀੜ ਉਠੀ ਪਰ ਪਰਵਾਹ ਕੀਤੇ ਬਿਨਾਂ, ਕੰਬਦੇ ਹੱਥੀਂ ਸਕੂਟਰ ਵਿਚ ਚਾਬੀ ਫਸਾਈ। ਇਕ ਵਾਰ ਪਿੱਛੇ ਨਿਗਾਹ ਮਾਰੀ, ਉਥੇ ਕੋਈ ਨਹੀਂ ਸੀ। ਆਸੇ ਪਾਸੇ ਵੇਖਿਆ, ਸਭ ਖਾਲਮ ਖਾਲੀ, ਘੁੱਪ ਹਨੇਰਾ। ਸਕੂਟਰ ਨੂੰ ਕਿੱਕਾਂ ਮਾਰ ਕੇ ਸਟਾਰਟ ਕੀਤਾ ਤੇ ਪੂਰੀ ਰੇਸ ਦੇ ਕੇ ਦੌੜਾਇਆ। ਪ੍ਰੋਫ਼ੈਸਰ ਕਲੋਨੀ ਦਾ ਮੋੜ, ਕਟਾਰੀਆ ਸਾਹਿਬ ਦਾ ਘਰ। ਸਕੂਟਰ ਰੋਕ ਗੇਟ ਵਿਚ ਬਾਂਹ ਪਾ ਕੇ ਅਰਲ ਖੋਲ੍ਹਿਆ। ਸਕੂਟਰ ਅੰਦਰ ਕੀਤਾ। ਗੇਟ ਦਾ ਤਾਲਾ ਬੰਦ ਕੀਤਾ ਤੇ ਕਾਹਲੀ ਨਾਲ ਪੌੜੀਆਂ ਚੜ੍ਹਿਆ।

ਮੈਂ ਹਫ਼ ਰਿਹਾ ਸਾਂ। ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ। ਕੰਬਦੇ ਹੱਥੀਂ ਕਮਰੇ ਦਾ ਤਾਲਾ ਖੋਲ੍ਹਿਆ। ਬੱਤੀ ਜਗਾਈ। ਦਰਵਾਜ਼ੇ ਦੀ ਚਿਟਖਣੀ ਘੁੱਟ ਕੇ ਬੰਦ ਕੀਤੀ।

ਕਿੱਲੀ ਨਾਲ ਟੰਗੀ ਹੋਈ ਕਾਲੀ ਪੈਂਟ ਨੇ ਇੰਜ ਝੌਲਾ ਦਿੱਤਾ ਹੈ ਜਿਵੇਂ ਹੁਣੇ ਹੁਣੇ ਵੇਖਿਆ ਦ੍ਰਿਸ਼ ਮੇਰੇ ਕਮਰੇ ਵਿਚ ਆ ਗਿਆ ਹੋਵੇ। ਮੈਂ ਆਪਣਾ ਮੱਥਾ ਟੋਂਹਦਾ ਹਾਂ, ਜਿਵੇਂ ਤਪਣ ਲੱਗਾ ਹੋਵੇ, ਜਿਵੇਂ ਬੁਖ਼ਾਰ ਹੋ ਰਿਹਾ ਹੋਵੇ। ਸੋਚਦਾ ਹਾਂ, ਕਟਾਰੀਆ ਸਾਹਿਬ ਨੂੰ ਬੁਲਾਵਾਂ, ਪਰ ਜਿਵੇਂ ਆਵਾਜ਼ ਬੰਦ ਹੋ ਗਈ ਹੋਵੇ। ਪੈਰ ਤੁਰਨੋਂ ਮੁਨਕਰ ਹੋ ਗਏ ਹੋਣ। ਜਿਵੇਂ ਹਿੰਮਤ ਦਾ ਆਖ਼ਰੀ ਕਿਣਕਾ ਵੀ ਮੇਰੇ ਵਿਚੋਂ ਖਾਰਜ ਹੋ ਗਿਆ ਹੋਵੇ।

ਅਚਾਨਕ ਮੈਨੂੰ ਤਾਏ ਨਿਹਾਲੇ ਵਾਲੀ ਗੱਲ ਯਾਦ ਆ ਜਾਂਦੀ ਹੈ। ਉਦੋਂ ਵੀ ਸ਼ਾਇਦ ਇੰਜ ਹੀ ਹੋਇਆ ਹੋਵੇ। ਮੇਰੇ ਪਿੰਡੇ 'ਚੋਂ ਤਿੱਖੀਆਂ ਗਰਮ ਸੂਈਆਂ ਫੁੱਟਣ ਲੱਗਦੀਆਂ ਨੇ। ਨਜ਼ਰ ਦੇ ਘੇਰੇ 'ਚ ਕਈ ਚਿਹਰੇ ਪ੍ਰਗਟ ਹੋਣ ਲਗਦੇ ਨੇ, ਕਈ ਜਾਣੇ ਪਛਾਣੇ, ਕਈ ਅਨਜਾਣ। ਜਿਵੇਂ ਉਹਨਾਂ ਦੀਆਂ ਅੱਖਾਂ ਲਿਸ਼ਕ ਰਹੀਆਂ ਹੋਣ। ਜਿਵੇਂ ਉੱਚੀ ਉੱਚੀ ਹੱਸ ਰਹੇ ਹੋਣ, ਤੇ ਮੈਂ ਉਹਨਾਂ ਵਿਚ ਬੇਵੱਸ ਖਲੋਤਾ ਹੋਵਾਂ—ਕਦੇ ਉਹਨਾਂ ਵੱਲ ਵੇਖਦਾ, ਕਦੇ ਆਪਣੇ ਵੱਲ।

## ਗ਼ਜ਼ਲ/ਸ਼ਹਰਯਾਰ

ਨੀਂਦ ਕੀ ਓਂਸ ਸੇ ਪਲਕੋਂ ਕੋ ਭਿਗੋਏ ਕੈਸੇ।
ਜਾਗਨਾ ਜਿਸਕਾ ਮੁਕੱਦਰ ਹੋ, ਵਹਿ ਸੋਏ ਕੈਸੇ।

ਰੇਤ ਦਾਮਨ ਮੇਂ ਹੋ ਜਾਂ ਦਸ਼ਤ ਮੇਂ, ਬਸ ਰੇਤ ਹੀ ਹੈ
ਰੇਤ ਮੇਂ ਫਸਲ-ਏ-ਤਮੰਨਾ ਕੋਈ ਬੋਏ ਕੈਸੇ।

ਯੇਹ ਤੋ ਅੱਛਾ ਹੈ ਕੋਈ ਪੂਛਨੇ ਵਾਲਾ ਨਾ ਰਹਾ
ਕੈਸੇ ਕੁਛ ਲੋਗ ਮਿਲੇ ਥੇ ਹਮੇਂ, ਖੋਏ ਕੈਸੇ।

**ਲਿਪੀਅੰਤਰਨ : ਜਸਵਿੰਦਰ ਸੈਣੀ**

## ਦਰਾਜ਼/ਗੁਲਜ਼ਾਰ ਮੁਹੰਮਦ ਗੋਰੀਆ

ਹੁਣ ਵੀ ਜਦੋਂ ਮੈਂ ਆਪਣੇ ਬਚਪਨ ਦੇ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਇਕ ਸੁਖਾਵਾਂ ਜਿਹਾ ਅਹਿਸਾਸ ਹੁੰਦਾ ਹੈ। ਇਸ ਅਹਿਸਾਸ ਵਿੱਚ ਨਾ ਖ਼ੁਸ਼ੀ ਹੁੰਦੀ ਹੈ ਨਾ ਕੋਈ ਗ਼ਮੀ। ਸਗੋਂ ਇਕ ਸਹਿਜਪਣ ਮਹਿਸੂਸ ਹੁੰਦਾ ਹੈ ਜੋ ਕਿ ਉਸ ਸਮੇਂ ਦੀ ਪੇਂਡੂ ਜ਼ਿੰਦਗੀ ਵਿੱਚ ਸੀ। ਗਰੀਬੀ ਜਾਂ ਅਮੀਰੀ ਬਾਰੇ ਕੁਝ ਪਤਾ ਹੀ ਨਹੀਂ ਸੀ। ਮੈਂ ਸੋਚਦਾ ਹਾਂ ਜੇਕਰ ਹੁਣ ਵਾਂਗ ਅਜਿਹੀਆਂ ਗੱਲਾਂ ਮੈਂ ਮਹਿਸੂਸ ਕਰ ਸਕਦਾ ਤਾਂ ਕਮੀਆਂ-ਕਮਜ਼ੋਰੀਆਂ ਬਾਰੇ ਲਿਖ-ਲਿਖ ਕੇ ਕਿੰਨੇ ਹੀ ਸਫ਼ੇ ਕਾਲੇ ਕਰ ਛੱਡਦਾ।

ਸਾਡੀ ਬੀਹੀ ਦਾ ਕੋਈ ਵੀ ਘਰ ਖਾਲੀ ਨਹੀਂ ਸੀ। ਜਿਸ ਘਰ 'ਚ ਬੱਚੇ ਨਹੀਂ ਸਨ ਉਹ ਮਹਿਰੇ ਬਚਨ ਸਿੰਘ ਤੇ ਬਚਨੀ ਦਾ ਘਰ ਸੀ। ਉਨ੍ਹਾਂ ਨੇ ਬਿੱਲੀਆਂ ਰੱਖੀਆਂ ਹੋਈਆਂ ਸਨ। ਇਨ੍ਹਾਂ ਨੂੰ ਦੇਖਣ ਲਈ ਨਿਆਣੇ ਇਸ ਘਰ ਵਿੱਚ ਭੀੜ ਬਣਾਈ ਰੱਖਦੇ। ਇਸਦੇ ਉਰ੍ਹਾਂ ਦਰਜੀ ਚੇਤ ਰਾਮ ਦੀ ਹੱਟੀ ਸੀ-ਜਿਸ ਵਿੱਚ ਵੱਡੇ ਸਾਰੇ ਫ਼ੱਟੇ 'ਤੇ ਮਸ਼ੀਨ ਰੱਖ ਕੇ ਉਹ ਕੱਪੜੇ ਸਿਊਂਦਾ। ਖੇਡਦੇ ਹੋਏ ਬੱਚੇ ਦਮ ਲੈਣ ਲਈ ਇਸਦੇ ਮੂਹਰੇ ਖਲੋ ਕੇ ਕਾਲਰ ਜਾਂ ਮੂਹਰੀਆਂ ਬਣਦੀਆਂ ਵੇਖਦੇ। ਇਕੋ-ਇਕ ਪੱਕਾ ਘਰ ਬੀਹੀ ਵਿੱਚ ਫੁੰਮਣ ਸਿੰਘ ਮਿਸਤਰੀ ਦਾ ਸੀ। ਉਸਦੇ ਸੱਜੇ ਹੱਥ ਦਾ ਅੰਗੂਠਾ ਅਤੇ ਪਹਿਲੀ ਉਂਗਲੀ ਕੱਟੀ ਹੋਈ ਸੀ। ਉਹ ਸਿਰੋਂ ਮੋਨਾ ਸੀ ਅਤੇ ਦਾੜ੍ਹੀ ਦੀ ਸ਼ੇਵ ਕਰਕੇ ਰੱਖਦਾ ਸੀ। ਉਹ ਇਕ ਬੱਧਰੀ ਵਾਲਾ ਦਸਤਾਨਾ ਪਹਿਨਕੇ ਹੱਥ ਵਿੱਚ ਬਹੋਲਾ ਫੜਕੇ ਕੰਮ ਕਰਦਾ ਸੀ। ਕਮਾਲ ਦਾ ਕਾਰੀਗਰ। ਉਹ ਲੱਕੜ ਦੀ ਕੋਈ ਵੀ ਚੀਜ਼ ਤਿਆਰ ਕਰ ਸਕਦਾ ਸੀ-ਐਸਾ ਮੇਰਾ ਵਿਸ਼ਵਾਸ ਹੈ। ਮੇਜ਼, ਕੁਰਸੀ, ਅਲਮਾਰੀ, ਦਰਵਾਜ਼ਿਆਂ ਲਈ ਤੱਖਤੇ ਉਸਦੇ ਹੱਥੋਂ ਤਿਆਰ ਹੁੰਦਿਆਂ ਮੈਂ ਆਪਣੇ ਅੱਖੀਂ ਦੇਖੇ ਹਨ। ਉਹ ਪੈਸੇ ਲਈ ਜਾਂ ਦਿਹਾੜੀ 'ਤੇ ਕਦੇ ਵੀ ਕੰਮ ਨਹੀਂ ਸੀ ਕਰਦਾ। ਸ਼ਾਇਦ ਆਪਣੇ ਗੁਜ਼ਾਰੇ ਜੋਗੇ ਪੈਸੇ ਉਸਨੇ ਪਹਿਲਾਂ ਹੀ ਜਮ੍ਹਾਂ ਕਰਕੇ ਰੱਖੇ ਹੋਏ ਸਨ। ਆਪਣੇ ਘਰ ਦੀ ਲੋੜ ਮੁਤਾਬਿਕ ਜਾਂ ਕਿਸੇ ਬੀਹੀ ਦੇ ਗਵਾਂਢੀ ਦੀ ਲੋੜ ਨੂੰ ਮੁੱਖ ਰੱਖਕੇ ਉਹ ਕੰਮ ਕਰ ਦਿਆ ਕਰਦਾ ਸੀ। ਪੈਸੇ ਕਦੇ ਨਹੀਂ ਸੀ ਲੈਂਦਾ। ਉਹ ਬੜਾ ਚਿਰ ਸਿੰਘਾਪੁਰਾ ਰਿਹਾ ਸੀ, ਹੋ ਸਕਦੈ ਹੋਰ ਮੁਲਕਾਂ 'ਚ ਵੀ ਉਸਨੇ ਕੰਮ ਕੀਤਾ ਹੋਵੇ। ਉਸਦੇ ਦੋਵੇਂ ਵੱਡੇ ਲੜਕੇ ਤੇ ਉਨ੍ਹਾਂ ਦੇ ਪਰਿਵਾਰ ਦਿੱਲੀ ਰਹਿੰਦੇ ਸਨ। ਫੁੰਮਣ ਸਿੰਘ ਅਤੇ ਉਸਦੀ ਪਤਨੀ ਪਰਜੀ ਇੱਥੇ ਆਪਣੇ ਜੱਦੀ-ਪੁਸ਼ਤੀ ਪਿੰਡ ਵਾਲੇ ਘਰ ਟਿੱਕੇ ਹੋਏ ਸਨ। ਪਰਜੀ ਬੁੜ੍ਹੀ ਦੀ ਸਾਰੀ ਬੀਹੀ ਦੀਆਂ ਇਸਤਰੀਆਂ ਹੀ ਬੜੀ-ਇੱਜਤ ਕਰਦੀਆਂ ਸਨ। ਉਹ ਬਹੁਤ ਸੁਘੜ ਤੇ ਸਿਆਣੀ ਸੀ। ਕਿਸੇ ਵੀ ਔਰਤ ਨੂੰ ਘਰ ਵਿੱਚ ਕੋਈ ਵੀ ਸਮੱਸਿਆ ਹੁੰਦੀ, ਉਸਦੀ ਸਲਾਹ ਲਈ ਜਾਂਦੀ। ਕਿਸੇ ਬੱਚੇ ਨੂੰ ਕੋਈ ਨਿੱਕੀ-ਮੋਟੀ ਅਹੁਰ ਹੋਣੀ ਤਾਂ ਵੀ ਉਸਨੇ ਇਲਾਜ ਦੱਸਣਾ। ਕਿਸੇ ਘਰ ਵਿੱਚ ਕਲੇਸ਼ ਪੈ ਜਾਣਾ ਜਾਂ ਕੋਈ ਤੀਵੀਂ ਘਰ ਵਾਲੇ ਤੋਂ ਕੁੱਟ ਹੋ ਜਾਣੀ ਤਾਂ ਉਸਨੂੰ ਸਤਾਵਨਾ ਉਸੇ ਨੇ ਦੇਣੀ ਅਤੇ ਜਣੇ ਨੂੰ ਘੂਰ-ਘੱਪ ਵੀ ਕਰ ਦੇਣੀ। ਅਖੇ, "ਨੌਲਿਆ ਪੰਜਵਾਂ ਮਹੀਨਾ ਚੱਲਦੈ। ਜੇ ਕਸੂਤੇ ਲੱਗ ਜਾਂਦੀ-ਜਾਹ ਜਾਂਦੇ ਦੀ ਹੋ ਜਾਣੀ ਤੀ। ਬੁਝੜ ਜਿਹਾ ਨਾ ਹੋਵੇ ਤਾਂ!"-ਅੱਗੋਂ ਅਗਲੇ ਨੇ ਕੰਨ ਵਲ੍ਹੇਟ ਕੇ ਤੁਰ ਜਾਣਾ। ਬੱੜੀਆਂ ਟੁੱਕਣ ਲਈ ਆਟਾ ਗੁੰਨਣਾ ਹੁੰਦਾ ਜਾਂ ਅੰਬ ਦਾ ਆਚਾਰ ਪਾਉਣਾ ਹੁੰਦਾ ਤਾਂ ਵੀ ਪਰਜੀ ਹੀ ਕੰਮ ਆਉਂਦੀ। ਸਾਰੀ ਬੀਹੀ ਦੀਆਂ ਤੀਵੀਆਂ ਦਾ ਵਿਚਾਰ ਸੀ ਕਿ ਉਹਦੇ ਹੱਥ ਜੱਸ ਹੈ। ਉਸਦੇ ਹੱਥ ਲੱਗਿਆਂ ਚੀਜ਼ ਕਦੇ ਖਰਾਬ ਨਹੀਂ ਹੁੰਦੀ। ਸੰਗਰਾਂਦ ਵਾਲੇ ਦਿਨ ਮਾਈ ਪਰਜੀ ਅਤੇ ਫੁੰਮਣ ਸਿੰਘ ਗੁਰਦੁਆਰੇ ਹਾਜ਼ਰੀ ਜ਼ਰੂਰ ਭਰਕੇ ਆਉਂਦੇ। ਝੱਕਰੀਆਂ, ਬਹੇੜਿਆਂ ਜਾਂ ਨਰਾਤਿਆਂ ਦੇ ਦਿਨਾਂ 'ਚ ਜੋ ਪਕਵਾਨ ਪਕਾਏ ਜਾਣੇ ਹੁੰਦੇ ਹਨ-ਉਸ 'ਚ ਪਰਜੀ ਹੀ ਰੋਲ ਮਾਡਲ ਹੁੰਦੀ ਸੀ। ਉਨ੍ਹਾਂ ਦੋਵਾਂ ਜੀਆਂ ਨੇ ਕਿੰਨਾ ਕੁ ਖਾਣਾ ਹੁੰਦਾ ਸੀ। ਥੋੜ੍ਹਾ-ਥੋੜ੍ਹਾ ਸਾਰੀ ਬੀਹੀ 'ਚ ਵੰਡਿਆ ਜਾਂਦਾ ਜਾਂ ਬੀਹੀ ਦੇ ਨਿਆਣਿਆਂ ਦੇ ਹੱਥਾਂ 'ਤੇ ਧਰ ਦਿੱਤਾ ਜਾਂਦਾ ਸੀ।



ਅਸੀਂ ਵਿਹਲਿਆਂ ਨੇ ਪਿੰਡ ਦੀਆਂ ਗਲੀਆਂ ਕੱਛਦਿਆਂ ਫਿਰੀ ਜਾਣਾ। ਨੰਗੇ ਪੈਰੀਂ ਕਦੇ ਕੰਡਾ ਲੱਗ ਜਾਣਾ ਜਾਂ ਠੋਕਰ ਲੱਗਕੇ ਨਹੁੰ ਉੱਚੜ ਜਾਣਾ। ਇਹ ਵੇਖਕੇ ਉਸਨੇ ਬੜੀ ਖਫ਼ਾ ਹੋਣਾ, "ਵੇ ਔਂਤਰਿਓ ਕਦੇ ਟਿਕ ਕੇ ਵੀ ਬੈਹਿ ਜਿਆ ਕਰੋ। ਆਉਣ ਦੇ ਤੇਰੀ ਮਾਂ ਕੰਜਰੀ ਦੇ ਕੰਨ ਖਿੱਚਦੀ ਆਂ ਮੈਂ।" ਉਸਨੇ ਪ੍ਰਸ਼ਾਦ ਵਾਂਗ ਕੋਈ ਚੀਜ਼-ਪਤਾਸੇ, ਮਖਾਣੇ ਜਾਂ ਛੋਲੇ ਬੱਚਿਆਂ ਦੇ ਨਿੱਕੇ-ਨਿੱਕੇ ਹੱਥਾਂ 'ਚ ਧਰ ਦੇਣੇ। ਉਸ ਵੇਲੇ ਲੱਗਦਾ ਸੀ ਸਾਰੀ ਦੁਨੀਆਂ ਹੀ ਆਪਣੀ ਹੈ।

ਗਰਮੀ ਦੀਆਂ ਛੁੱਟੀਆਂ ਵਿੱਚ ਇਨ੍ਹਾਂ ਦੇ ਪਰਿਵਾਰ ਨੇ ਪਿੰਡ ਆਉਣਾ। ਘਰ ਵਿੱਚ ਹੀ ਨਹੀਂ ਜਿਵੇਂ ਪੂਰੀ ਬੀਹੀ ਵਿੱਚ ਰੌਣਕ ਲੱਗ ਜਾਣੀ। ਬਹੂਆਂ ਨੇ ਸਾੜ੍ਹੀਆਂ ਲਾਈਆਂ ਹੋਣੀਆਂ। ਮੁੰਡਿਆਂ ਨੇ ਪੈਂਟ ਕਮੀਜ਼ਾਂ। ਬੱਚਿਆਂ ਨੇ ਵੀ ਬੜੇ ਅੱਛੇ ਕੱਪੜੇ ਪਹਿਨੇ ਹੋਣੇ-ਜਿਹੋ ਜਿਹੇ ਅਸੀਂ ਨਾ ਕਦੇ ਪਾਏ ਹੋਣੇ ਨਾ ਦੇਖੇ। ਇਨ੍ਹਾਂ ਦੀ ਕਾਰ ਪਿੰਡ ਦੇ ਦਰਵਾਜ਼ੇ ਨੇੜੇ ਕਿਸੇ ਦੇ ਵਿਹੜੇ ਵਿੱਚ ਖੜੀ ਕਰੀ ਜਾਂਦੀ। ਇਸ ਨੂੰ ਵੀ ਅਸੀਂ ਰੱਜ-ਰੱਜ ਕੇ ਵੇਖਦੇ। ਇਨ੍ਹਾਂ ਦੇ ਬੱਚੇ ਸਾਡੇ ਵਿੱਚ ਰਲਦੇ ਨਹੀਂ ਸਨ। ਸ਼ਾਇਦ ਇਸ ਕਰਕੇ ਕਿ ਉਨ੍ਹਾਂ ਨੂੰ ਸਾਡੀ ਜਾਂ ਸਾਨੂੰ ਉਨ੍ਹਾਂ ਦੀ ਕੋਈ ਗੱਲ ਸਮਝ ਨਹੀਂ ਸੀ ਆਉਂਦੀ ਹੁੰਦੀ। ਉਨ੍ਹਾਂ ਦੇ ਬੱਲੇ ਤੋਂ ਦੂਰ ਗਈ ਚਿੜੀ ਜਾਂ ਹਲਕੀ-ਫੁੱਲਕੀ ਗੇਂਦ ਦੂਰੋਂ ਚੁੱਕ ਕੇ ਫੜਾਉਂਦਿਆਂ ਵੀ ਸਾਨੂੰ ਖ਼ੁਸ਼ੀ ਚੜ੍ਹਦੀ। ਬਿਜਲੀ ਨਾ ਹੋਣ ਕਾਰਨ ਗਰਮੀਆਂ ਦੇ ਦਿਨਾਂ 'ਚ ਸਾਰਾ ਪਰਿਵਾਰ ਛੱਤ 'ਤੇ ਹੀ ਸੌਂਦਾ। ਭਾਵੇਂ ਤੰਗ ਹੀ ਰਹਿੰਦੇ ਹੋਣ-ਉਹ ਦਸ ਜਾਂ ਪੰਦਰਾਂ ਦਿਨ ਜ਼ਰੂਰ ਏਥੇ ਕੱਟ ਕੇ ਜਾਂਦੇ। ਪਿੰਡ 'ਚੋਂ ਹੋਰ ਦੋ ਚਾਰ-ਘਰਾਂ ਦੇ ਲੋਕ ਜਿਹੜੇ ਦਿੱਲੀ ਰਹਿੰਦੇ ਸਨ ਉਨ੍ਹਾਂ ਦੇ ਘਰੀਂ ਵੀ ਇਕ-ਇਕ ਵਾਰ ਇਨ੍ਹਾਂ ਮਹਿਮਾਨਾਂ ਨੂੰ ਰੋਟੀ ਖਾਣ ਲਈ ਬੁਲਾਇਆ ਜਾਂਦਾ।

ਸਮਾਂ ਲੰਘਦਾ ਗਿਆ। ਮੈਂ ਸਕੂਲ ਜਾਣ ਲੱਗਿਆ। ਉਦੋਂ ਅਜੇ ਸਾਡੇ ਪਿੰਡ 'ਚ ਸਕੂਲ ਨਹੀਂ ਸੀ ਬਣਿਆ। ਦਰਵਾਜ਼ੇ ਮੂਹਰੇ ਕੱਚੀ ਧਰਮਸ਼ਾਲਾ ਵਿੱਚ ਹੀ ਸਕੂਲ ਲੱਗਦਾ ਸੀ। ਉਸਲਤਾ (ਉਸਦਾ ਨਾਂ ਊਸ਼ਾ ਲਤਾ ਹੋਵੇਗਾ) ਭੈਣ ਜੀ ਪੜ੍ਹਾਉਂਦੀ ਹੁੰਦੀ ਸੀ। ਗਰਮੀਆਂ ਵਿੱਚ ਜਮਾਤਾਂ ਬਾਬਾ ਭਗਵਾਨ ਦਾਸ ਦੀ ਸਮਾਧ ਪਿੱਛੇ ਪਿਲਕਣ ਦੀ ਛਾਂ ਵਿੱਚ ਬੈਠਿਆਂ ਕਰਦੀਆਂ ਸਨ। ਫਿਰ ਮੁਕੰਦ ਸਿੰਘ ਪਿੰਡ ਦਾ ਸਰਪੰਚ ਬਣਿਆ। ਬਾਹਰਲੀ ਫਿਰਨੀ 'ਤੇ ਪੱਕਾ ਸਕੂਲ ਬਣਿਆ-ਲੈਂਟਰ ਲੱਗੇ ਕਮਰਿਆਂ ਵਾਲਾ। ਇਸਦੇ ਉਦਘਾਟਨ ਸਮੇਂ ਖਾਸਾ ਵੱਡਾ ਇਕੱਠ ਜੁੜਿਆ। ਝੰਡਾ ਵੀ ਲਹਿਰਾਇਆ ਗਿਆ। ਮੈਂ ਉਦੋਂ ਤੀਸਰੀ ਜਮਾਤ ਵਿੱਚ ਸਾਂ-ਜਦੋਂ ਅਸੀਂ ਨਵੇਂ ਸਕੂਲ ਵਿੱਚ ਸ਼ਿਫ਼ਟ ਕੀਤੇ ਗਏ।

ਸਾਡੀ ਬੀਹੀ ਦੀ ਰਹਿਤਲ ਵਿੱਚ ਇਸ ਸਮੇਂ ਦੌਰਾਨ ਕੋਈ ਖਾਸ ਤਬਦੀਲੀ ਨਾ ਹੋਈ। ਐਨੀ ਕੁ ਕਿ ਫੁੰਮਣ ਸਿੰਘ ਨੇ ਆਪਣੇ ਪੁਰਾਣੇ ਪੱਕੇ ਮਕਾਨ ਸਾਹਮਣੇ ਖਾਲੀ ਪਲਾਟ ਵਿੱਚ ਦੋ ਕਮਰੇ ਨਵੇਂ ਛੱਤੇ, ਜਿਨ੍ਹਾਂ ਦੇ ਵਿਚਕਾਰ ਇਕ ਸਟੋਰ ਵੀ ਸੀ। ਛੱਤ ਇੱਟ ਬਾਲਿਆਂ ਦੀ ਪਾਈ ਗਈ ਸੀ। ਇਨ੍ਹਾਂ ਵਿੱਚ ਲੱਕੜ ਦਾ ਕੰਮ ਸਾਰਾ ਹੀ ਫੁੰਮਣ ਸਿੰਘ ਨੇ ਆਪਣੇ ਹੱਥੀਂ ਕੀਤਾ। ਸ਼ੀਸ਼ੇ ਵਾਲੀਆਂ ਖਿੜਕੀਆਂ। ਬਾਹਰ ਡਿਜ਼ਾਇਨਦਾਰ ਜਾਲੀਆਂ ਲਾਈਆਂ। ਦਰਅਸਲ ਇਨ੍ਹਾਂ ਕਮਰਿਆਂ ਦੀ ਲੋੜ ਉਨ੍ਹਾਂ ਨੂੰ ਗਰਮੀਆਂ ਜਾਂ ਸਰਦੀਆਂ ਦੀਆਂ ਛੁੱਟੀਆਂ ਵਿੱਚ ਆਪਣੇ ਦਿੱਲੀਉਂ ਆਏ ਪਰਿਵਾਰ ਦੀ ਸੁਖਾਵੀਂ ਰਹਾਇਸ਼ ਲਈ ਪੈਂਦੀ ਸੀ। ਹੋ ਸਕਦੈ ਉਸਦੇ ਮੁੰਡਿਆਂ ਨੇ ਇਹ ਕਮਰੇ ਕਹਿਕੇ ਬਣਵਾਏ ਹੋਣ। ਉਸਦੀ ਇਕ ਛੋਟੀ ਜਿਹੀ ਪੋਤੀ ਹੋਮ ਵਰਕ ਕਰਨ ਵਿੱਚ ਵੀ ਦਿੱਕਤ ਮਹਿਸੂਸ ਕਰਦੀ ਸੀ। ਉਸਨੇ ਇਕ ਨਿੱਕੇ ਜਿਹੇ ਮੇਜ਼ ਦਾ ਨਕਸ਼ਾ ਬਣਾ ਕੇ ਆਪਣੇ ਦਾਦੇ ਨੂੰ ਦਿੱਤਾ। ਜਿਸ ਵਿੱਚ ਮੇਜ਼ ਦੀ ਲੰਬਾਈ ਜਿੰਨਾ ਵੱਡਾ ਦਰਾਜ਼ ਵੀ ਲੱਗਣਾ ਸੀ। ਉਸਦਾ ਕਹਿਣਾ ਸੀ ਕਿ ਇਸ ਵਿੱਚ ਉਹ ਆਪਣੀਆਂ ਕਾਪੀਆਂ, ਕਿਤਾਬਾਂ ਤੇ ਪੈੱਨ ਆਦਿ ਰੱਖਿਆ ਕਰੇਗੀ। ਲੋੜੀਂਦਾ ਸਾਮਾਨ ਇਕੱਠਾ ਕਰਕੇ ਸਾਜਰੇ ਹੀ ਫੁੰਮਣ ਸਿੰਘ ਆਪਣੇ ਕੰਮ ਵਿੱਚ ਜੁੱਟ ਗਿਆ। ਅਸੀਂ ਬੜੀ ਦਿਲਚਸਪੀ ਨਾਲ ਇਹ ਮੇਜ਼ ਬਣਦਾ

ਵੇਖਣ ਲੱਗੇ। ਦੁਪਹਿਰ ਦੀ ਰੋਟੀ ਵੀ ਉਸਨੇ ਉਸ ਦਿਨ ਲੇਟ ਖਾਧੀ ਬਲਕਿ ਬੋਬੋ ਪਰਜੀ ਨੇ ਡਾਂਟ ਕੇ ਰੋਟੀ ਖਿਲਾਈ। ਫਿਰ ਕੁਝ ਚਿਰ ਉਸਨੇ ਸਿਗਰਟ ਪੀਤੀ। ਪਰ ਧਿਆਨ ਕੇਂਦਰਤ ਉਸਦਾ ਮੇਜ਼ 'ਤੇ ਹੀ ਰਿਹਾ। ਆਥਣੇ ਇਕ ਸ਼ਾਨਦਾਰ ਮੇਜ਼ ਤਿਆਰ ਸੀ। ਜਿਸਨੂੰ ਵੇਖ-ਵੇਖ ਉਸਦੀ ਪੋਤੀ ਤਾੜੀਆਂ ਮਾਰ-ਮਾਰ ਕੇ ਖ਼ੁਸ਼ ਹੋ ਰਹੀ ਸੀ। ਅਸੀਂ ਵੀ ਉਸਦੀ ਇਸ ਖ਼ੁਸ਼ੀ ਵਿਚ ਸ਼ਾਮਲ ਹੋ ਰਹੇ ਸਾਂ। ਵਾਰ-ਵਾਰ ਦਰਾਜ਼ ਨੂੰ ਖੋਲ੍ਹਕੇ ਅਤੇ ਬੰਦ ਕਰਕੇ ਵੇਖ ਰਹੇ ਸਾਂ-ਜਿਵੇਂ ਕੋਈ ਜਾਦੂਈ ਸ਼ੈਅ ਹੋਵੇ। ਇਸ ਮੇਜ਼ ਨੂੰ ਮੂਹਰੇ ਰੱਖਕੇ-ਲੱਕੜ ਦੀ ਕੁਰਸੀ ਤੇ ਬੈਠਕੇ ਉਹ ਆਪਣਾ ਹੋਮ ਵਰਕ ਕਰਦੀ ਬੜੀ ਸੁਹਣੀ ਲੱਗਦੀ। ਸਾਡਾ ਦਿਲ ਕਰਦਾ ਕਿ ਅਜਿਹੀ ਹੀ ਮੇਜ਼-ਕੁਰਸੀ ਸਾਡੇ ਕੋਲ ਵੀ ਹੋਵੇ।

ਪਿੰਡ 'ਚ ਬਿਜਲੀ ਆਈ ਤਾਂ ਜਿਹੜੇ ਪਹਿਲੇ ਕੁਝ ਘਰਾਂ ਵਿੱਚ ਲੱਗੀ ਉਨ੍ਹਾਂ 'ਚ ਫੁੰਮਣ ਸਿੰਘ ਦਾ ਘਰ ਵੀ ਸ਼ਾਮਿਲ ਸੀ। ਅਸੀਂ ਨਵੀਂ ਬਣੀ ਬੈਠਕ ਵਿੱਚ ਬਲਬ ਦੇ ਚਾਨਣ 'ਚ ਬੈਠਕੇ ਸਕੂਲ ਦਾ ਕੰਮ ਕਰਦੇ। ਬੋਬੋ ਪਰਜੀ ਦੀਆਂ ਅਸੀਸਾਂ ਪ੍ਰਾਪਤ ਕਰਦੇ। ਉਹ ਬੜੇ ਨਰਮ ਸੁਭਾਅ ਵਾਲੀ ਸੀ। ਪਰ ਰਸੋਈ 'ਚ ਵੜਨਾ ਅਤੇ ਬਾਬਾ ਫੁੰਮਣ ਸਿੰਘ ਦੇ ਸੰਦਾਂ ਨੂੰ ਛੇੜਨ ਦੀ ਹੀ ਸਖ਼ਤ ਮਨਾਹੀ ਸੀ। ਇਨ੍ਹਾਂ ਗੱਲਾਂ ਦੀ ਉਲੰਘਣਾ ਕੋਈ ਬੱਚਾ ਨਹੀਂ ਸੀ ਕਰਦਾ। ਗਰਮੀਆਂ ਦੇ ਦਿਨਾਂ ਵਿੱਚ ਬਾਬਾ ਫੁੰਮਣ ਸਿੰਘ ਬੈਠਕ ਵਿੱਚ ਊਸ਼ਾ ਕੰਪਨੀ ਦਾ ਟੇਬਲ ਫੈਨ ਲਗਾ ਦਿੰਦਾ ਜਿਹੜਾ ਸਾਰਿਆਂ ਨੂੰ ਘੁੰਮ-ਘੁੰਮ ਕੇ ਹਵਾ ਦਿੰਦਾ। ਉਹ ਆਪ ਵਿਹੜੇ ਵਿੱਚ ਲੱਗੇ ਤੂਤ ਦੀ ਗੂੜ੍ਹੀ ਛਾਵਾਂ ਵਿੱਚ ਅਰਾਮ ਕਰਨਾ ਪਸੰਦ ਕਰਦਾ ਸੀ।

ਉਦੋਂ ਮੈਂ ਪੰਜਵੀਂ ਜਮਾਤ ਪਾਸ ਕਰਕੇ ਛੇਵੀਂ ਜਮਾਤ ਵਿੱਚ ਸਮਰਾਲੇ ਸਕੂਲ ਵਿੱਚ ਲੱਗ ਚੁੱਕਿਆ ਸਾਂ-ਜਦੋਂ ਇਕ ਦਿਨ ਦਿੱਲੀਉਂ ਇਕ ਕਾਰ ਬਾਬਾ ਫੁੰਮਣ ਸਿੰਘ ਅਤੇ ਬੋਬੋ ਪਰਜੀ ਨੂੰ ਲੈਣ ਆਈ ਹੋਈ ਸੀ। ਫੁੰਮਣ ਸਿੰਘ ਦਾ ਵੱਡਾ ਲੜਕਾ ਸੀ। ਬਾਬਾ ਫੁੰਮਣ ਸਿੰਘ ਨੂੰ ਦੋ ਕੁ ਦਿਨ ਬੁਖਾਰ ਚੜ੍ਹਿਆ ਸੀ। ਸਰਸਰੀ ਖ਼ਬਰਸਾਰ ਦਾ ਪਤਾ ਭੇਜਦਿਆਂ ਇਸ ਬਾਰੇ ਵੀ ਉਸਨੇ ਲਿਖ ਦਿੱਤਾ ਸੀ। ਇਹ ਚਿੱਠੀ ਮਿਲਦਿਆਂ ਹੀ-ਉਹ ਪਹੁੰਚ ਗਿਆ। ਉਹ ਉਸਨੂੰ ਦਿੱਲੀ ਕਿਸੇ ਚੰਗੇ ਡਾਕਟਰ ਨੂੰ ਵਿਖਾਉਣਾ ਚਾਹੁੰਦਾ ਸੀ। ਉਸਨੇ ਸਾਰੀ ਬੀਹੀ ਦੇ ਬੰਦਿਆਂ ਤੇ ਤੀਵੀਆਂ ਨੂੰ ਇਕੱਠੇ ਕਰਕੇ ਬੜੇ ਆਦਰ ਨਾਲ ਦੱਸਿਆ ਸੀ ਕਿ ਉਹ ਸਾਰਿਆਂ ਦਾ ਬੜਾ ਸਤਿਕਾਰ ਕਰਦਾ ਹੈ। ਜਿਵੇਂ ਸਾਰੇ ਉਸਦੀ ਬੇਬੇ ਤੇ ਬਾਪੂ ਜੀ ਦੀ ਪਿਆਰ ਕਰਦੇ ਹਨ, ਇਸ ਗੱਲ ਦਾ ਉਨ੍ਹਾਂ ਨੂੰ ਅਹਿਸਾਸ ਹੈ। ਪਰ ਉਨ੍ਹਾਂ ਦਾ ਧਿਆਨ ਏਧਰ ਲੱਗਿਆ ਰਹਿੰਦਾ ਹੈ। ਇਸ ਕਰਕੇ ਉਹ ਹੁਣ ਆਪਣੇ ਮਾਂ-ਪਿਓ ਨੂੰ ਆਪਣੇ ਨਾਲ ਲਿਜਾਣਾ ਚਾਹੁੰਦਾ ਹੈ। ਭਰੇ ਮਨਾਂ ਨਾਲ ਸਾਰੇ ਉਸਦੀ ਗੱਲ ਨਾਲ ਅਣਮਨੇ ਸਹਿਮਤ ਹੋ ਰਹੇ ਸਨ। ਦੋ ਦਿਨ ਉਹ ਪਿੰਡ ਰਹੇ। ਤੀਜੇ ਦਿਨ-ਤੀਜੇ ਪਹਿਰ ਫੁੰਮਣ ਸਿੰਘ ਉਨ੍ਹਾਂ ਦੇ ਦਰਾਂ ਮੂਹਰੇ ਇਕੱਠ ਹੋਇਆ-ਹੋਇਆ ਸੀ। ਉਹ ਜਾਣ ਦੀ ਤਿਆਰੀ ਵਿੱਚ ਸਨ। ਘਰ ਦੀਆਂ ਨਿੱਕੀਆਂ-ਮੋਟੀਆਂ ਚੀਜ਼ਾਂ ਬੋਬੋ ਪਰਜੀ ਆਪਣੀਆਂ ਲਿਹਾਜਣਾਂ ਨੂੰ ਵੰਡ ਰਹੀ ਸੀ। ਬੜੇ ਹੀ ਪਿਆਰ ਨਾਲ ਬੁੱਕਲ ਵਿੱਚ ਲੈਣ ਵਾਂਗ ਬਾਬਾ ਫੁੰਮਣ ਸਿੰਘ ਮੈਨੂੰ ਬੈਠਕ 'ਚ ਨੂੰ ਲੈ ਗਿਆ। ਆਪਣੇ ਚਿਹਰੇ 'ਤੇ ਭਰਵੀਂ ਮੁਸਕਰਾਹਟ ਲਿਆਕੇ ਬੋਲਿਆ, "ਆਹ ਮੇਜ਼ ਅਤੇ ਸੰਦੂਕੜੀ ਤੂੰ ਲੈ ਜਾ। ਇਹ ਤੇਰੇ ਕੰਮ ਆਉਣ ਵਾਲੀਆਂ ਚੀਜ਼ਾਂ ਹਨ-ਪਰ ਰੱਖੀਂ ਸੰਭਾਲ ਕੇ।" ਉਹ ਦੋਵੇਂ ਚੀਜ਼ਾਂ ਮੇਰੀਆਂ ਹੋ ਗਈਆਂ। ਉਨ੍ਹਾਂ ਦੇ ਜਾਣ ਦਾ ਸਭਨਾਂ ਨੂੰ ਦੁੱਖ ਹੋਇਆ। ਕਈ ਦਿਨ ਮਨਾਂ 'ਤੇ ਉਦਾਸੀ ਜਿਹੀ ਛਾਈ ਰਹੀ। ਮੈਨੂੰ ਉਨ੍ਹਾਂ ਦੀਆਂ ਦਿੱਤੀਆਂ ਵਸਤਾਂ ਬੜਾ ਸਕੂਨ ਦਿੰਦੀਆਂ। ਮੇਜ਼ ਮੂਹਰੇ ਰੱਖ ਕੇ ਲਿਖਣ ਦਾ ਬੜਾ ਆਨੰਦ ਆਉਂਦਾ। ਸੰਦੂਕੜੀ ਅੰਦਰੋਂ ਬੜੀ ਖ਼ੂਬਸੂਰਤ ਸੀ-ਅੰਦਰ ਨੀਲੇ ਸ਼ੁਨੀਲ ਦਾ ਕੱਪੜਾ ਲੱਗਿਆ ਹੋਇਆ ਸੀ। ਬਾਹਰ ਵੀ ਮੀਨਾਕਾਰੀ ਕੀਤੀ ਹੋਈ ਸੀ। ਇਸਨੂੰ ਸੋਹਣੀ ਜਿਹੀ ਕੁੰਡੀ ਲੱਗਦੀ ਸੀ ਜਿਸ ਵਿੱਚ ਛੋਟੀ ਜਿਹੀ ਜਿੰਦੀ ਲਗਾਈ ਜਾ ਸਕਦੀ



ਸੀ। ਇਸ ਵਿੱਚ ਮੈਂ ਆਪਣੀਆਂ ਅਤੀ ਜ਼ਰੂਰੀ ਚੀਜ਼ਾਂ ਸਾਂਭਕੇ ਰੱਖਦਾ। ਸਮੇਂ-ਸਮੇਂ ਜ਼ਰੂਰੀ ਚੀਜ਼ਾਂ ਦੀ ਲਿਸਟ ਬਦਲਦੀ ਰਹਿੰਦੀ। ਪਹਿਲਾਂ ਤਾਂ ਨਵੀਆਂ ਕਿਤਾਬਾਂ ਇਸ 'ਚ ਰੱਖਦਾ ਸਾਂ। ਫਿਰ ਸਰਟੀਫਿਕੇਟ ਅਤੇ ਪੈਸੇ ਸਾਂਭਦਾ। ਬੀਮਾ ਪਾਲੀਸੀਆਂ ਤੇ ਐਫ਼-ਡੀ ਦੇ ਸਰਟੀਫਿਕੇਟ ਵੀ ਇਸ 'ਚ ਰੱਖੇ ਜਾਂਦੇ ਰਹੇ। ਜਦੋਂ ਮੇਰੀਆਂ ਪਹਿਲੀਆਂ ਪੁਸਤਕਾਂ ਛਪੀਆਂ ਉਹ ਵੀ ਇਸਦਾ ਸ਼ਿੰਗਾਰ ਬਣੀਆਂ। ਮੈਂ ਅਧਿਆਪਕ ਲੱਗਕੇ ਕੁਝ ਸੌਖਾ ਹੋਇਆ। ਪਿੰਡ ਦਾ ਮਕਾਨ ਵੇਚਕੇ-ਸ਼ਹਿਰ 'ਚ ਮਕਾਨ ਬਣਾ ਕੇ ਰਹਿਣ ਲੱਗ ਪਿਆ। ਇੰਨੇ ਅਰਸੇ ਵਿੱਚ ਬਾਬਾ ਫੁੰਮਣ ਸਿੰਘ ਤੇ ਬੋਬੋ ਪਰਜੀ ਇਸ ਜਹਾਨੋਂ ਕੂਚ ਕਰ ਗਏ। ਪ੍ਰੰਤੂ ਉਨ੍ਹਾਂ ਦੀਆਂ ਦਿੱਤੀਆਂ ਦੋਵੇਂ ਵਸਤਾਂ ਮੈਂ ਸੰਭਾਲ ਕੇ ਆਪਣੇ ਘਰ ਲੈ ਆਇਆ ਸਾਂ। ਸੰਦੂਕੜੀ ਵਿੱਚ ਅੱਜ ਕੱਲ੍ਹ ਮਹਾਨਕੋਸ਼, ਮੇਰਾ ਲਿਖਿਆ ਪੀ. ਐੱਚ.ਡੀ. ਦਾ ਥੀਸਸ ਤੇ ਕੁਰਾਨ ਸ਼ਰੀਫ਼ ਸਾਂਭਕੇ ਰੱਖੇ ਹੋਏ ਹਨ। ਮੇਜ਼ ਲਗਾਤਾਰ ਮੇਰੇ ਲਿਖਣ ਦੇ ਕੰਮ ਆਉਂਦਾ ਰਿਹਾ ਹੈ। ਪਿਛਲੇ ਦਿਨੀਂ ਮੇਰਾ ਲੜਕਾ ਕੰਪਿਊਟਰ ਲੈਣ ਦੀ ਜ਼ਿੱਦ ਕਰ ਰਿਹਾ ਸੀ। ਉਸਦਾ ਵਿਚਾਰ ਸੀ ਕਿ ਇਸ ਬਿਨਾਂ ਜ਼ਿੰਦਗੀ 'ਚ ਹੁਣ ਸਰਨਾ ਬੜਾ ਮੁਸ਼ਕਿਲ ਹੈ। ਕੰਪਿਊਟਰ ਖਰੀਦ ਲਿਆ ਗਿਆ। ਮਕੈਨਿਕ ਉਸਨੂੰ ਫਿਟ ਕਰਨ ਆ ਗਏ। ਪ੍ਰੰਤੂ ਉਸਦੇ ਰੱਖਣ ਲਈ ਜੋ ਵਿਸ਼ੇਸ਼ ਤਰ੍ਹਾਂ ਦਾ ਮੇਜ਼ ਬਣਿਆ ਹੁੰਦਾ ਹੈ। ਉਹ ਕੱਲ੍ਹ ਹੀ ਆ ਸਕਣਾ ਸੀ। ਬੱਚੇ ਕੰਪਿਊਟਰ ਚਲਦਾ ਦੇਖਣ ਲਈ ਬੜੇ ਕਾਹਲੇ ਪੈ ਰਹੇ ਸਨ। ਮੈਂ ਸੁਭਾਵਿਕ ਹੀ ਆਖ ਦਿੱਤਾ-ਫਿਲਹਾਲ ਤੁਸੀਂ ਮੇਰੇ ਵਾਲੇ ਮੇਜ਼ 'ਤੇ ਹੀ ਟਿਕਾ ਲਵੋ। ਉਨ੍ਹਾਂ ਟੁੱਟੇ ਜਿਹੇ ਦਿਲ ਨਾਲ ਮੇਜ਼ ਚੁੱਕਕੇ ਖੂੰਜੇ ਟਿਕਾਇਆ। ਇਸ ਉਪਰ ਠੀਕ ਤਰ੍ਹਾਂ ਨਾਲ ਕੰਪਿਊਟਰ ਆ ਗਿਆ। ਕੀ-ਬੋਰਡ ਰੱਖਣ ਲਈ ਮਕੈਨਿਕ ਇਧਰ-ਉਧਰ ਝਾਤੀ ਮਾਰ ਰਿਹਾ ਸੀ। ਮੈਂ ਇਸ ਮੇਜ਼ ਦਾ ਦਰਾਜ਼ ਬਾਹਰ ਨੂੰ ਖਿੱਚ ਦਿੱਤਾ-ਮਕੈਨਿਕ ਦੀਆਂ ਜਿਵੇਂ ਬਰਾਛਾਂ ਖਿੜ ਗਈਆਂ। ਵਾਹ! 'ਸਰ ਜੀ ਇਹਤਾਂ ਪਰਫੈਕਟ ਚੀਜ਼ ਹੈ-ਐਨ ਕੀ-ਬੋਰਡ ਇਸ ਵਿੱਚ ਫਿਟ ਆ ਗਿਆ ਹੈ। ਇਹ ਤਾਂ ਜਿਵੇਂ ਬਣਿਆ ਹੀ ਕੰਪਿਊਟਰ ਲਈ ਹੈ।'

## ਗ਼ਜ਼ਲ/ਸ਼ਹਰਯਾਰ

ਮੰਜ਼ਰ ਗਏ ਦਿਨੋਂ ਕੇ ਆਂਖੋਂ ਮੇਂ ਭਰ ਰਹਾ ਹੈ।
ਦਿਲ ਫਿਰ ਕਿਸੀ ਸਫ਼ਰ ਕਾ ਸਾਮਾਨ ਕਰ ਰਹਾ ਹੈ।

ਯਾਂ ਰਤਜਗੋਂ ਮੇਂ ਸ਼ਾਮਿਲ ਕੁਛ ਖ਼ਾਬ ਹੋ ਗਏ ਹੈਂ
ਚਿਹਰਾ ਕਿਸੀ ਉਫ਼ਕ ਕਾ ਯਾਂ ਫਿਰ ਉਭਰ ਰਹਾ ਹੈ।

ਯਾ ਯੂੰ ਹੀ ਮੇਰੀ ਆਂਖੇਂ ਹੈਰਾਨ ਹੋ ਗਈ ਹੈਂ
ਯਾ ਮੇਰੇ ਸਾਮਨੇ ਸੇ ਫਿਰ ਤੂ ਗੁਜ਼ਰ ਰਹਾ ਹੈ।

ਦਰਿਆ ਕੇ ਪਾਸ ਦੇਖੋ ਕਬ ਸੇ ਖੜ੍ਹਾ ਹੁਆ ਹੈ
ਯੇਹ ਕੌਨ ਤਸ਼ਨਾਲਬ ਹੈ ਪਾਨੀ ਸੇ ਡਰ ਰਹਾ ਹੈ।

ਹੈ ਕੋਈ ਜੋ ਬਤਾਏ ਸ਼ਬ ਕੇ ਮੁਸਾਫ਼ਿਰੋਂ ਕੋ
ਕਿਤਨਾ ਸਫ਼ਰ ਹੂਆ ਹੈ ਕਿਤਨਾ ਸਫ਼ਰ ਰਹਾ ਹੈ।

**ਲਿਪੀਅੰਤਰਨ : ਜਸਵਿੰਦਰ ਸੈਣੀ**

## *ਰਹਿਮਤ ਮਸੀਹ ਮੱਟੂ ਦੀ ਜੀਵਨੀ/ਭਗਵੰਤ ਰਸੂਲਪੁਰੀ*

***ਭੂਮਿਕਾ-1***

ਇਹ ਜੋ ਹੁਣੇ ਹੁਣੇ ਟੈਂਪੂ 'ਚੋਂ ਉਤਰਿਆ ਹੈ, ਮੈਂ ਉਹਦੀ ਹੀ ਗੱਲ ਤੁਹਾਡੇ ਨਾਲ ਕਰਨੀ ਹੈ। ਉਹੀ ਮੱਧਰੇ ਕੱਦ ਦਾ ਚਿੱਟੀ ਕਮੀਜ਼ ਤੇ ਭੂਸਲੀ ਪੈਂਟ ਵਾਲਾ। ਟੈਂਪੂ 'ਚੋਂ ਉਤਰੇ ਤਾਂ ਤਿੰਨ ਚਾਰ ਜਣੇ ਹਨ ਪਰ ਮੈਂ ਉਸ ਦੀ ਗੱਲ ਹੀ ਕਰਨੀ ਚਾਹੁੰਦਾ ਹਾਂ ਜਿਹੜਾ ਮਿੱਟੀ ਦੇ ਗੁਬਾਰ 'ਚੋਂ ਨਿਕਲ ਕੇ ਪਿੰਡ ਦੇ ਲਹਿੰਦੇ ਪਾਸੇ ਸਾਡੇ ਮੁਹੱਲੇ ਨੂੰ ਜਾਂਦੀ ਗਲੀ 'ਚ ਪੈ ਗਿਆ ਹੈ। ਹਾਂ, ਉਹੀ ਹੈ ਰਹਿਮਤ ਮਸੀਹ ਮੱਟੂ, ਮਾਸਟਰ ਰਹਿਮਤ। ਉਸ ਦੇ ਗੂੜ੍ਹੇ ਤਾਂਬੇ ਰੰਗੇ ਚਿਹਰੇ 'ਤੇ ਮਿੱਟੀ ਘੱਟਾ ਜਿਵੇਂ ਪਿਆ ਹੀ ਨਹੀਂ ਹੁੰਦਾ। ਉਹ ਸਰ੍ਹੋਂ ਦਾ ਤੇਲ ਲਾ ਕੇ ਬੜੀ ਰੀਝ ਨਾਲ ਬੋਦਾ ਸਵਾਰਦਾ ਹੈ। ਸਰ੍ਹੋਂ ਦੇ ਤੇਲ ਨਾਲ ਚਿੱਟੇ ਵਾਲ਼ ਸੁਨਹਿਰੀ ਭਾਅ ਮਾਰਦੇ ਹਨ। ਉਹ ਜਾਂ ਤਾਂ ਸਪਾਰੀ ਸੂਟ ਪਾਉਂਦਾ ਹੈ ਜਾਂ ਫਿਰ ਚਿੱਟਾ ਕੁੜਤਾ ਪਜ਼ਾਮਾ। ਵਿਚਕਾਰਲੀ ਉਂਗਲ ਵਿਚ ਕਵੇਂਡਰ ਦੀ ਸਿਗਰਟ ਫਸਾ ਕੇ ਉਹ ਰੂਹ ਨਾਲ ਕੱਸ਼ ਖਿਚ ਰਿਹਾ ਹੈ। ਇਕ ਗੱਲ ਹੋਰ ਦੱਸ ਦੇਵਾਂ ਕਵੇਂਡਰ ਦੀ ਸਿਗਰਟ ਪੀਣ ਦਾ ਭੁਸ਼ ਸਾਨੂੰ ਪ੍ਰਾਈਮਰੀ ਸਕੂਲ ਤੋਂ ਹੀ ਪੈ ਗਿਆ ਸੀ। ... ਹਾਂ ਉਹਦੇ ਹੱਥ 'ਚ ਤਾਂ ਇਕ ਮੋਮੈਂਟੋ ਵੀ ਹੈ। ਬੈਗ ਤਾਂ ਰਹਿਣਾ ਹੀ ਹੈ। ਕਾਲੇ ਰੰਗ ਦੀ ਰੈਕਸਿਨ ਵਾਲਾ ਬੈਗ ਉਹ ਹਮੇਸਾਂ ਹੱਥ 'ਚ ਹੀ ਰੱਖਦਾ ਹੈ ਜਿਸ 'ਚ ਕਾਗਜ਼-ਪੱਤਰਾਂ ਤੋਂ ਇਲਾਵਾ ਟਾਇਪ ਕੀਤੀਆਂ ਅਰਜੀਆਂ, ਸ਼ਿਕਾਇਤ ਲੈਟਰ ਅਤੇ ਨਾਂ-ਪਤਿਆਂ ਵਾਲੀ ਇਕ ਘਸੀ ਹੋਈ ਟੈਲੀਫੂਨ ਡਾਇਰੀ ਹੁੰਦੀ ਹੈ। ਹਾਂ ਮੈਂ ਰਹਿਮਤ ਮਸੀਹ ਮੱਟੂ ਦੀ ਹੀ ਗੱਲ ਕਰ ਰਿਹਾ ਹਾਂ। ਉਹਦੇ ਬਾਰੇ ਮੋਟੀਆ ਮੋਟੀਆਂ ਗੱਲਾਂ ਮੈਂ ਭੂਮਿਕਾ ਵਿਚ ਹੀ ਦੱਸ ਦੇਣੀਆਂ ਚਾਹੁੰਦਾ ਹਾਂ ਤਾਂ ਕਿ ਤੁਸੀਂ ਉਹਦੇ ਬਾਰੇ ਜਾਨਣ ਲਈ ਤਿਆਰ ਹੋ ਸਕੋ। ਜੋ ਮੇਰੇ ਮੁਹੱਲੇ ਦਾ ਮੇਰਾ ਬਚਪਨ ਦਾ ਆੜੀ ਹੈ। ਆੜੀ ਹੀ ਨਹੀਂ ਮੇਰੀ ਆਪਣੀ ਬਰਾਦਰੀ ਦਾ ਵੀ ਹੈ। ਮੇਰਾ ਭਰਾ ਹੀ ਕਹਿ ਲਓ। ਪਰ ਜਿਸ ਨੂੰ ਪਿਆਰ ਨਾਲ ਮੈਂ ਮਾਸਟਰ ਜੀ ਕਹਿੰਦਾ ਹੁੰਦਾ ਹਾਂ। ਭਾਵੇਂ ਉਹ ਮੇਰੇ ਤੋਂ ਸਾਲ ਕੁ ਵੱਡਾ ਹੈ। ਮਾਸਟਰ ਰਹਿਮਤ ਮਸੀਹ ਸਾਡੇ ਪਿੰਡ ਗਾਖਲਾ ਦੇ ਸਕੂਲ ਵਿਚ ਡਰਾਇੰਗ ਮਾਸਟਰ ਸੀ। ਸੀ ਤੋਂ ਭਾਵ ਹੈ ਕਿ ਹੁਣ ਰੀਟਾਇਰ ਹੋ ਚੁੱਕਾ ਹੈ। ਪਿਛਲੇ ਮਹੀਨੇ 31 ਮਾਰਚ ਨੂੰ। ਪਰ ਇਹ ਮਾਸਟਰ ਰਹਿਮਤ ਮਸੀਹ ਮੱਟੂ ਆਪਣੇ ਕੰਮ ਕਰਕੇ, ਲੋਕਾਂ ਨਾਲ ਉੱਠਣੀ ਬੈਠਣੀ ਕਰਕੇ ਪਿੰਡ ਵਾਲਿਆਂ ਦੀਆਂ ਗੱਲਾਂ ਬਾਤਾਂ ਦਾ ਹਮੇਸ਼ਾਂ ਹੀਰੋ ਰਹਿੰਦਾ ਹੈ। ਜਦੋਂ ਸਕੂਲ ਵਿਚ ਸੀ, ਉਦੋਂ ਵੀ ਕੋਈ ਨਾ ਕੋਈ ਪੰਗਾ ਖੜਾ ਰੱਖਦਾ ਸੀ ਹੁਣ ਵੀ ਘੱਟ ਨਹੀਂ ਕਰਦਾ। ਰਿਟਾਇਰ ਹੋ ਕੇ ਲੀਡਰੀ 'ਚ ਪੈਰ ਰੱਖਣ ਲੱਗ ਪਿਆ ਹੈ। ਵਾਲਮੀਕੀਆਂ ਦਾ ਮਸੀਹਾ ਬਣਨ ਦੇ ਸੁਪਨੇ ਲੈਂਦਾ ਹੋਵੇਗਾ। ਹਾਂ ਮੋਮੈਂਟੋ ਦੇਖ ਕੇ ਚੇਤੇ ਆਇਆ ਉਹਨੂੰ ਸਨਮਾਨ ਦੀ ਬਹੁਤ ਭੁੱਖ ਹੈ। ਉਸ ਤੋਂ ਵੱਧ ਭੁੱਖ ਸਟੇਜ ਉੱਤੇ ਲੈਕਚਰ ਕਰਨ ਦੀ ਹੈ। ਮੈਂ ਉਹਦੇ ਬਹੁਤ ਸਾਰੇ ਰਾਜ ਆਪਣੇ ਕੋਲ ਸਾਂਭੀ ਬੈਠਾ ਹਾਂ ਤਾਂ ਹੀ ਉਹਦੀ ਜੀਵਨੀ ਦੱਸਣ ਦਾ ਮਨ ਕਰ ਆਇਆ ਹੈ। ਇਕ ਵਾਰ ਕਿਸੇ ਸਭਿਆਚਾਰਕ ਮੇਲੇ 'ਤੇ ਇਹਨੂੰ ਕਿਸੇ ਸਮਾਜ ਸੇਵਕ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਐਵਾਰਡ ਦੇਣ ਦਾ ਫ਼ੈਸਲਾ ਕੀਤਾ ਤਾਂ ਮਾਸਟਰ ਉਥੇ ਸਵੇਰੇ ਹੀ ਜਾ ਬੈਠਾ, ਇਨਾਮ ਲੈ ਕੇ ਮੇਲੇ ਵਿਚ ਸਟੇਜ ਸੰਚਾਲਕ ਕੋਲੋਂ ਮਾਇਕ ਫੜ ਕੇ ਬੋਲਿਆ ਵੀ ਸੀ। ਆਪਣੇ ਲੈਕਚਰ ਵਿਚ ਉਹ ਆਪਣੀ ਬਰਾਦਰੀ ਨੂੰ ਉੱਚਾ ਚੁੱਕਣ ਲਈ ਜ਼ੋਰਦਾਰ ਭਾਸ਼ਣ ਕਰ ਰਿਹਾ ਸੀ। ਸਰੋਤੇ ਕਲਾਕਾਰਾਂ ਤੋਂ ਗਰਮ ਨਰਮ ਗਾਣੇ ਸੁਣਨਾ ਚਾਹੁੰਦੇ ਸਨ। ਆਖੀਰ ਵਿਚ ਇਹ ਕਹਿ ਕੇ ਉਸਨੇ ਮਾਇਕ ਸਟੇਜ ਸਕੱਤਰ ਨੂੰ ਦਿੱਤਾ ਸੀ ਕਿ ਸਾਥੀਓ ਜਿਵੇਂ ਮੇਰੇ ਸਮਾਜ ਪ੍ਰਤੀ ਕੰਮਾਂ ਨੂੰ ਦੇਖ ਕੇ ਮੇਲੇ ਵਾਲਿਆਂ ਨੇ ਮੈਨੂੰ ਇਹ ਐਵਾਰਡ ਦਿੱਤਾ ਹੈ ਤੁਸੀਂ ਵੀ ਸਮਾਜ ਲਈ ਕੋਈ ਯਾਦਗਾਰੀ ਕੰਮ ਕਰੋ ਤਾਂ ਫਿਰ ਤੁਹਾਡੇ ਵੀ ਸਨਮਾਨ ਹੋਣਗੇ, ਤੁਹਾਨੂੰ ਵੀ ਲੋਕੀਂ ਚੇਤੇ ਕਰਨਗੇ। ... ਰਹਿਮਤ ਮਸੀਹ



ਅਤੇ ਮੈਂ ਇਕੱਠੇ ਹੀ ਪੜ੍ਹੇ ਸਾਂ। ਰਹਿਮਤ ਮਸੀਹ ਦਸਵੀਂ ਕਰ ਕੇ ਡਰਾਇੰਗ ਦਾ ਕੋਰਸ ਕਰਨ ਲੱਗ ਪਿਆ ਤਾਂ ਮੈਂ ਆਪਣੇ ਪਿਓ ਨਾਲ ਕਾਰਪੋਰੇਸ਼ਨ 'ਚ ਸਫਾਈ ਕਰਨ ਦੇ ਕੰਮ ਤੇ ਜਾਣ ਲੱਗ ਪਿਆ। ਸਾਰੀ ਉਮਰ ਹੀ ਲਾ ਦਿੱਤੀ ਸਫਾਈ ਕਰਨ 'ਤੇ ਪਰ ਅਜੇ ਵੀ ਸ਼ਹਿਰ ਗੰਦੇ ਦਾ ਗੰਦਾ ਹੈ। ਫਿਰ ਮੇਅਰ ਦਾ ਮਿੰਨਤ ਤਰਲਾ ਕਰਕੇ ਕਾਰਪੋਰੇਸ਼ਨ 'ਚ ਕਲਰਕ ਲੱਗ ਗਿਆ ਸੀ।

***ਭੂਮਿਕਾ-2***

ਲੈ ਹੁਣ ਕਲ੍ਹ ਦੀ ਹੀ ਗੱਲ ਲੈ ਲਓ। ਕਲ੍ਹ ਦੀ ਕਾਹਨੂੰ ਗੱਲ ਦਾ ਸਾਡੇ ਬਚਪਨ ਦੀ ਹੈ। ਮੇਰੇ ਬਚਪਨ ਦੀ ਵੀ ਨਹੀਂ। ਬਚਪਨ ਤਾਂ ਮੈਂ ਤੁਹਾਨੂੰ ਮਾਸਟਰ ਰਹਿਮਤ ਮਸੀਹ ਦਾ ਦੱਸਣਾ ਹੈ। ਉਸਦੇ ਨਾਲ ਮੇਰਾ ਬਚਪਨ ਵੀ ਆ ਜਾਣਾ ਹੈ ਕਿਉਂਕਿ ਸਾਡਾ ਬਚਪਨ ਤਕਰੀਬਨ ਇਕੱਠਾ ਹੀ ਬਤੀਤ ਹੋਇਆ ਸੀ। ਕਲ੍ਹ ਮੈਂ ਜਦੋਂ ਕਾਰਪੋਰੇਸ਼ਨ ਦੇ ਦਫ਼ਤਰ ਵਿਚ ਵਿਹਲਾ ਬੈਠਾ ਸੀ ਤਾਂ ਮਾਸਟਰ ਦਾ ਉਹ ਲਿਫ਼ਾਫ਼ਾ ਫ਼ਰੋਲਣ ਲੱਗ ਪਿਆ ਸੀ ਜਿਹਦੇ 'ਚ ਉਹਦੀਆਂ ਫਾਇਲਾਂ ਸਨ ਤੇ ਹੋਰ ਕਾਗਜ਼ ਪੱਤਰ ਵੀ। ਜਿਸ ਨੂੰ ਮਾਸਟਰ ਮੇਰੇ ਮੇਜ਼ 'ਤੇ ਭੁੱਲ ਗਿਆ ਸੀ। ...ਮੈਂ ਨੀਲੇ ਰੰਗ ਦੀ ਫਾਇਲ ਕੱਢੀ ਜਿਹਦੇ ਉੱਤੇ ਕਾਲੇ ਰੰਗ ਦੇ ਮਾਰਕਾ ਪੈੱਨ ਨਾਲ ਲਿਖਿਆ ਸੀ 'ਸਰਵਿਸ ਬੁੱਕ ਓਬਲੀਕ ਪਰਸਨਲ ਫਾਇਲ' ਹੈਂਡਿੰਗ ਨੇ ਮੇਰੀ ਉਤਸੁਕਤਾ ਵਧਾ ਦਿੱਤੀ ਸੀ। ਫਾਇਲ ਖੋਲ੍ਹੀ ਤਾਂ ਕਾਫੀ ਸਾਰੇ ਪੇਪਰ ਨੱਥੀ ਕੀਤੇ ਹੋਏ ਸਨ। ਕਈ ਪੇਪਰਾਂ ਦੀ ਫੋਟੋ ਕਾਪੀ ਬਹੁਤ ਹੀ ਕਾਲੀ ਸੀ, ਕਈਆਂ ਦੀ ਫਿੱਕੀ। ਮਨ 'ਚ ਖਿਆਲ ਆਇਆ ਕਿ ਇਹ ਮਾਸਟਰ ਦੇ ਸਰਵਿਸ ਬੁੱਕ ਤੇ ਪਰਸਨਲ ਫਾਇਲ ਦੇ ਸਫ਼ੇ ਫੋਟੋਸਟੇਟ ਕੀਤੇ ਹੋਏ ਸਨ। ਕਈ ਲਾਇਨਾਂ ਨੂੰ ਲਾਲ ਪੈੱਨ ਨਾਲ ਅੰਡਰ ਲਾਇਨ ਕੀਤਾ ਹੋਇਆ ਸੀ। ਮੈਂ ਉਸ ਫਾਇਲ ਦੇ ਪੇਪਰਾਂ ਨੂੰ ਵਿਚੋਂ-ਵਿਚੋਂ ਪੜ੍ਹ ਰਿਹਾ ਸੀ ਤਾਂ ਮੇਰਾ ਧਿਆਨ ਤਾਕੀ ਤੋਂ ਬਾਹਰ ਕੂੜਾ ਸੁੱਟਣ ਵਾਲੀਆਂ ਟਰਾਲੀਆਂ ਵੱਲ ਚਲੇ ਗਿਆ ਸੀ। ਤਿੰਨ ਚਾਰ ਨਿਆਣੇ ਕੂੜੇ ਵਾਲੀਆਂ ਟਰਾਲੀਆਂ ਦੇ ਇਰਦ ਗਿਰਦ ਬੋਰੀਆਂ ਜਿਹੀਆਂ ਲੈ ਕੇ ਫਿਰਦੇ ਸਨ, ਇਕ ਉਨ੍ਹਾਂ ਵਿਚ ਕੁੜੀ ਸੀ, ਬਾਕੀ ਮੁੰਡੇ ਸਨ। ਉਨ੍ਹਾਂ ਦੇ ਚਿਹਰੇ ਦੇਖ ਕੇ ਮੈਂ ਆਪਣੇ ਤੇ ਮਾਸਟਰ ਦੇ ਬਚਪਨ ਨੂੰ ਮਨ ਦੀ ਨੋਟ ਬੁੱਕ ਵਿਚੋਂ ਪੜ੍ਹਨ ਲੱਗ ਪਿਆ ਸੀ।

...ਅਸੀਂ ਸ਼ਾਇਦ ਪੰਜਵੀਂ 'ਚ ਪੜ੍ਹਦੇ ਹੋਵਾਂਗੇ। ਮੈਨੂੰ ਰਹਿਮਤ ਨੇ ਵਿਆਹ ਸਾਦੀਆਂ 'ਚੋਂ ਬਚੀ ਜੂਠ ਖਵਾ ਖਵਾ ਕੇ ਸਵਾਦੀ ਅਤੇ ਚਟਪਟੇ ਖਾਣੇ ਖਾਣ ਦੀ ਆਦਤ ਪਾ ਦਿੱਤੀ ਸੀ। ਇਕ ਦਿਨ ਰਹਿਮਤ ਮੈਨੂੰ ਕਹਿਣ ਲੱਗਾ ਸੀ, "ਯਾਰ ਦਰਸ਼ੀ ! ਚੱਲ ਅੱਜ ਨੰਗਰ ਪਿੰਡ ਬਰਾਤ ਢੁਕਣੀ ਹੈ। ਮੇਰੇ ਵੱਡੇ ਭਰਾ ਨੇ ਬਹਿਰਾ ਬਣ ਕੇ ਜਾਣਾ। ਮੈਨੂੰ ਕਹਿੰਦਾ ਸੀ ਤੂੰ ਵੀ ਆ ਜਾਵੀਂ। ਉਥੇ ਰੱਜ ਕੇ ਖਾਵਾਂਗੇ ਤੇ ਨਾਲੇ ਦਿਹਾੜੀ ਵੀ ਮਿਲੂਗੀ।" ਅਸੀਂ ਉਸੇ ਵੇਲੇ ਸਕੂਲੋਂ ਭੱਜਣ ਦੀ ਵਿਓਂਤ ਬਣਾ ਲਈ ਸੀ। ਮਾਸਟਰਨੀਆਂ ਤੋਂ ਅੱਖ ਬਚਾ ਕੇ ਮੂਤ ਕਰਨ ਦਾ ਬਹਾਨਾ ਲਾ ਕੇ ਅਸੀਂ ਸਕੂਲੋਂ ਭੱਜ ਆਏ ਸੀ। ਫਿਰ ਅਸੀਂ ਤੁਰ ਕੇ ਘੰਟੇ ਕੁ ਵਿਚ ਬਰਾਤ ਵਾਲੇ ਘਰ ਪਹੁੰਚ ਗਏ ਸੀ। ਮੇਰੇ ਨੰਗੇ ਪੈਰ ਸਨ। ਝੱਗਾ ਵੀ ਪਾਟਾ ਜਿਹਾ ਪਾਇਆ ਸੀ। ਨਾਲ ਸ਼ਾਇਦ ਨਿੱਕਰ ਸੀ ਜਾਂ ਪਜ਼ਾਮਾ। ਅਸੀਂ ਡਰੇ ਡਰੇ ਜਿਹੇ ਹਲਵਾਈਆਂ ਦੇ ਕੋਲ ਜਾ ਖੜੇ ਸੀ। ਹਲਵਾਈ ਪਕੌੜੇ ਤੇਲ ਵਾਲੀ ਕੜਾਹੀ ਵਿਚੋਂ ਕੱਢ-ਕੱਢ ਕੇ ਵੱਡੀ ਸਾਰੀ ਪਰਾਤ ਵਿਚ ਪਾਈ ਜਾ ਰਿਹਾ ਸੀ। ਉਨ੍ਹਾਂ ਵੱਲ ਦੇਖ ਦੇਖ ਕੇ ਸਾਡੇ ਮੂੰਹ ਵਿਚ ਪਾਣੀ ਆ ਗਿਆ ਸੀ। ਮੈਂ ਰਾਤ ਦੀ ਬਚੀ ਹੋਈ ਬੇਹੀ ਰੋਟੀ ਹੀ ਖਾ ਕੇ ਆਇਆ ਸੀ ਜਿਹੜੀ ਮਾਂ ਨੇ ਲੱਸੀ ਵਿਚ ਚੂਰ ਕੇ ਮੈਨੂੰ ਦਿੱਤੀ ਸੀ। ਬਹਿਰੇ ਟੈਂਟ ਅੰਦਰ ਮੇਜ ਉੱਤੇ ਪਲੇਟਾਂ ਰੱਖੀ ਜਾਂਦੇ ਸਨ। ਕੋਈ ਕੁਰਸੀਆਂ ਠੀਕ ਕਰ ਰਿਹਾ ਸੀ। ਰਹਿਮਤ ਦੀਆਂ ਨਜ਼ਰਾਂ ਆਪਣੇ ਵੱਡੇ ਭਰਾ ਨੂੰ ਲੱਭ ਰਹੀਆਂ ਸਨ। ਫਿਰ ਉਹ ਅਚਾਨਕ ਚੀਕਿਆ ਸੀ, ਮੇਰੇ ਪਕੌੜਿਆਂ ਵੱਲ ਖੁੱਭਿਆ ਧਿਆਨ ਉਖੜ ਗਿਆ ਸੀ, "ਔਹ ਦੇਖ ਉਏ ਸਾਲਾ ਕੀ ਲਈ ਆਉਂਦਾ ਆ ?" ਕਹਿੰਦਾ ਹੋਇਆ ਰਹਿਮਤ ਆਪਣੇ ਭਰਾ ਵੱਲ ਭੱਜਾ ਸੀ। ਮੈਂ ਡਰਿਆ

ਜਿਹਾ ਮਗਰੇ ਤੁਰ ਪਿਆ ਸੀ। ਉਹਦਾ ਭਰਾ ਵਿਆਹ ਵਾਲਿਆਂ ਦੇ ਘਰੋਂ ਮਠਿਆਈ ਦੇ ਡੱਬੇ ਚੁੱਕ ਕੇ ਲਿਆ ਰਿਹਾ ਸੀ। ਥੋੜ੍ਹਾ ਰੁਕ ਕੇ ਬੋਲਿਆ ਸੀ, "ਮਾਂ ਚੋ... ਆ ਗਿਆ ਹੁਣ, ਤੈਨੂੰ ਸਾਝਰੇ ਕਿਹਾ ਸੀ ਆ ਜਾਵੀਂ, ਸਾਲੇ ਖਾਣ ਦੇ ਵੇਲੇ ਆ ਖੜੇ ਆ, ਜਾਓ ਭੱਜ ਜਾਓ।" ਪਰ ਰਹਿਮਤ ਖੜਾ ਰਿਹਾ ਸੀ। ਅਸੀਂ ਡਰੇ ਜਿਹੇ ਇਕ ਦੂਜੇ ਵਿਚ ਵੜਦੇ ਉਹਦੇ ਪਿੱਛੇ ਪਿੱਛੇ ਤੁਰ ਪਏ ਸੀ। ਫਿਰ ਸਾਨੂੰ ਉਹਨੇ ਨੁਕਰ 'ਤੇ ਪਾਣੀ ਨਾਲ ਭਰੇ ਟੱਬਾਂ ਲਾਗੇ ਬਿਠਾ ਦਿੱਤਾ ਸੀ। ਲਾਗੇ ਸਾਡੇ ਕੱਪ-ਪਲੇਟਾਂ ਦਾ ਢੇਰ ਸੀ। "ਚਲੋ ਇਨ੍ਹਾਂ ਨੂੰ ਸਰਫ਼ ਵਾਲੇ ਪਾਣੀ 'ਚ ਧੋ ਧੋ ਕੇ ਮੇਜ਼ 'ਤੇ ਰੱਖੀ ਜਾਵੋ। ਚੱਲ ਉਏ ਦਰਸ਼ੀ ਤੂੰ ਸਰਫ਼ ਆਲੇ ਟੱਬ ਮੋਹਰੇ ਬੈਠ , ਤੂੰ ਸਾਫ਼ ਪਾਣੀ ਦੇ ਟੱਬ ਮੋਹਰੇ ਬੈਠ ਰਹਿਮਤੇ! ਫੁਰਤੀ ਨਾਲ ਹੱਥ ਮਾਰਨਾ ਹੈ।" ਅਤੇ ਅਸੀਂ ਫੁਰਤੀ ਨਾਲ ਕੱਪ-ਪਲੇਟਾਂ ਧੋ ਧੋ ਕੇ ਮੇਜ਼ 'ਤੇ ਰੱਖਣ ਲੱਗ ਪਏ ਸੀ। ਬਰਾਤ ਆ ਗਈ ਸੀ। ਲੋਕਾਂ ਦੀ ਭੀੜ ਟੈਂਟ ਵਿਚ ਕੁਰਬਲ ਕੁਰਬਲ ਕਰ ਰਹੀ ਸੀ। ਹੁਣ ਸਭ ਸਵਾਦ ਸਵਾਦ ਨਾਲ ਮਠਿਆਈ ਖਾ ਰਹੇ ਹੋਣਗੇ। ਉਦੋਂ ਮੈਨੂੰ ਲੱਗਾ ਸੀ ਜਿਵੇਂ ਮੈਂ ਆਪਣੇ ਮੂੰਹ ਵਿਚ ਰਸਗੁੱਲਾ ਪਾਇਆ ਹੋਵੇ ਤੇ ਉਦੋਂ ਮੇਰਾ ਮੂੰਹ ਪਾਣੀ ਨਾਲ ਭਰ ਗਿਆ ਸੀ। ਬਹਿਰੇ ਨੱਠੇ ਨੱਠੇ ਪਕੌੜਿਆਂ ਦੀਆਂ ਪਲੇਟਾਂ ਲਿਜਾ ਲਿਜਾ ਕੇ ਬਰਾਤੀਆਂ ਅੱਗੇ ਰੱਖੀ ਜਾ ਰਹੇ ਸਨ। ਦੋ ਬਹਿਰੇ ਸਾਡੇ ਮੁਹਰੇ ਚਾਹ ਨਾਲ ਲਿਬੜੇ ਕੱਪ, ਜੂਠੀਆਂ ਪਲੇਟਾਂ, ਜਿਨ੍ਹਾਂ 'ਚ ਬਰਾਤੀਆਂ ਨੇ ਪਕੌੜਿਆਂ, ਬਰੈਡ ਪੀਸ ਤੇ ਮਠਿਆਈ ਦੇ ਅੱਧ ਖਾਧੇ ਟੁਕੜੇ ਛੱਡੇ ਹੁੰਦੇ ਸੀ ਸਾਡੇ ਮੁਹਰੇ ਰੱਖੀ ਜਾ ਰਹੇ ਸਨ, ਤੇ ਸਾਨੂੰ ਹੁਕਮ ਕਰੀ ਜਾ ਰਹੇ ਸਨ, 'ਸਾਲਿਓ ਫੁਰਤੀ ਨਾਲ ਧੋ ਧੋ ਕੇ ਮੇਜ਼ ਤੇ ਰੱਖੀ ਜਾਵੋ, ਪਲੇਟਾਂ ਕੱਪ ਅੰਦਰ ਹੈ ਨਹੀਂ।' ਰਹਿਮਤ ਨੇ ਆਪਣੇ ਕੋਲ ਇਕ ਮੋਮਜ਼ਾਮੇ ਦਾ ਵੱਡਾ ਲਿਫ਼ਾਫ਼ਾ ਰੱਖਿਆ ਹੋਇਆ ਸੀ, ਸ਼ਾਇਦ ਉਹ ਘਰੋਂ ਲੈ ਕੇ ਆਇਆ ਸੀ। ਇਸ ਤਰ੍ਹਾਂ ਦਾ ਲਿਫ਼ਾਫ਼ਾ ਉਹਦੇ ਕੋਲ ਹਮੇਸ਼ਾਂ ਹੀ ਹੁੰਦਾ ਸੀ। ਉਸ ਨੇ ਉਹ ਲਿਫ਼ਾਫ਼ਾ ਆਪਣੇ ਨੇਫ਼ੇ ਵਿਚੋਂ ਬਾਹਰ ਕੱਢਿਆ ਤੇ ਪਲੇਟਾਂ 'ਚ ਬਰਾਤੀਆਂ ਦੀ ਛੱਡੀ ਹੋਈ ਜੂਠ ਫੁਰਤੀ ਨਾਲ ਲਿਫ਼ਾਫ਼ੇ ਵਿਚ ਪਾਉਣ ਲੱਗ ਪਿਆ ਸੀ। ਜਦੋਂ ਕਿਤੇ ਬਰਫ਼ੀ ਦਾ ਕੋਈ ਟੁਕੜਾ ਆਉਂਦਾ ਸੀ ਤਾਂ ਉਹ ਖ਼ੁਸ਼ ਹੋ ਕੇ ਮੈਨੂੰ ਦੱਸਦਾ ਸੀ 'ਲੈ ਉਏ ਬਰਫ਼ੀ ਵੀ ਆ ਗਈ... ਆਹ ਰਸਗੁੱਲਾ ਵੀ ਆ ਗਿਆ ਰਸੇ ਨਾਲ ਭਰਿਆ ਹੋਇਆ।' ਸ਼ਾਮ ਤੱਕ ਅਸੀਂ ਕੱਪ ਪਲੇਟਾਂ ਧੋਂਦੇ ਰਹੇ ਸੀ। ਵਿਚ ਨੂੰ ਰਹਿਮਤ ਦਾ ਭਰਾ ਸਾਨੂੰ ਪਕੌੜਿਆਂ ਨਾਲ ਚਾਹ ਦੇ ਗਿਆ ਸੀ। ਅਸੀਂ ਪਕੌੜਿਆਂ ਨਾਲ ਭਰੀ ਪਲੇਟ ਦੋਵੇਂ ਜਣੇ ਡਕਾਰ ਗਏ ਸੀ। ਸਾਡੇ ਕੋਲ ਜੂਠ ਨਾਲ ਲਿਫ਼ਾਫ਼ਾ ਭਰ ਗਿਆ ਸੀ। ਜਦੋਂ ਸਾਰੇ ਭਾਂਡੇ ਧੋ ਦਿੱਤੇ ਸੀ ਤਾਂ ਮੇਰਾ ਲੱਕ ਦਰਦ ਕਰਨ ਲੱਗ ਪਿਆ ਸੀ। ਰਹਿਮਤ ਵੀ ਥੱਕ ਗਿਆ ਸੀ। ਲਗਾਤਾਰ ਸਰਫ਼ ਵਾਲੇ ਪਾਣੀ ਵਿਚ ਹੱਥ ਰਹਿਣ ਨਾਲ ਮੇਰੇ ਹੱਥਾਂ ਵਿਚ ਛਾਲੇ ਹੋ ਗਏ ਸਨ। ਜਾਣ ਲੱਗੇ ਸਾਨੂੰ ਬਹਿਰਿਆਂ ਦੇ ਹੈੱਡ ਨੇ ਵੀਹ ਵੀਹ ਰੁਪਏ ਦਿੱਤੇ ਸਨ। ਕੁਝ ਮਠਿਆਈ ਤੇ ਪਕੌੜੇ ਲਿਫ਼ਾਫ਼ੇ ਵਿਚ ਪਾ ਦਿੱਤੇ ਸਨ। ਇਹ ਸੁੱਚੀ ਮਠਿਆਈ ਅਸੀਂ ਵੱਖਰੇ ਲਿਫ਼ਾਫ਼ੇ ਵਿਚ ਪਾ ਲਈ ਸੀ। ਰਹਿਮਤ ਨੇ ਜੂਠ ਵਾਲਾ ਲਿਫ਼ਾਫ਼ਾ ਮੈਨੂੰ ਚੁੱਕਾ ਦਿੱਤਾ ਸੀ। ਅਸੀਂ ਲੁੱਡੀਆਂ ਪਾਉਂਦੇ ਹੋਏ ਘਰਾਂ ਨੂੰ ਆ ਗਏ ਸਨ। ਘਰ ਆ ਕੇ ਅਸੀਂ ਜੂਠ ਦੋ ਹਿੱਸਿਆਂ ਵਿਚ ਕਰ ਲਈ ਸੀ। ਰਹਿਮਤ ਨੇ ਜਿੰਨੇ ਬਰਫ਼ੀ ਦੇ ਟੁਕੜੇ ਸੀ ਉਹ ਵੀ ਬਰਾਬਰ ਵੰਡੇ ਸਨ ਅਤੇ ਰਸਗੁੱਲੇ ਵੀ ਬਰਾਬਰ ਵੰਡ ਕੇ ਮੈਨੂੰ ਦੇ ਦਿੱਤੇ ਸਨ। ਸੁੱਚੀ ਮਠਿਆਈ ਵੀ ਰਹਿਮਤ ਨੇ ਵੱਖਰੇ ਲਿਫ਼ਾਫ਼ੇ ਵਿਚ ਮੈਨੂੰ ਦੇ ਦਿੱਤੀ ਸੀ। ਮੈਨੂੰ ਚੇਤੇ ਹੈ ਉਸ ਰਾਤ ਨਾ ਰਹਿਮਤ ਦੇ ਘਰ ਰੋਟੀ ਪੱਕੀ ਸੀ ਅਤੇ ਨਾ ਹੀ ਸਾਡੇ ਘਰ ਰੋਟੀ ਪੱਕੀ ਸੀ। ਸਾਡੇ ਘਰਾਂ ਦੇ ਜੀਆਂ ਨੇ ਉਹ ਖਾਣ-ਪੀਣ ਦਾ ਸਾਮਾਨ ਬੜੇ ਸਵਾਦ ਨਾਲ ਖਾਧਾ ਸੀ। ਇੰਝ ਜਦੋਂ ਕਿਤੇ ਕੋਈ ਵਿਆਹ ਹੁੰਦਾ ਤਾਂ ਰਹਿਮਤ ਮੈਨੂੰ ਵੀ ਆਪਣੇ ਨਾਲ ਲੈ ਜਾਂਦਾ ਸੀ। ਕੰਮ ਕਰਕੇ ਸਾਡੀ ਜੇਬ ਵਿਚ ਪੈਸੇ ਵੀ ਆ ਜਾਂਦੇ ਸਨ, ਅਸੀਂ ਕੁਝ ਪੈਸਿਆਂ ਦੀਆਂ ਤਾਂ ਬੀੜੀਆਂ ਲੈਂਦੇ ਸੀ ਜਿਹੜੀਆਂ ਅਸੀਂ ਟਿੱਬੇ ਤੇ ਜਾ ਕੇ ਪੀਂਦੇ ਸੀ। ਜਦੋਂ ਵਧੇਰੇ ਪੈਸੇ ਹੁੰਦੇ ਸਨ ਤਾਂ ਰਹਿਮਤ ਕਵੰਡਰ ਦੀ



ਸਿਗਰਟਾਂ ਦੀ ਡੱਬੀ ਲੈਂ ਲੈਂਦਾ ਸੀ। ਅਸੀਂ ਰਲ਼ ਕੇ ਮਜੇ ਨਾਲ ਸੂਟੇ ਮਾਰਦੇ ਸੀ।

ਇਕ ਵਾਰੀ ਸਾਡੇ ਕੋਲ ਚੰਗੇ ਪੈਸੇ ਜਮ੍ਹਾਂ ਹੋ ਗਏ ਜਿਹੜੇ ਕਿ ਅਸੀਂ ਵਿਆਹ 'ਚੋਂ 'ਕੱਠੇ ਕੀਤੇ ਸਨ ਜਿਹੜੇ ਪੈਸੇ ਮੁੰਡੇ ਦਾ ਪਿਓ ਕਾਰ ਦੇ ਉਤੋਂ ਦੀ ਸੁੱਟਦਾ ਹੁੰਦਾ ਸੀ। ਉਦੋਂ ਨਰਾਤਿਆਂ ਦੇ ਦਿਨ ਸੀ। ਰਹਿਮਤ ਨੇ ਸ਼ਹਿਰ ਫਿਲਮ ਦੇਖਣ ਦੀ ਯੋਜਨਾ ਬਣਾ ਲਈ ਸੀ। ਉਦੋਂ ਧਰਮਿੰਦਰ ਦੀ 'ਚੋਰਨੀ' ਫਿਲਮ ਲੱਗੀ ਹੋਈ ਸੀ। ਅਸੀਂ ਸਕੂਲੋਂ ਭੱਜ ਕੇ ਸ਼ਹਿਰ ਵਾਲੇ ਟੈਂਪੂ ਵਿਚ ਜਾ ਚੜੇ ਸੀ। ਅਸੀਂ ਦੋਹੇਂ ਜਣੇ ਸਰੋਂ ਦੇ ਤੇਲ ਨਾਲ ਵਾਲ਼ ਚੋਪੜ ਕੇ, ਬੋਦੇ ਵਾਹ ਕੇ, ਧੋਤੇ ਕੱਪੜੇ ਪਾ ਕੇ, ਸਿਗਰਟਾਂ ਦੇ ਸੂਟੇ ਖਿਚਦੇ ਹੋਏ ਸਿਨਮੇ ਦੇ ਅੰਦਰ ਏਧਰ ਉਧਰ ਚੱਕਰ ਮਾਰ ਰਹੇ ਸੀ। ਉਦੋਂ ਹੀ ਰਹਿਮਤ ਦੀ ਨਜ਼ਰ ਸਾਡੇ ਸਕੂਲ ਦੇ ਮੈਥ ਮਾਸਟਰ ਉਤੇ ਪੈ ਗਈ ਸੀ। ਉਹ ਵੀ ਸ਼ਾਇਦ ਫਿਲਮ ਦੇਖਣ ਆਇਆ ਸੀ। "ਉਏ ਦਰਸ਼ੀ ਭੈਣ ਜਾਵਾ ਮਾਸਟਰ ਉਏ ਮੈਥ ਦਾ, ਨਾਲ ਉਹਦੇ ਨੰਗਲ ਸਕੂਲ ਦੀ ਮਾਸਟਰਨੀ ਵੀ ਹੈ। ਲੁਕ ਜਾ ਯਾਰ।" ਉਹਦੀ ਗੱਲ ਸੁੱਣ ਕੇ ਮੈਂ ਡਰ ਗਿਆ ਸੀ। ਅਸੀਂ ਦਬਾਸਟ ਸਿਗਰਟਾਂ ਹੱਥਾਂ ਨਾਲ ਬੁਝਾ ਦਿੱਤੀਆਂ ਸਨ। ਮੇਰੀਆਂ ਤਾਂ ਉਂਗਲਾਂ ਹੀ ਸੜ ਗਈਆਂ ਸਨ। ਸਾਨੂੰ ਮਾਸਟਰ ਨੇ ਵੀ ਦੇਖ ਲਿਆ ਸੀ। ਪਰ ਅਸੀਂ 'ਚੋਰਨੀ' ਫਿਲਮ ਦੇਖ ਕੇ ਜ਼ਰੂਰ ਆਏ ਸੀ।

ਦੂਜੇ ਦਿਨ ਮਾਸਟਰ ਨੇ ਸਾਨੂੰ ਪ੍ਰਾਥਨਾ ਸਭਾ ਵੇਲੇ ਖੜੇ ਕਰ ਲਿਆ ਸੀ। ਦੋਹਾਂ ਦੀ ਚੰਗੀ ਫੈਂਟੀ ਲਾਹੀ ਸੀ।

...ਕੂੜੇ ਦੀਆਂ ਟਰਾਲੀਆਂ ਲਾਗੇ ਫਿਰਦੇ ਤਿੰਨ ਚਾਰ ਨਿਆਣੇ ਆਪਸ 'ਚ ਲੜਦੇ... ਉੱਚੀ ਉੱਚੀ ਬੋਲਦੇ ਹੋਏ ਮੇਰਾ ਧਿਆਨ ਤੋੜ ਦਿੰਦੇ ਹਨ । ਉਹ ਆਪਸ ਵਿਚ ਕਿਸੇ ਗੱਲ ਤੋਂ ਲੜਨ ਲੱਗ ਪਏ ਸਨ ਤਾਂ ਮੇਰਾ ਧਿਆਨ ਉਖੜ ਗਿਆ ਸੀ। ਮੈਂ ਦਬਕਾ ਮਾਰ ਉਨ੍ਹਾਂ ਨੂੰ ਭਜਾ ਦਿੱਤਾ ਸੀ। ਉਨ੍ਹਾਂ ਨਾਲ ਦੀ ਕੁੜੀ ਰੋਣ ਲੱਗ ਪਈ ਸੀ। ਸਲਵਾਰ ਘੁੱਟ ਕੇ ਫੜੀ ... ਡਰੀ ਜਿਹੀ ਉਹ ਵੀ ਮੁੰਡਿਆਂ ਦੇ ਮਗਰ ਭੱਜੀ ਸੀ। ਕੁੜੀ ਨੂੰ ਦੇਖ ਕੇ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਖਿਆਲ ਆਉਣ ਲੱਗ ਪਏ ਸਨ।

***

ਮੈਂ ਤੁਹਾਨੂੰ ਰਹਿਮਤ ਮਸੀਹ ਮੱਟੂ ਦੀ ਜੀਵਨੀ ਦੱਸਣੀ ਚਾਹੁੰਦਾ ਹਾਂ। ਮਨ ਬੜਾ ਦੁਚਿਤੀ ਵਿਚ ਹੈ ਕਿ ਗੱਲ ਕਿਥੋਂ ਸ਼ੁਰੂ ਕੀਤੀ ਜਾਵੇ। ਲੈ ਬਣ ਗਈ ਹੈ ਗੱਲ, ਉਸ ਦੀ ਨੀਲੇ ਰੰਗ ਦੀ ਫਾਇਲ ਮੇਰੇ ਹੱਥ ਲੱਗ ਗਈ ਹੈ। ਕਲ੍ਹ ਸ਼ਹਿਰ ਨੂੰ ਉਹ ਆਇਆ ਸੀ ਤੇ ਮੈਨੂੰ ਕਾਰਪੋਰੇਸ਼ਨ ਦੇ ਦਫ਼ਤਰ ਮਿਲਣ ਆ ਗਿਆ। ਉਹ ਆਪਣੀ ਪੈਨਸ਼ਨ ਦਾ ਕੇਸ਼ ਤਿਆਰ ਕਰਦਾ ਫਿਰ ਰਿਹਾ ਸੀ। ਜਾਂਦਾ ਹੋਇਆ ਆਪਣੇ ਕਾਗਜ਼ ਪੱਤਰ ਵਾਲਾ ਲਿਫ਼ਾਫ਼ਾ ਮੇਰੇ ਮੇਜ 'ਤੇ ਭੁੱਲ ਗਿਆ। ਉਸ ਵਿਚ ਪਈ ਨੀਲੇ ਰੰਗ ਦੀ ਫਾਇਲ ਨੇ ਮੇਰਾ ਧਿਆਨ ਖਿੱਚਿਆ ਸੀ। ਇਸ ਫਾਇਲ ਵਿਚ ਉਹਦੀ ਨੌਕਰੀ ਦੌਰਾਨ ਦੇ ਅਹਿਮ ਡਾਕੂਮੈਂਟ ਸਨ। ਮੈਂ ਵਿਹਲਾ ਹੀ ਸੀ। ਮੈਂ ਕੱਢ ਕੇ ਉਸ ਫਾਇਲ ਦੇ ਵਰਕੇ ਫਰੋਲਣ ਲੱਗ ਪਿਆ ਤੇ ਮੇਰੀਆਂ ਅੱਖਾਂ ਵਿਚ ਦੀ ਹੌਲੀ-ਹੌਲੀ ਸਾਰੀਆਂ ਘਟਨਾਵਾਂ ਲੰਘਣ ਲੱਗ ਪੈਂਦੀਆਂ ਹਨ। ਤੁਸੀਂ ਭਾਵੇਂ ਇਹਨੂੰ ਜੀਵਨੀ ਕਹਿ ਲਓ ਜਾਂ ਸਵੈ ਜੀਵਨੀ ਜਾਂ ਕਹਾਣੀ। ਇਸ ਫਾਇਲ ਦੇ ਫੋਟੋਸਟੇਟ ਕੀਤੇ ਪੇਪਰ ਤਾਂ ਇਕ ਬਹਾਨਾ ਹੈ।

***ਜ਼ਲੀਲਤਾ***

ਨੀਲੇ ਰੰਗ ਦੀ ਫਾਇਲ 'ਚ ਨੱਥੀ ਕੀਤੇ ਹੋਏ ਪੇਪਰਾਂ 'ਚੋਂ ਇਕ ਪੇਪਰ 'ਤੇ ਅੱਧੇ ਪੰਨੇ ਦਾ ਇਕ ਨੋਟ ਲਿਖਿਆ ਹੋਇਆ ਸੀ, "ਅੱਜ ਮਿਤੀ 2 ਫਰਵਰੀ, 1988 ਨੂੰ ਸਕੂਲ ਦੇ ਡਰਾਇੰਗ ਮਾਸਟਰ ਵੱਲੋਂ ਸਕੂਲ ਦੇ ਮੁੱਖ ਅਧਿਆਪਕ ਵੀ. ਕੇ. ਵਰਮਾ ਨੂੰ ਗਾਲਾਂ ਕੱਢੀਆਂ ਗਈਆਂ ਤੇ ਉਸ ਬਾਰੇ ਬੜੀ ਭੱਦੀ

ਭਾਸ਼ਾ ਦੀ ਵਰਤੋਂ ਕੀਤੀ ਗਈ। ਅੱਜ ਜਦੋਂ ਸਵੇਰੇ ਪ੍ਰਾਥਨਾ ਸਭਾ ਤੋਂ ਬਾਅਦ ਸਕੂਲ ਦੇ ਚਪੜਾਸੀ ਨੂੰ ਸਕੂਲ ਦੀ ਸਫ਼ਾਈ ਠੀਕ ਢੰਗ ਨਾਲ ਨਾ ਕਰਨ ਉੱਤੇ ਡਾਂਟਿਆ ਗਿਆ ਤਾਂ ਡਰਾਇੰਗ ਮਾਸਟਰ ਰਹਿਮਤ ਮਸੀਹ ਮੱਟੂ ਨੇ ਉਦੋਂ ਦਫ਼ਤਰ ਵਿਚ ਆ ਕੇ ਮੁੱਖ ਅਧਿਆਪਕ ਨਾਲ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਇਸ ਗੱਲ ਦੀ ਗਵਾਹੀ ਸਕੂਲ ਦੇ ਪੰਜਾਬੀ ਅਧਿਆਪਕ ਮੈਡਮ ਮਨਜੀਤ ਕੌਰ ਜੀ ਅਤੇ ਮੈਥ ਮਾਸਟਰ ਹਰਗੁਪਾਲ ਸਿੰਘ ਦੇ ਰਹੇ ਹਨ। ਉਨ੍ਹਾਂ ਦੇ ਦਸਤਖ਼ਤ ਵੀ ਨਾਲ ਕਰਵਾਏ ਜਾ ਰਹੇ ਹਨ। ਦੋ ਚਾਰ ਦਿਨਾਂ ਤੋਂ ਪੀਅਨ ਜਾਗਰ ਸਿੱਧੂ ਸਕੂਲ ਦੇ ਕਮਰਿਆਂ ਦੀ ਠੀਕ ਤਰ੍ਹਾਂ ਸਫ਼ਾਈ ਨਹੀਂ ਸੀ ਕਰ ਰਿਹਾ। ਕਮਰਿਆਂ 'ਚ ਕੂੜਾ ਖਿਲਰਿਆ ਰਹਿੰਦਾ ਸੀ ਅਤੇ ਮੁੱਖ ਅਧਿਆਪਕ ਦਾ ਕਮਰਾ ਵੀ ਠੀਕ ਤਰ੍ਹਾਂ ਸਾਫ਼ ਨਹੀਂ ਸੀ ਹੁੰਦਾ। ਸਕੂਲ ਦਾ ਮੁੱਖੀ ਹੋਣ ਦੇ ਨਾਤੇ ਮੇਰਾ ਇਹ ਫਰਜ਼ ਬਣਦਾ ਹੈ ਕਿ ਮੈਂ ਸਾਰਿਆਂ ਕੋਲੋਂ ਠੀਕ ਢੰਗ ਨਾਲ ਕੰਮ ਲਵਾਂ। ਪਰ ਰਹਿਮਤ ਮਸੀਹ ਮੱਟੂ ਨੇ ਇਸ ਨੂੰ ਜਾਤੀ ਰੰਗ ਦੇ ਦਿੱਤਾ। ਉਹ ਮੈਨੂੰ ਜਲੀਲ ਕਰਨ ਲਈ ਬੜੀ ਭੱਦੀ ਭਾਸ਼ਾ ਦੀ ਵਰਤੋਂ ਕਰਨ ਲੱਗ ਪਿਆ ਤੇ ਕਹਿਣ ਲੱਗ ਪਿਆ ਕਿ ਪੀਅਨ ਨੂੰ 'ਸਾਲਾ ਚੂਹੜਾ' 'ਨਿਘਰੀ ਜਾਤ' ਕਹਿਣ ਕਰਕੇ ਤੁਹਾਡੇ ਵਿਰੁੱਧ ਸ਼ਿਕਾਇਤ ਕੀਤੀ ਜਾਵੇਗੀ। ਉਸ ਨੇ ਧਮਕੀਆਂ ਵੀ ਦਿੱਤੀਆਂ ਸਨ। ਮਾਸਟਰ ਰਹਿਮਤ ਦੇ ਮਾੜੇ ਵਤੀਰੇ ਬਾਰੇ ਲਿਖਤੀ ਰੂਪ ਵਿਚ ਸ਼ਿਕਾਇਤ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਵੀ ਕੀਤੀ ਜਾ ਰਹੀ ਹੈ।"

ਇਹ ਪ੍ਰਸੰਗ ਪੜ੍ਹ ਕੇ ਮੈਨੂੰ ਇਕ ਦਮ ਇਹ ਘਟਨਾ ਚੇਤੇ ਆ ਗਈ ਸੀ। ਜਾਗਰ ਸਿੱਧੂ ਸਾਡੇ ਹੀ ਮੁਹੱਲੇ 'ਚ ਰਹਿੰਦਾ ਸੀ ਜਿਹੜਾ ਸਰਪੰਚ ਦੀ ਸਿਫਾਰਸ ਨਾਲ ਸਕੂਲ 'ਚ ਸਫ਼ਾਈ ਕ੍ਰਮਚਾਰੀ ਲੱਗ ਗਿਆ ਸੀ, ਜਿਸ ਸਮੇਂ ਦੀ ਇਹ ਘਟਨਾ ਸੀ ਉਦੋਂ ਸਕੂਲ 'ਚ ਮੁੱਖ ਅਧਿਆਪਕ ਵਰਮਾ ਸਾਹਿਬ ਸਨ ਜੋ ਕਿ ਗੱਲ-ਗੱਲ ਉੱਤੇ ਸਕੂਲ ਦੇ ਚਪੜਾਸੀ , ਸਫ਼ਾਈ ਕਰਮਚਾਰੀ ਤੇ ਮਾਲੀ ਨੂੰ ਫਿਟਕਾਰਦੇ ਰਹਿੰਦੇ ਸਨ। ਉਦੋਂ ਜਾਗਰ ਨੇ ਮੈਨੂੰ ਦੱਸਿਆ ਸੀ, "ਭਰਾਵਾ ਸਕੂਲ ਦਾ ਨਵਾਂ ਹੈਡਮਾਸਟਰ ਤਾਂ ਬੜਾ ਚੰਦਰਾ। ਗੱਲ ਗੱਲ 'ਤੇ ਮਾਂ ਦੀ-ਧੀ ਦੀ ਕਰ ਦਿੰਦਾ। ਕਲ੍ਹ ਮੈਨੂੰ ਕਹਿਣ ਲੱਗਾ, "ਓਏ ਚਹੂੜੇ ਦਿਆ... ਬੰਦਾ ਬਣ ਕੇ ਸਫ਼ਾਈ ਕਰ ਨਹੀਂ ਤਾਂ ਘਰ ਨੂੰ ਤੋਰ ਦਊਂ।" ਇਸ ਦੇ ਨਾਲ ਹੀ ਰਹਿਮਤ ਮਸੀਹ ਉਤੇ ਵੀ ਕੰਮ ਦਾ ਬੋਝ ਪਾਈ ਰੱਖਦਾ, ਜਦੋਂ ਕਿਸੇ ਕਲਾਸ ਦਾ ਵਿਹਲਾ ਪੀਰਡ ਹੁੰਦਾ ਸੀ ਤਾਂ ਰਹਿਮਤ ਨੂੰ ਭੇਜ ਦਿੰਦਾ। ਬਾਕੀ ਅਧਿਆਪਕ ਨਾਲ ਆਪ ਦਫ਼ਤਰ ਬੈਠਾ ਗੱਪਾ ਮਾਰਦਾ ਰਹਿੰਦਾ। ਉਦੋਂ ਹੱਦ ਹੀ ਹੋ ਗਈ ਸੀ ਜਦੋਂ ਦਫ਼ਤਰ 'ਚ ਪਾਣੀ ਦਿੰਦੇ ਹੋਏ ਮਾਲੀ ਨੂੰ ਉਹਨੇ ਕਹਿ ਦਿੱਤਾ ਸੀ ਕਿ ਤੂੰ ਮੈਨੂੰ ਪਾਣੀ ਨਹੀਂ ਦੇਣਾ। ਤੇ ਮਾਸਟਰ ਰਹਿਮਤ ਮਸੀਹ ਮੱਟੂ ਇਕ ਦਿਨ ਸਾਰੇ ਸਟਾਫ ਮੂਹਰੇ ਬੋਲ ਪਿਆ ਸੀ। ਉਦੋਂ ਮੁੱਖ ਅਧਿਆਪਕ ਨੇ ਉਹਦੀ ਸਰਵਿਸ ਬੁੱਕ 'ਤੇ ਕੁਫ਼ਰ ਲਿਖ ਕੇ ਉਹਨੂੰ ਜ਼ਿਲ੍ਹਾ ਸਿੱਖਿਆ ਦਫ਼ਤਰ ਦੇ ਚੱਕਰਾਂ 'ਚ ਪਾ ਦਿੱਤਾ ਸੀ। ਜਦੋਂ ਕਿਤੇ ਮਾਸਟਰ ਮਿਲਦਾ ਸੀ ਤਾਂ ਬੜਾ ਦੁਖੀ ਹੋ ਕੇ ਕਹਿੰਦਾ ਸੀ, "ਭਰਾਵਾ! ਆਪਣੀ ਕਿਸਮਤ 'ਚ ਤਾਂ ਧੱਕੇ ਹੀ ਲਿਖੇ ਹਨ, ਆਪਾਂ ਮਾੜੀ ਜਾਤ 'ਚ ਜੰਮੇ ਹੋਏ, ਗੰਦ ਚੁੱਕਣ ਵਾਲੇ ਖੋਤੇ ਹਾਂ, ਜੋ ਪੜ੍ਹ ਲਿਖ ਕੇ ਨਿੱਕੀਆਂ ਮੋਟੀਆਂ ਨੌਕਰੀਆਂ 'ਤੇ ਭਾਵੇਂ ਜਾ ਲੱਗੇ ਹਾਂ ਪਰ ਸਾਡੇ ਸਮਾਜ ਦੇ ਲੋਕਾਂ ਦੀ ਸੋਚ ਦੇਸ਼ ਦੀ ਗੁਲਾਮੀ ਵਾਲੇ ਸਮੇਂ ਦੀ ਹੈ। ਸਾਨੂੰ ਬਰਾਬਰ ਦੇ ਅਧਿਆਪਕ ਲੱਗੇ ਦੇਖ ਕੇ ਉਨ੍ਹਾਂ ਦੇ ਸਿਰਾਂ ਵਿਚ ਤਰਾਟਾਂ ਪੈਂਦੀਆਂ ਹਨ। ਸਾਨੂੰ ਤਾਂ ਆਹ ਰਵੀਦਾਸੀਏ ਚਮਾਰ ਹੀ ਆਪਣੇ ਤੋਂ ਨਿਘਰੀ ਜਾਤ ਦੇ ਸਮਝਦੇ ਹਨ। ਦੇਖ ਬਈ ਦਰਸ਼ਨਾ ! ਇਸ ਹੈਡ ਮਾਸਟਰ ਨੇ ਸਾਡੇ ਨਾਲ ਪੰਗਾ ਲਿਆ ਹੈ, ਐਂ ਕਿਤੇ ਅਸੀਂ ਵਿਰੋਧ ਕਰਨੋ ਹਟ ਜਵਾਂਗੇ। ਜਿਹੜੀ ਗੱਲ ਮਾੜੀ ਹੋਵੇਗੀ, ਸਾਡੇ ਖਿਲਾਫ਼ ਜਾਵੇਗੀ।" ਉਸ ਵੇਲੇ ਰਹਿਮਤ ਮਸੀਹ ਦਾ ਜਵਾਨ ਲਹੂ ਉਬਾਲੇ ਮਾਰ ਰਿਹਾ ਸੀ।

ਉਦੋਂ ਇਹ ਗੱਲ ਪੰਚਾਇਤ ਤੀਕਰ ਵੀ ਪਹੁੰਚ ਗਈ ਸੀ। ਸਰਪੰਚ ਚਮਾਰਾਂ ਦੇ ਵਿਹੜੇ 'ਚੋਂ ਸੀ "ਸਾਡੇ ਮੁਹੱਲੇ ਦਾ ਵੀ ਇਕ ਪੰਚ ਸੀ। ਪੰਚਾਇਤ ਸਕੂਲ ਵਿਚ ਇਕ ਦੋ ਵਾਰੀ ਜਾ ਆਈ ਸੀ। ਪਰ ਮੁੱਖ



ਅਧਿਆਪਕ ਪੰਚਾਇਤ ਦੀ ਇਕ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਰਹਿਮਤ ਮਸੀਹ ਨਾਲ ਹੈਡ ਦੀ ਨਿੱਤ ਦਿਨ ਦੀ ਘੈਂਸ ਘੈਂਸ ਵਧਣ ਲੱਗ ਪਈ ਸੀ। ਸਕੂਲ 'ਚ ਰਾਜਨੀਤੀ ਚੱਲਣ ਲੱਗ ਪਈ ਸੀ। ਰਹਿਮਤ ਮਸੀਹ ਅਤੇ ਤਿੰਨ ਫੋਰਥ ਕਲਾਸ ਕਰਮਚਾਰੀ ਇਕ ਪਾਸੇ ਤੇ ਸਕੂਲ ਦਾ ਬਾਕੀ ਸਟਾਫ ਇਕ ਪਾਸੇ ਸੀ। ਸਕੂਲ ਦੇ ਦੋ ਐਸ. ਸੀ. ਟੀਚਰ ਸਨ, ਉਹ ਰਹਿਮਤ ਨਾਲ ਖੜੇ ਹੋਣ ਤੋਂ ਡਰਨ ਲੱਗ ਪਏ ਸਨ। ਸਕੂਲ ਦਾ ਇੰਗਲਿਸ਼ ਦਾ ਮਾਸਟਰ ਕੁਲਬੀਰ ਸਿੰਘ ਮਾਨ ਬਹੁਤ ਘੱਟ ਪੀਰਡ ਲਾਉਂਦਾ ਸੀ। ਇਸ ਮਾਸਟਰ ਬਾਰੇ ਇਕ ਵਾਰ ਮੈਨੂੰ ਰਹਿਮਤ ਨੇ ਦੱਸਿਆ ਸੀ, "ਲੈ ਬਈ ਮਾਸਟਰਾ ਆਪਣਾ ਕੁਲਬੀਰ ਮਾਨ ਮਾਸਟਰ ਤਾਂ ਚਮਾਰ ਨਿਕਲਿਆ, ਆਪਣੇ ਆਪ ਨੂੰ ਜੱਟ ਦੱਸੀ ਜਾਂਦਾ ਸੀ। ਮੈਂ ਇਕ ਵਾਰ ਇਨ੍ਹਾਂ ਦੇ ਪਿੰਡ ਚਲੇ ਗਿਆ। ਉਥੇ ਮੈਂ ਇਸ ਮਾਸਟਰ ਬਾਰੇ ਪੁੱਛ ਲਿਆ , 'ਲੰਬੜਦਾਰਾ ਤੁਹਾਡੇ ਘਰਾਂ 'ਚੋਂ ਇਕ ਮਾਸਟਰ ਕੁਲਬੀਰ ਸਿੰਘ ਵੀ ਹੈ ? ' ਤਾਂ ਲੰਬੜਦਾਰ ਨੇ ਕਿਹਾ ਸੀ ਨਾ ਬਈ ਸਾਡੇ ਵਿਚੋਂ ਨਹੀਂ ਕੋਈ ਮਾਸਟਰ ਕੁਲਬੀਰ। ਹਾਂ ਚਮਾਰ੍ਹਲੀ ਦਾ ਇਕ ਮਾਸਟਰ ਹੈ ਉਹਦਾ ਨਾਂ ਹੈ ਕੁਲਬੀਰ ਸਿੰਘ ਮਾਨ।' ਹੁਣ ਬੰਦਾ ਦੱਸ ਕੀ ਕਰੂ।"

ਇਹ ਮਾਸਟਰ ਕਦੇ ਵੀ ਸਕੂਲ ਸਮੇਂ ਸਿਰ ਨਹੀਂ ਸੀ ਆਉਂਦਾ। ਜਦੋਂ ਆਉਂਦਾ ਤਾਂ ਕਈ ਕਈ ਘੰਟੇ ਪ੍ਰਾਇਮਰੀ ਸਕੂਲ ਵਾਲੀਆਂ ਭੈਣਜੀਆਂ ਨਾਲ ਗੱਪਾਂ ਮਾਰਦਾ ਰਹਿੰਦਾ। ਕਈ ਵਾਰੀ ਲੰਚ ਵੀ ਉਥੇ ਹੀ ਕਰ ਲੈਂਦਾ। ਉਸ ਦੀ ਕਲਾਸ ਦੇ ਬੱਚੇ ਰੌਲੀ ਪਾਉਂਦੇ ਰਹਿੰਦੇ। ਇਕ ਦਿਨ ਰਹਿਮਤ ਮਸੀਹ ਨੂੰ ਗੁੱਸਾ ਆ ਗਿਆ ਸੀ, ਉਹਨੇ ਸਾਰਾ ਗੁੱਸਾ ਮੁੱਖ ਅਧਿਆਪਕ ਵਰਮੇ 'ਤੇ ਕੱਢਿਆ ਸੀ, "ਦੇਖੋ ਵਰਮਾ ਜੀ ! ਤੁਸੀਂ ਇੰਗਲਿਸ਼ ਮਾਸਟਰ ਨੂੰ ਕੁਝ ਨਹੀਂ ਕਹਿ ਰਹੇ, ਬੱਚਿਆਂ ਨੂੰ ਪੜ੍ਹਾਉਣ ਦੀ ਬਜਾਏ ਪ੍ਰਾਇਮਰੀ ਵਾਲੀਆਂ ਭੈਣਜੀਆਂ ਨਾਲ ਗੱਲੀਂ ਲੱਗਾ ਰਹਿੰਦਾ ਹੈ, ਜਦੋਂ ਲੇਟ ਆਵੇ ਤਾਂ ਤੁਸੀਂ ਉਸ ਦੀ ਵਨ ਥਰਡ ਨਹੀਂ ਲਾਉਂਦੇ, ਫੇਰ ਡਿਊਟੀ ਪਾ ਕੇ ਉਹਨੂੰ ਤੋਰੀ ਰੱਖਦੇ ਹੋ। ਜੇ ਅਸੀਂ ਪੰਜ ਮਿੰਟ ਲੇਟ ਹੋ ਜਾਈਏ ਤਾਂ ਵਨ-ਥਰਡ ਲਾ ਦਿੰਦੇ ਹੋ। ਸਭ ਨਾਲ ਇਕੋ ਜਿਹਾ ਪੇਸ਼ ਆਉ, ਇਕ ਦੀ ਧਿਰ ਬਣ ਕੇ ਦੂਜੇ ਨੂੰ ਜ਼ਲੀਲ ਨਾ ਕਰੋ। ਵਿਤਕਰੇ ਵਾਲਾ ਵਤੀਰਾ ਰੱਖ ਕੇ ਤੁਸੀਂ ਸਕੂਲ ਦਾ ਮਾਹੌਲ ਖਰਾਬ ਕਰ ਰਹੇ ਹੋ ਅਤੇ ਇਸ ਨਾਲ ਬੱਚਿਆਂ ਦੀ ਪੜ੍ਹਾਈ ਖਰਾਬ ਹੋ ਰਹੀ ਏ।" ਪਰ ਮੁੱਖ ਅਧਿਆਪਕ 'ਤੇ ਰਹਿਮਤ ਮਸੀਹ ਦੀ ਗੱਲ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਸਾਡੇ ਮੁਹੱਲੇ 'ਚ ਇਸ ਗੱਲ ਬਾਰੇ ਬੱਚੇ ਬੱਚੇ ਨੂੰ ਪਤਾ ਲੱਗ ਗਿਆ ਸੀ। ਮੁਹੱਲੇ ਦੇ ਪੰਜ ਸੱਤ ਮੁੰਡਿਆਂ ਨੇ ਹੈੱਡ ਨੂੰ ਘੇਰਨ ਦੀ ਸਕੀਮ ਬਣਾ ਲਈ ਸੀ ਜਿਹੜੇ ਲਾਗਲੇ ਕਸਬੇ ਦੇ ਟੈਂਟ ਹਾਊਸ ਵਿਚ ਵਿਆਹ-ਸਾਦੀ 'ਚ ਜੂਠੇ ਭਾਂਢੇ ਮਾਂਜਣ, ਪਾਣੀ ਪਿਲਾਣ, ਮਠਿਆਈ-ਪਕੌੜੇ ਪਰੋਸਣ ਆਦਿ ਦਾ ਕੰਮ ਕਰਦੇ ਸਨ ਅਤੇ ਦੋ ਜ਼ਿਮੀਦਾਰਾਂ ਦੇ ਟਰੈਕਰ ਚਲਾਉਂਦੇ ਸਨ। ਮੌਕਾ ਦੇਖ ਕੇ ਮੁੱਖ ਅਧਿਆਪਕ ਨੂੰ ਇਨ੍ਹਾਂ ਨੇ ਘੇਰ ਲਿਆ ਸੀ। ਉਸ ਨਾਲ ਧੱਕਾ ਮੁੱਕੀ ਕੀਤੀ ਸੀ ਅਤੇ ਉਹਦੀ ਕਮੀਜ਼ ਗਲਮੇ ਤੋਂ ਫੜਦਿਆਂ ਖਿੱਚ ਕੇ ਪਾੜ ਦਿੱਤੀ ਸੀ। ਗੁੱਸੇ 'ਚ ਆਏ ਹੈੱਡ ਨੇ ਲਾਂਬੜੇ ਦੀ ਚੌਂਕੀ 'ਚ ਪਰਚਾ ਦਰਜ ਕਰਵਾ ਦਿੱਤਾ ਸੀ ਕਿ ਡਰਾਇੰਗ ਮਾਸਟਰ ਰਹਿਮਤ ਮਸੀਹ ਮੱਟੂ ਤੇ ਸਕੂਲ ਦੇ ਪੀਅਨ ਜਾਗਰ ਸਿੱਧੂ ਨੇ ਰਲ ਕੇ ਆਪਣੇ ਸ਼ਰੀਕੇ ਦੇ ਮੁੰਡਿਆਂ ਰਾਹੀਂ ਉਹਦੇ 'ਤੇ ਜਾਨਲੇਵਾ ਹਮਲਾ ਕਰਵਾਇਆ ਹੈ। ਫੇਰ ਕੀ ਸੀ ਮਾਸਟਰ ਰਹਿਮਤ ਦੋ ਦਿਨ ਠਾਣੇ ਰਿਹਾ ਸੀ। ਨਾਲ ਉਹ ਮੁੰਡੇ ਵੀ ਰਹੇ। ਮੈਂ ਉਦੋਂ ਭੱਜ ਨੱਠ ਕਰਕੇ ਵਾਲਮੀਕੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਦਾ ਤਰਲਾ ਕਰਕੇ ਰਹਿਮਤ ਅਤੇ ਚਾਰ ਮੁੰਡਿਆਂ ਨੂੰ ਜ਼ਮਾਨਤ ਤੇ ਘਰ ਲਿਆਂਦਾ ਸੀ। ਗੱਲ ਹੋਰ ਪਾਸੇ ਚਲੇ ਗਈ ਸੀ। ਇਸ ਗੱਲ ਕਰਕੇ ਮਾਸਟਰ ਰਹਿਮਤ ਦਾ ਬਹੁਤ ਘਾਟਾ ਹੋਇਆ ਸੀ। ਭਾਵੇਂ ਕਿ ਰਹਿਮਤ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਪਰ ਉਹਦੇ ਮੁਹੱਲੇ ਦੇ ਮੁੰਡੇ ਹੋਣ ਕਰਕੇ ਸਾਰਾ ਦੋਸ਼ ਉਹਦੇ 'ਤੇ ਆ ਗਿਆ ਸੀ। ਫਿਰ ਮਾਸਟਰ ਨੇ ਘਰ ਆ ਕੇ ਉਨ੍ਹਾਂ ਮੁੰਡਿਆਂ ਨੂੰ ਬਹੁਤ ਝਿੜਕਿਆ ਸੀ। ਉਦੋਂ ਇਕ ਮੁੰਡਾ ਬੜਾ ਗੁੱਸੇ ਵਿਚ

ਬੋਲਿਆ ਸੀ, "ਚਾਚਾ ਜੀ ਸਾਡੇ ਕੋਲੋਂ ਨਹੀਂ ਰਹਿ ਹੁੰਦਾ, ਉਹ ਹੈੱਡ ਮਾਸਟਰ ਸਾਡੇ ਚਾਚੇ ਦੀ ਅਤੇ ਸਾਡੇ ਤਾਏ ਦੀ ਬੇਇੱਜਤੀ ਕਰੀ ਜਾਵੇ। ਅਸੀਂ ਵੰਗਾਂ ਪਾ ਕੇ ਬੈਠੇ ਰਹੀਏ।"

ਪਰ ਮੈਂ ਉਨ੍ਹਾਂ ਨੂੰ ਦਬਕਾ ਮਾਰ ਕੇ ਘਰੋਂ ਤੋਰ ਦਿੱਤਾ ਸੀ। ਫਿਰ ਬਾਤ ਦਾ ਬਤੰਗੜ ਬਣਨ ਲੱਗ ਪਿਆ ਸੀ। ਵਾਲਮੀਕ ਸਭਾ ਦੇ ਜ਼ਿਲ੍ਹਾ ਪ੍ਰਧਾਨ ਨੇ ਆਲ ਇੰਡੀਆ ਸਫਾਈ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਨੂੰ ਨਾਲ ਲੈ ਕੇ ਇਸ ਮਸਲੇ ਨੂੰ ਰਾਜਨੀਤੀ ਦਾ ਰੰਗ ਦੇਣਾ ਸ਼ੁਰੂ ਕਰ ਦਿੱਤਾ ਸੀ। ਮਾਸਟਰ ਇਸ ਗੱਲ ਦੇ ਹੱਕ ਵਿਚ ਨਹੀਂ ਸੀ। ਗਰਮੀ ਵਿਚ ਆਏ ਸਾਡੇ ਮੁਹੱਲੇ ਦੇ ਦਸ-ਪੰਦਰਾਂ ਅਨਪੜ੍ਹ ਲੋਕ ਵਾਲਮੀਕੀ ਸਭਾ ਦੇ ਮੈਂਬਰ ਬਣ ਗਏ ਸਨ। ਤੇ ਪ੍ਰਧਾਨ ਨੇ ਰਹਿਮਤ ਮਸੀਹ ਨੂੰ ਵਾਲਮੀਕੀ ਸਭਾ ਸਰਕਲ ਜਲੰਧਰ 'ਚ ਵਿਸ਼ੇਸ਼ ਅਹੁਦਾ ਦੇ ਦਿੱਤਾ ਸੀ। ਉਨ੍ਹਾਂ ਇਕੱਠੇ ਹੋ ਕੇ ਡੀ. ਸੀ. ਨੂੰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਸ਼ਿਕਾਇਤ ਤੇ ਮੰਗ ਪੱਤਰ ਦੇ ਦਿੱਤੇ ਸਨ। ਹੈੱਡ ਮਾਸਟਰ ਵਰਮਾ ਨੇ ਵੀ ਸ਼ਹਿਰ ਦੇ ਰਾਜਨੀਤਿਕ ਲੋਕਾਂ ਦਾ ਆਸਰਾ ਲੈਣਾ ਸ਼ੁਰੂ ਕਰ ਦਿੱਤਾ ਸੀ। ਖ਼ੈਰ ਹੈੱਡ ਨਾਲ ਮੁੰਡਿਆਂ ਵੱਲੋਂ ਕੀਤੀ ਕੁੱਟ ਮਾਰ ਦੀ ਗੱਲ ਠੰਡੀ ਪੈ ਗਈ ਸੀ। ਮਾਸਟਰ ਦੇ ਹਮਾਇਤੀਆਂ ਨੇ ਦਾਬਾ ਪਾ ਲਿਆ ਸੀ। ਵਰਮਾ ਥੋੜ੍ਹਾ ਝੁਕ ਗਿਆ ਸੀ। ਪੰਚਾਇਤ ਨੇ ਦੋਹਾਂ ਧਿਰਾਂ ਵਿਚਕਾਰ ਰਾਜੀਨਾਮਾ ਕਰਵਾ ਦਿੱਤਾ ਸੀ। ਪਰ ਰਹਿਮਤ ਤਾਂ ਡੰਗ ਮਾਰਨ ਦੀਆਂ ਤਿਆਰੀਆਂ ਕਰਨ ਲੱਗਾ ਹੋਇਆ ਸੀ। ਮੌਕੇ ਦੀ ਭਾਲ 'ਚ ਫਿਰ ਰਿਹਾ ਸੀ।

***ਚੋਰੀ***

ਫਾਇਲ ਦੇ ਦੋ-ਚਾਰ ਪੰਨੇ ਪਲਟ ਕੇ ਮੇਰੀ ਨਜ਼ਰ ਇਕ ਥਾਂ ਅਟਕ ਜਾਂਦੀ ਹੈ, ਜਿਥੇ ਨੀਲੇ ਪੈਨ ਨਾਲ ਲਿਖਿਆ ਹੋਇਆ ਹੈ ਤੇ ਵਿਚਕਾਰ ਦੋ ਵਾਕਾਂ ਤੋਂ ਬਾਅਦ ਲਾਲ ਪੈਨ ਨਾਲ ਲਿਖਿਆ ਸੀ 'ਇਕ ਹਜ਼ਾਰ ਰੁਪਏ ਦੇ ਟਾਟ ਚੋਰੀ ਕੀਤੇ'। ਮੈਂ ਹੈਰਾਨ ਹੋ ਗਿਆ ਕਿ ਇਹ ਗੱਲ ਵੀ ਸਰਕਾਰੀ ਰਿਕਾਰਡ 'ਚ ਲਿਖੀ ਗਈ ਹੈ। ਸ਼ਾਇਦ ਏਹ ਸਰਵਿਸ ਬੁੱਕ ਦਾ ਵਰਕਾ ਹੈ...ਜਾਂ ਪਰਸਨਿਲ ਫਾਇਲ ਦਾ ਪੇਜ਼। ਹੈੱਡ ਮਾਸਟਰ ਨੇ ਇਹ ਲਿਖ ਕੇ ਮਾਸਟਰ ਰਹਿਮਤ ਦੇ ਮੱਥੇ 'ਤੇ ਸਾਰੀ ਉਮਰ ਦਾ ਕਲੰਕ ਲਾ ਦਿੱਤਾ ਸੀ। ਮੈਂ ਤੁਹਾਨੂੰ ਮੁੱਢ ਤੋਂ ਪੜ੍ਹ ਕੇ ਸੁਣਾਉਂਦਾ ਹਾਂ,

"ਮਿਡਲ ਸਕੂਲ ਗਾਖਲਾ ਵਿਚ ਡਰਾਇੰਗ ਦੀ ਪੋਸਟ 'ਤੇ ਨਿਯੁਕਤ ਮਾਸਟਰ ਰਹਿਮਤ ਮਸੀਹ ਮੱਟੂ ਨੇ ਪ੍ਰਾਇਮਰੀ ਸਕੂਲ ਦੇ ਸੌ-ਸੌ ਮੀਟਰ ਦੇ ਟਾਟਾਂ ਦੇ ਦੋ ਰੋਲ ਚੋਰੀ ਕਰ ਲਏ ਹਨ। ਪ੍ਰਾਇਮਰੀ ਸਕੂਲ ਹੈੱਡ ਦੀ ਪੋਸਟ ਖਾਲੀ ਹੋਣ ਕਰਕੇ ਇਸ ਦਾ ਚਾਰਜ ਮੇਰੇ ਕੋਲ ਹੀ ਹੈ। ਮਿਤੀ ਦਸ ਅਪ੍ਰੈਲ ਨੂੰ ਸਕੂਲ ਦੇ ਪ੍ਰਾਇਮਰੀ ਅਧਿਆਪਕ ਜਗੀਰ ਸਿੰਘ ਨੇ ਪੀ. ਟੀ. ਏ. ਫੰਡ 'ਚੋਂ ਟਾਟਾਂ ਦੇ ਦੋ ਰੋਲ ਲਿਆਂਦੇ ਸਨ। ਉਨ੍ਹਾਂ ਇਕ ਹਜ਼ਾਰ ਰੁਪਏ ਦਾ ਬਿੱਲ ਵੀ ਪੀ. ਟੀ. ਏ. ਫੰਡ ਦੇ ਇੰਚਾਰਜ਼ ਨੂੰ ਦੇ ਦਿੱਤਾ ਸੀ। ਉਨ੍ਹਾਂ ਪ੍ਰਾਇਮਰੀ ਸਕੂਲ ਦੇ ਸਟਾਫ ਕਮਰੇ 'ਚ ਟਾਟਾਂ ਦੇ ਦੋ ਰੋਲ ਲਿਆ ਕੇ ਰੱਖ ਦਿੱਤੇ ਸਨ ਅਤੇ ਜਦੋਂ ਦੋ ਦਿਨ੍ਹਾਂ ਬਾਅਦ ਟਾਟ ਕੱਟਣ ਲਈ ਟਾਟ ਦੇਖੇ ਗਏ ਤਾਂ ਟਾਟ ਉਥੇ ਹੈ ਨਹੀਂ ਸਨ। ਸਕੂਲ ਦੀਆਂ ਚਾਬੀਆਂ ਸਫ਼ਾਈ ਕਰਨ ਵਾਲੇ ਜਾਗਰ ਸਿੱਧੂ ਕੋਲ ਹੁੰਦੀਆਂ ਸਨ। ਉਹ ਚਾਬੀਆਂ ਪ੍ਰਾਪਤ ਕਰਕੇ ਮਾਸਟਰ ਰਹਿਮਤ ਮਸੀਹ ਨੇ ਟਾਟ ਚੋਰੀ ਕੀਤੇ ਅਤੇ ਫਿਰ ਸ਼ਹਿਰ ਦੀ ਇਕ ਦੁਕਾਨ 'ਤੇ ਵੇਚ ਦਿੱਤੇ ਸੀ। ਇਹ ਬਿਆਨ ਪੁਲਿਸ ਕੋਲ ਦੁਕਾਨਦਾਰ ਨੇ ਦੇ ਦਿੱਤਾ ਸੀ। ਇਹ ਬਹੁਤ ਗੰਭੀਰ ਮਸਲਾ ਹੈ ਇਸ ਲਈ ਮੈਂ ਇਹਨੂੰ ਸਰਵਿਸ ਬੁੱਕ 'ਚ ਨੋਟ ਕਰਨਾ ਜ਼ਰੂਰੀ ਸਮਝਦਾ ਹਾਂ।" ਥੱਲੇ ਮੁੱਖ ਅਧਿਆਪਕ ਦੇ ਦਸਤਖ਼ਤ ਤੇ ਮੋਹਰ ਸੀ।

ਪਰ ਗੱਲ ਕੁਝ ਹੋਰ ਹੀ ਸੀ। ਮੈਨੂੰ ਪਤਾ ਲੱਗਾ ਸੀ ਕਿ ਮੁੱਖ ਅਧਿਆਪਕ ਵਰਮੇ ਨੇ ਉਸ ਦੀ ਸਰਵਿਸ ਬੁੱਕ 'ਚ ਕਾਲਖ ਲਾ ਕੇ ਉਹਨੂੰ ਕਲੰਕੀ ਬਣਾ ਦਿੱਤਾ ਸੀ। ਭਾਵੇਂ ਕਿ ਸਭ ਨੂੰ ਪਤਾ ਸੀ ਕਿ



ਟਾਟ ਚੋਰੀ ਕਰਨ ਤੇ ਖੁਰਦ-ਬੁਰਦ ਕਰਨ ਵਿਚ ਜਗੀਰ ਸਿੰਘ ਦਾ ਮੁੱਖ ਹੱਥ ਹੈ। ਪਰ ਇਸ ਦੇ ਸਬੂਤਾਂ ਦੀ ਘਾਟ ਕਰਕੇ ਗੱਲ 'ਤੇ ਮਿੱਟੀ ਪੈ ਗਈ ਸੀ। ਤੇ ਸਾਰੀ ਗੱਲ ਮਾਸਟਰ ਰਹਿਮਤ 'ਤੇ ਆ ਗਈ ਸੀ। ਉਦੋਂ ਕਹਿੰਦੇ ਨੇ ਰਹਿਮਤ ਮਸੀਹ ਅਤੇ ਹੈੱਡ ਹੱਥੋਂ-ਪਾਈ ਤੱਕ ਪਹੁੰਚ ਗਏ ਸਨ। ਅਤੇ ਰਹਿਮਤ ਮਸੀਹ ਨੇ ਉਸ ਵਿੱਰੁਧ ਕੀਤੀਆਂ ਸ਼ਿਕਾਇਤਾਂ ਦੇ ਢੇਰ ਲਾ ਦਿੱਤੇ ਸਨ। ਰਹਿਮਤ ਨੇ ਹੁਣ ਮੁੱਖ ਅਧਿਆਪਕ ਨਾਲ ਦੋ ਹੱਥ ਕਰਨ ਦਾ ਇਰਾਦਾ ਕਰ ਲਿਆ ਸੀ। ਪਰ ਐਤਕੀ ਪੰਚਾਇਤ, ਮਾਸਟਰ ਰਹਿਮਤ ਮਸੀਹ ਵੱਲ ਹੋ ਗਈ ਸੀ। ਸਾਰੇ ਪਿੰਡ ਨੇ ਇਹ ਬਿਆਨ ਦੇ ਦਿੱਤਾ ਸੀ ਕਿ ਰਹਿਮਤ ਉਸ ਦਿਨ ਪਿੰਡ ਵਿਚ ਨਹੀਂ ਸੀ। ਭਾਵੇਂ ਕਿ ਵਰਮੇ ਨੇ ਹੀ ਉਹਨੂੰ ਜਾਲ ਵਿਚ ਫਸਾਇਆ ਸੀ ਪਰ ਫਿਰ ਵੀ ਵਰਮਾ ਦੁਖੀ ਹੋ ਗਿਆ ਸੀ। ਸਕੂਲ ਦਾ ਮਾਹੌਲ ਬਹੁਤ ਤਣਾਓ ਵਿਚ ਚਲ ਰਿਹਾ ਸੀ। ਬੱਚਿਆਂ ਦੀ ਪੜ੍ਹਾਈ 'ਤੇ ਮਾੜਾ ਅਸਰ ਪੈ ਰਿਹਾ ਸੀ। ਸਕੂਲ ਵਿਚ ਵਰਮਾ ਬਹੁਤ ਘੱਟ ਦਿਸਣ ਲੱਗਾ ਸੀ। ਮਾਸਟਰ ਰਹਿਮਤ ਕੋਈ ਨਾ ਕੋਈ ਮੁੱਖ ਅਧਿਆਪਕ ਬਾਰੇ ਗੱਲ ਕੱਢ ਕੇ ਕਦੇ ਪੱਤਰਕਾਰਾਂ ਨੂੰ ਦੇ ਦਿੰਦਾ ਸੀ ਅਤੇ ਕਦੇ ਡੀ. ਈ. ਓ. ਦਫ਼ਤਰ ਭੇਜ ਦਿੰਦਾ ਸੀ। ਵੀਹ ਕੁ ਦਿਨ੍ਹਾਂ ਬਾਅਦ ਮਾਸਟਰ ਨੇ ਪੀ. ਟੀ. ਏ. ਫੰਡ ਦੀ ਫਾਇਲ 'ਚ ਲੱਗੇ ਜਾਅਲੀ ਬਿੱਲ ਫੋਟੋ ਸਟੇਟ ਕਰਵਾ ਲਏ ਸਨ ਤੇ ਇਕ ਪੱਤਰਕਾਰ ਨੂੰ ਦੇ ਦਿੱਤੇ ਸਨ। ਜਦੋਂ ਸਕੂਲ ਦੇ ਫੰਡਾਂ ਵਿਚ ਹੋ ਰਹੇ ਘਪਲੇ ਦੀ ਖਬਰ ਜਾਅਲੀ ਬਿੱਲਾਂ ਦੀਆਂ ਫੋਟੋ ਸਮੇਤ ਲੱਗੀ ਸੀ ਤਾਂ ਮੁੱਖ ਅਧਿਆਪਕ ਨਵੀਂ ਮੁਸੀਬਤ ਵਿਚ ਘਿਰ ਗਏ ਸਨ। ਡੀ. ਈ. ਓ. ਦਫ਼ਤਰ ਵਾਲਿਆਂ ਨੇ ਸਾਰਾ ਰਿਕਾਰਡ ਦਫ਼ਤਰ ਮੰਗਵਾ ਲਿਆ ਸੀ। ਹੈੱਡ ਨਵੀਂ ਮੁਸੀਬਤ ਵਿਚ ਫਸ ਗਿਆ ਸੀ। ਅਖੀਰ ਵਿਚ ਹੈਡ ਮਾਸਟਰ ਨੇ ਦੋ ਕੁ ਮਹੀਨੇ ਬਾਅਦ ਓਥੋਂ ਬਦਲੀ ਕਰਵਾ ਲਈ ਸੀ। ਪਰ ਮਾਸਟਰ ਚੁਰਾਸੀ ਦੇ ਚੱਕਰਾਂ ਵਿਚ ਪੈ ਗਿਆ ਸੀ।

ਫਿਰ ਮੁੱਖ ਅਧਿਆਪਕ ਦੀ ਥਾਂ ਸਾਡੀ ਬਰਾਦਰੀ ਦੀ ਮੁੱਖ ਅਧਿਆਪਕਾ ਆ ਗਈ ਸੀ ਉਹਨੂੰ ਹੁਣੇ ਹੁਣੇ ਪ੍ਰਮੋਸ਼ਨ ਮਿਲੀ ਸੀ। ਰਾਖਵੇਂਕਰਨ ਦੇ ਕੋਟੇ 'ਚ ਹੋਣ ਕਰਕੇ ਉਹਦਾ ਨੰਬਰ ਬਹੁਤ ਜਲਦੀ ਆਇਆ ਸੀ ਤੇ ਰਹਿਮਤ ਮਸੀਹ ਮੱਟੂ ਨੂੰ ਲੱਗਣ ਲੱਗ ਪਿਆ ਸੀ ਜਿਵੇਂ ਸਕੂਲ 'ਚ ਹੁਣ ਉਸ ਦਾ ਰਾਜ ਆਵੇਗਾ। ਉਦੋਂ ਕੁ ਹੀ ਮਾਸਟਰ ਮੈਨੂੰ ਮਿਲਿਆ ਸੀ ਤੇ ਕਹਿਣ ਲੱਗਾ ਸੀ, "ਬਈ ਦਰਸ਼ਨਾ ਹੁਣ ਕੰਮ ਸੂਤ ਆਵੇਗਾ, ਮੈਂ ਹੁਣ ਚੰਮ ਦੀਆਂ ਚਲਾਉਣੀਆਂ ਹਨ। ਜਗੀਰ ਸਿੰਘ ਤੋਂ ਗਿਣ-ਗਿਣ ਬਦਲੇ ਲੈਣੇ ਹਨ। ਮੈਂ ਵੀ ਬੜੀ ਕੁੱਤੀ ਚੀਜ਼ ਹਾਂ। ਹੈੱਡ ਆਪਣੇ ਵਿਚੋਂ ਹੀ ਹੈ। ਉਹ ਆਪਣੇ ਤੋਂ ਭੱਜੀ ਨਹੀਂ।" ਮੈਂ ਸੁਣਦਾ ਰਿਹਾ ਸੀ। ਮਾਸਟਰ ਦੇ ਚਿਹਰੇ 'ਤੇ ਵੱਖਰੀ ਕਿਸਮ ਦਾ ਸਰੂਰ ਸੀ।

***ਪੁਰਖੇ***

ਮਾਸਟਰ ਰਹਿਮਤ ਦੀ ਜ਼ਿੰਦਗੀ ਬੜੀ ਗਰੀਬੀ 'ਚ ਬੀਤੀ। ਉਸ ਦਾ ਬਾਪ ਗਰੀਬ ਦਾਸ ਮਸੀਹ ਤੇ ਉਹਦੀ ਬੇਬੇ ਧੰਤੀ ਆਲੇ ਦੁਆਲੇ ਦੇ ਪੰਜ ਪਿੰਡਾਂ ਦੀਆਂ ਨਾਲੀਆਂ ਸਾਫ਼ ਕਰਦੇ ਸਨ। ਗਰੀਬ ਦਾਸ ਮਸੀਹ ਤੇ ਧੰਤੀ ਮੂੰਹ ਹਨੇਰੇ ਸਾਇਕਲ 'ਤੇ ਝਾੜੂ ਤੇ ਮਡਗਾਰਡ ਦਾ ਖੁਰਪਾ ਜਿਹਾ ਲੈ ਕੇ ਨਾਲੀਆਂ ਸਾਫ਼ ਕਰਨ ਨਿਕਲ ਪੈਂਦੇ ਸਨ। ਜਿਥੋਂ ਖਾਣ ਨੂੰ ਮਿਲਦਾ, ਖਾ ਲੈਂਦੇ ਅਤੇ ਜਦੋਂ ਕਿਸੇ ਘਰ ਵਿਆਹ-ਸ਼ਾਦੀ ਜਾਂ ਕਿਰਿਆ ਹੁੰਦੀ ਤਾਂ ਉਨ੍ਹਾਂ ਦੀ ਮੌਜ ਲੱਗ ਜਾਂਦੀ, ਉਹ ਪੇਟ ਭਰ ਕੇ ਖਾਂਦੇ, ਬਾਕੀ ਪੱਗ ਦੇ ਲੜ ਨਾਲ ਬੰਨ੍ਹ ਕੇ ਘਰ ਨੂੰ ਲੈ ਜਾਂਦੇ। ਜਦੋਂ ਰਹਿਮਤ ਛੋਟਾ ਸੀ, ਉਹਨੂੰ ਵੀ ਨਾਲ ਲੈ ਜਾਂਦੇ। ਜਦੋਂ ਕਿਤੇ ਵਿਆਹ ਦਾ ਬਚਿਆ ਖਾਣ-ਪੀਣ ਦਾ ਸਾਮਾਨ ਉਹ ਲੈ ਕੇ ਆਉਂਦੇ ਤਾਂ ਰਹਿਮਤ ਮਸੀਹ ਉਹ ਮਠਿਆਈ ਤੇ ਸਵਾਦਲੀਆਂ ਪੂੜੀਆਂ ਲਕੋ, ਨੱਠ ਕੇ ਮੇਰੇ ਕੋਲ ਆ ਜਾਂਦਾ ਸੀ। ਅਸੀਂ ਦੋਵੇਂ ਬੜੇ ਸਵਾਦ ਨਾਲ ਖਾਂਦੇ। ਜੇ ਬਚ ਜਾਂਦਾ ਤਾਂ ਮੈਂ ਆਪਣੀ ਛੋਟੀ ਭੈਣ ਲਈ ਲੈ ਜਾਂਦਾ ਸੀ। ਰਹਿਮਤ ਤਾਂ

ਵਿਆਹ 'ਚ ਬਚੇ ਪਕੌੜਿਆਂ ਦੀ ਜੂਠ ਕਈ ਕਈ ਦਿਨ ਸਵੇਰੇ ਚਾਹ ਨਾਲ ਖਾਂਦਾ ਰਹਿੰਦਾ ਸੀ। ਕਈ ਵਾਰ ਸਕੂਲੇ ਵੀ ਪਜ਼ਾਮੇ ਦੀ ਜੇਬ ਵਿਚ ਪਕੌੜੇ ਪਾ ਕੇ ਲੈ ਆਉਂਦਾ ਸੀ ਤੇ ਆਪਣੇ ਦੋਸਤਾਂ ਵਿਚ ਵੰਡ ਦਿੰਦਾ ਸੀ। ਮੈਨੂੰ ਚੇਤੇ ਹੈ ਸਾਡੇ ਜੁਟ ਵਿਚ ਇਕ ਬਾਹਮਣਾਂ ਦਾ ਮੁੰਡਾ ਵੀ ਹੁੰਦਾ ਸੀ। ਪਕੌੜੇ ਲੈ ਕੇ ਉਹ ਤਰਲਾ ਜਿਹਾ ਲੈਂਦਾ ਸੀ, "ਯਾਰ ਰਹਿਮਤੇ ਕਲ੍ਹ ਨੂੰ ਵੀ ਲੈ ਕੇ ਆਈ ਪਕੌੜੇ।" ਘਸੀ ਹੋਈ ਕਮੀਜ਼ ਨਾਲ ਹੱਥ ਸਾਫ ਕਰਦਾ ਉਹ ਕਹਿੰਦਾ ਸੀ। ਫੇਰ ਵੱਡਾ ਹੋਣ 'ਤੇ ਰਹਿਮਤ ਅੜ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਪਿੰਡ ਗਾਖ਼ਲ 'ਚ ਇਸਾਈ ਧਰਮ ਵਾਲੇ ਆਪਣੇ ਧਰਮ ਦਾ ਪ੍ਰਚਾਰ ਕਰਨ ਆਉਣ ਲੱਗੇ ਸਨ। ਉਨ੍ਹਾਂ ਦੀਆਂ ਗੱਲਾਂ 'ਚ ਆ ਕੇ ਗਰੀਬ ਦਾਸ ਇਸਾਈ ਬਣ ਗਿਆ ਸੀ। ਤੇ ਆਪਣੇ ਨਾਂ ਨਾਲ ਮਸੀਹ ਲਾਉਣ ਲੱਗ ਪਿਆ ਸੀ। ਸਾਡੇ ਵਿਹੜੇ ਦੇ ਘਰਾਂ ਵਿਚੋਂ ਹੋਰ ਵੀ ਇਸਾਈ ਬਣੇ ਸਨ। ਸਾਰੇ ਛੁੱਟੀ ਵਾਲੇ ਦਿਨ ਧੋਤੇ ਕੱਪੜੇ ਪਾ ਕੇ ਬੋਦੇ ਵਾਹ ਕੇ ਸਭ ਸਾਇਕਲਾਂ 'ਤੇ ਗਿਰਜੇ ਵਿਚ ਪ੍ਰਾਥਨਾ ਕਰਨ ਚੱਲ ਪੈਂਦੇ ਸਨ। ਮਾਸਟਰ ਰਹਿਮਤ ਦੇ ਬਾਪ ਨੂੰ ਇਕ ਵਾਰ ਤਾਂ ਲੱਗਾ ਸੀ ਕਿ ਉਹ ਇਸਾਈ ਬਣ ਕੇ ਉੱਚੀ ਜਾਤ ਦਾ ਬਣ ਗਿਆ ਹੈ। ਉਨ੍ਹਾਂ ਦਿਨਾਂ ਵਿਚ ਗਰੀਬ ਦਾਸ ਪਿੰਡ ਦਾ ਚੌਕੀਦਾਰ ਬਣ ਗਿਆ ਸੀ। ਇਕ ਦਿਨ ਲਾਂਬੜੇ ਦੀ ਪੁਲਿਸ ਉਨ੍ਹਾਂ ਦੇ ਪਿੰਡ ਆ ਗਈ ਸੀ। ਉਨ੍ਹਾਂ ਨੂੰ ਕਿਸੇ ਮੁਜ਼ਰਮ ਦੀ ਭਾਲ ਸੀ। ਪੁਲਿਸ ਵਾਲਿਆਂ ਨੇ ਚੌਕੀਦਾਰ ਨੂੰ ਸੱਦ ਲਿਆ ਸੀ। ਜਦੋਂ ਠਾਣੇਦਾਰ ਨੇ ਉਹਦਾ ਨਾਂ ਪੁੱਛਿਆ ਸੀ ਤਾਂ ਉਹਨੇ ਬੜੇ ਮਾਣ ਨਾਲ ਦੱਸਿਆ ਸੀ। 'ਜਨਾਬ ਗਰੀਬ ਦਾਸ ਮਸੀਹ' ਤਾਂ ਮਜ਼ਾਕ ਦੇ ਲਹਿਜੇ ਵਿਚ ਠਾਣੇਦਾਰ ਬੋਲਿਆ ਸੀ, 'ਸਹੁਰੀ ਦਿਓ ਤੁਸੀਂ ਭਾਵੇਂ ਮਸੀਹ ਬਣ ਜੋ ਚਾਹੇ ਸਿੰਘ ਬਣ ਜੋ ਰਹਿਣਾ ਤੁਸੀਂ ਚੂਹੜੇ ਦੇ ਚੂਹੜੇ ਹੀ ਆ।' ਤਾਂ ਉਸ ਵੇਲੇ ਗਰੀਬ ਦਾਸ ਉਥੇ ਹੀ ਗਰਕ ਗਿਆ ਸੀ। ਉਹ ਆਪਣਾ ਗੁੱਸਾ ਅੰਦਰ ਹੀ ਅੰਦਰ ਪੀ ਗਿਆ ਸੀ। ਉਹ ਡਰਿਆ ਜਿਹਾ ਥੱਲੇ ਬੈਠ ਗਿਆ ਸੀ। ਫਿਰ ਠਾਣੇਦਾਰ ਨੇ ਉਹਨੂੰ ਦੱਸਿਆ ਸੀ, "ਗੱਲ ਸੁਣ ਓਏ ਗੌਰ ਨਾਲ, ਜੇ ਤੂੰ ਇਸਾਈ ਜਾਤੀ ਲਿਖਵਾ ਦਿੱਤੀ ਤਾਂ ਤੈਨੂੰ ਕੋਈ ਵੀ ਸਰਕਾਰੀ ਸਹੂਲਤ ਨਹੀਂ ਮਿਲਣੀ, ਨਾ ਹੀ ਤੇਰੇ ਨਿਆਣਿਆਂ ਨੂੰ ਕੋਈ ਲਾਭ ਮਿਲਣਾ ਹੈ। ਤੁਸੀਂ ਜਨਰਲ ਬਣ ਜਾਣਾ ਇਸਾਈ ਬਣ ਕੇ। ਪਰ ਲੋਕਾਂ ਨੇ ਤੁਹਾਨੂੰ ਉਹੀ ਕਹਿਣਾ ਜੋ ਤੁਸੀਂ ਹੋ।" ਡਰਿਆ ਹੋਇਆ ਗਰੀਬ ਦਾਸ ਠਾਣੇਦਾਰ ਦੀ ਗੱਲ ਸੁਣਦਾ ਰਿਹਾ ਸੀ। ਉਹਨੂੰ ਲੱਗ ਰਿਹਾ ਸੀ ਜਿਵੇਂ ਜੱਜ ਕੋਈ ਉਹਨੂੰ ਕਿਸੇ ਜ਼ੁਰਮ ਦੀ ਸਜਾ ਸੁਣਾ ਰਿਹਾ ਹੋਵੇ।

ਫਿਰ ਗਰੀਬ ਦਾਸ ਮਸੀਹ 'ਤੇ ਠਾਣੇਦਾਰ ਦੀ ਗੱਲ ਦਾ ਤੁਰੰਤ ਅਸਰ ਹੋਇਆ ਸੀ। ਉਹ ਇਸਾਈ ਤਾਂ ਬਣਿਆ ਰਿਹਾ ਸੀ ਪਰ ਉਸ ਨੇ ਕਾਗਜ਼ਾਂ ਵਿਚ ਅਤੇ ਕਿਸੇ ਵੀ ਸਰਕਾਰੀ ਕਾਗਜ਼ 'ਤੇ ਆਪਣੀ ਜਾਤੀ ਨਹੀਂ ਸੀ ਬਦਲੀ। ਆਪਣੇ ਮੁੰਡੇ ਰਹਿਮਤ ਮਸੀਹ ਮੱਟੂ ਦੀ ਜਾਤੀ ਤੇ ਉਪ ਜਾਤੀ ਹਿੰਦੂ ਤੇ ਵਾਲਮੀਕੀ ਹੀ ਸਕੂਲ 'ਚ ਲਿਖਵਾਈ ਸੀ। ਇਸ ਨਾਲ ਹੀ ਉਨ੍ਹਾਂ ਨੂੰ ਸਰਕਾਰੀ ਸਹੂਲਤਾਂ ਮਿਲਣੀਆਂ ਸਨ। ਰਹਿਮਤ ਦਾ ਇਕ ਭਰਾ ਸਲੀਮ ਮਸੀਹ ਸੀ ਜੋ ਬੈਂਡ ਮਾਸਟਰ ਸੀ। ਰਹਿਮਤ ਨੇ ਸ਼ਹਿਰ ਦੀ ਵਾਲਮੀਕੀ ਸਭਾ ਦੇ ਪ੍ਰਧਾਨ ਨੂੰ ਕਹਿ ਕੇ ਆਪਣੇ ਭਰਾ ਦੇ ਮੁੰਡੇ ਨੂੰ ਕਾਰਪੋਰੇਸ਼ਨ 'ਚ ਰਖਵਾ ਦਿੱਤਾ ਸੀ। ਭਾਵੇਂ ਉਹਨੂੰ ਗਟਰਾਂ ਵਿਚ ਵੀ ਵੜਨਾ ਪੈਂਦਾ ਸੀ ਪਰ ਪੈਸੇ ਬੱਝਵੇਂ ਮਿਲਦੇ ਸਨ।

ਜਦੋਂ ਰਹਿਮਤ ਮਸੀਹ ਮੱਟੂ ਮਾਸਟਰ ਲੱਗਾ ਸੀ ਤਾਂ ਉਹਦੀ ਜ਼ਿੰਦਗੀ ਬਦਲ ਗਈ ਸੀ। ਫਿਰ ਉਹਦਾ ਵਿਆਹ ਸ਼ਾਂਤੀ ਦੇਵੀ ਨਾਲ ਹੋ ਗਿਆ ਸੀ ਜੋ ਸਰਕਾਰੀ ਸਕੂਲ ਵਿਚ ਮੈਥ ਟੀਚਰ ਲੱਗੀ ਹੋਈ ਸੀ, ਜੋ ਕਿ ਬਾਅਦ ਵਿਚ ਸਕੂਲ ਦੀ ਹੈੱਡ ਤੇ ਫਿਰ ਬੀ. ਈ. ਓ. ਲੱਗ ਗਈ ਸੀ। ਮਾਸਟਰ ਰਹਿਮਤ ਮਸੀਹ ਨੇ ਪਿੰਡ ਵਿਚ ਕੋਠੀ ਪਾ ਲਈ ਸੀ ਅਤੇ ਉਹਨਾਂ ਦੇ ਬੱਚੇ ਚੰਗਾ ਪੜ੍ਹ ਲਿਖ ਗਏ ਸਨ। ਉਸ ਦੀ ਇਕ ਲੜਕੀ ਹਾਕੀ ਦੀ ਬਹੁਤ ਵੱਡੀ ਖਿਡਾਰਨ ਬਣ ਗਈ ਸੀ। ਇਸ ਕਰਕੇ ਉਹਨੂੰ ਪੀ. ਏ. ਪੀ. 'ਚ ਨੌਕਰੀ ਮਿਲ ਗਈ ਸੀ। ਫਿਰ ਉਹਦਾ ਕੈਨੇਡਾ ਵਿਚ ਰਿਸ਼ਤਾ ਹੋ ਗਿਆ ਸੀ ਤੇ ਉਹ ਵਿਆਹ ਕਰਵਾ



ਕੇ ਬਾਹਰ ਚਲੇ ਗਈ ਸੀ। ਉਸ ਦਾ ਵੱਡਾ ਲੜਕਾ ਥੋਮਸ ਮੱਟੂ ਇੰਜੀਨੀਰਿੰਗ ਕਰਕੇ ਚੰਡੀਗੜ੍ਹ ਚਲੇ ਗਿਆ ਸੀ ਤੇ ਉਥੇ ਕਿਸੇ ਕੰਪਨੀ ਵਿਚ ਜੌਬ ਕਰ ਰਿਹਾ ਸੀ। ਕਹਿੰਦੇ ਨੇ ਕਿ ਉਹਨੂੰ ਚੰਗੀ ਤਨਖਾਹ ਮਿਲਦੀ ਸੀ। ਉਹ ਪਿੰਡ ਗਾਖਲਾਂ ਘੱਟ ਹੀ ਆਉਂਦਾ ਸੀ ਅਤੇ ਛੋਟਾ ਕੰਪਿਊਟਰ ਸਾਇੰਸ ਵਿਚ ਮਾਸਟਰ ਡਿਗਰੀ ਕਰ ਰਿਹਾ ਸੀ।

***

ਹੁਣ ਮਾਸਟਰ ਰਹਿਮਤ ਮਸੀਹ ਰਿਟਾਇਰ ਹੋ ਗਿਆ ਹੈ। ਜੀ. ਪੀ. ਐਫ. ਵਿਚ ਵੀ 7-8 ਲੱਖ ਰੁਪਏ ਵੀ ਜਮ੍ਹਾ ਹੋਏ ਹੋਣਗੇ। ਭਾਵ ਕਿ ਸਾਡੇ ਮੁਹੱਲੇ 'ਚੋਂ ਉਹ ਖਾਂਦਾ-ਪੀਂਦਾ ਵਾਲਮੀਕਿ ਭਰਾ ਹੈ। ਹੁਣ ਉਹ ਕਰੀਮੀ ਲੇਅਰ 'ਚ ਆ ਗਿਆ ਹੈ। ਅਸੀ ਭਾਵੇਂ ਇਕੱਠੇ ਪੜ੍ਹੇ ਸੀ ਪਰ ਮੈਂ ਬਹੁਤੀ ਤਰੱਕੀ ਨਹੀਂ ਕਰ ਸਕਿਆ ਸੀ। ਸ਼ੁਰੂ ਵਿਚ ਕਾਰਪੋਰੇਸ਼ਨ ਵਿਚ ਸਫ਼ਾਈ ਕਰਮਚਾਰੀ ਲੱਗਾ ਸੀ ਤੇ ਕਲਰਕੀ ਤੱਕ ਮਸਾਂ ਹੀ ਪਹੁੰਚ ਸਕਿਆ ਸੀ।

### *ਫ਼ਿਕਰ*

ਉਂਜ ਤਾਂ ਅਸੀਂ ਆਪਣੇ ਆਪਣੇ ਪਰਿਵਾਰਾਂ ਵਿਚ ਫਸੇ ਹੋਏ ਸੀ। ਮੈਂ ਸ਼ਾਮ ਨੂੰ ਪੰਜ ਵਜੇ ਘਰ ਵੜਦਾ ਸੀ। ਮਾਸਟਰ ਦੇ ਹੋਰ ਕੰਮ ਬਹੁਤ ਸਨ। ਉਹ ਕਿਤੇ ਨਾ ਕਿਤੇ ਤੁਰਿਆ ਹੀ ਰਹਿੰਦਾ ਸੀ। ਪਰ ਫਿਰ ਵੀ ਜਦੋਂ ਮਾਸਟਰ ਰਹਿਮਤ ਮਸੀਹ ਮਿਲ ਪੈਂਦਾ ਸੀ ਤਾਂ ਅਸੀਂ ਰਲ਼ ਕੇ ਸਿਗਰਟਾਂ ਪੀਂਦੇ, ਕਿਤੇ ਕਿਤੇ ਸੰਤਰਾ ਮਾਰਕਾ ਸ਼ਰਾਬ ਵੀ ਪੀਂਦੇ। ਆਪਣੀ ਬਰਾਦਰੀ ਬਾਰੇ ਬੜੀਆਂ ਗੱਲਾਂ ਕਰਦੇ ਸੀ। ਇਕ ਵਾਰ ਉਹ ਕਿਸੇ ਗੱਲ 'ਤੇ ਪਰੇਸ਼ਾਨ ਜਿਹਾ ਮੇਰੇ ਘਰ ਆ ਗਿਆ ਸੀ। ਪਿੰਡ ਦੇ ਕਿਸੇ ਝਗੜੇ ਤੋਂ ਉਹ ਦੁਖੀ ਸੀ। ਸਾਡੀ ਬਰਾਦਰੀ ਦੇ ਪਿੰਡ ਵਿਚ ਵੀਹ-ਪੱਚੀ ਘਰ ਹਨ, ਸੌ ਦੇ ਕਰੀਬ ਵੋਟ ਹੋਵੇਗੀ। ਉਦੋਂ ਮਾਸਟਰ ਰਹਿਮਤ ਬੈਠਦਾ ਹੀ ਬੋਲਿਆ ਸੀ, "ਯਾਰ ਦਰਸ਼ਨਾ, ਅਸੀਂ ਇਕ ਥਾਂ 'ਕੱਠੇ ਨੀਂ ਹੋ ਸਕਦੇ, ਚਾਰ ਘਰ ਲੰਬੜਦਾਰ ਮਗਰ ਲੱਗੇ ਹੋਏ ਹਨ, ਦਸ ਘਰ ਸਰਪੰਚ ਵੱਲ ਹਨ। ਸਾਡੇ ਵਾਲਮੀਕੀ ਭਰਾਵਾਂ 'ਚ ਏਕਾ ਹੈ ਨੀਂ।"

"ਤੇਰੀ ਗੱਲ ਠੀਕ ਹੈ ਭਰਾਵਾ। ਲੈ ਪਹਿਲਾਂ ਤਾਂ ਤੁਸੀਂ ਹੀ ਵਾਲਮੀਕਿ ਨਹੀਂ ਰਹੇ। ਚਾਚਾ ਸਾਡਾ ਗਰੀਬ ਦਾਸ, ਇਸਾਈ ਬਣ ਗਿਆ ਤੇ ਤੁਸੀਂ ਆਪਣੇ ਨਾਲ ਮਸੀਹ ਲਾ ਲਿਆ। ਤੁਸੀਂ ਸਮਾਜ 'ਚ ਚੰਗਾ ਰੁਤਬਾ ਪ੍ਰਾਪਤ ਕਰਨ ਲਈ ਏਧਰ ਉਧਰ ਲੱਤਾਂ ਫਸਾ ਰਹੇ ਹੋ।" ਮੈਂ ਗੁੱਸੇ ਜਿਹੇ 'ਚ ਕਿਹਾ ਸੀ।

"ਦੇਖ ਮੈਂ ਆਪਣੀ ਜਾਤੀ ਨੀਂ ਛੱਡੀ, ਮਸੀਹ ਭਾਵੇਂ ਹਾਂ ਪਰ ਹੈ ਮੈਂ ਵਾਲਮੀਕਿ ਹੀ। ਤੂੰ ਦੇਖਦਾ ਹੀ ਏ ਮੈਂ 'ਅਖਿਲ ਭਾਰਤੀ ਵਾਲਮੀਕਿ ਸਭਾ' ਅਤੇ 'ਜੈ ਵਾਲਮੀਕਿ ਮੰਚ ਪੰਜਾਬ' ਵਿਚ ਕੰਮ ਕਰ ਰਿਹਾ ਹਾਂ। ਧਰਨਿਆਂ ਮੁਜ਼ਾਰਿਆਂ 'ਚ ਜਾਂਦਾ ਹਾਂ। ਹੋਰ ਦੱਸ ਮੈਂ ਕੀ ਕਰਾਂ। ਨਾਂ ਦੇ ਨਾਲ ਮਸੀਹ ਲੱਗ ਗਿਆ ਹੈ, ਤਾਂ ਹੁਣ ਲੱਥਦਾ ਨਹੀਂ।" ਰਹਿਮਤ ਮਸੀਹ ਨੇ ਆਪਣਾ ਪੱਖ ਪੂਰਿਆ ਸੀ।

"ਯਾਰ ਰਹਿਮਤ ਅਸੀਂ ਲੋਕ ਹੀ ਕਿਓਂ ਸਦੀਆਂ ਤੋਂ ਲੋਕਾਂ ਦਾ ਗੰਦ ਚੁੱਕਦੇ ਆ ਰਹੇ ਹਾਂ। ਇਨ੍ਹਾਂ ਲੋਕਾਂ ਨੇ ਸਾਨੂੰ ਦਿੱਤਾ ਹੀ ਕੀ ਏ? ਜਿਨ੍ਹਾਂ ਲਈ ਅਸੀਂ ਸਿਰਾਂ 'ਤੇ ਗੰਦ ਢੋਅ ਰਹੇ ਹਾਂ, ਮੈਲਾ ਚੁੱਕ ਰਹੇ ਹਾਂ। ਜੋ ਸਾਡੀ ਬਰਾਦਰੀ 'ਚੋਂ ਪੜ੍ਹ ਲਿਖ ਜਾਂਦੇ ਹਨ ਉਹੀ ਸਾਡੇ ਨਾਲੋਂ ਟੁੱਟ ਜਾਂਦੇ ਹਨ। ਅਸੀਂ ਫਿਰ ਬੌਕਰ ਫੇਰਨ ਜੋਗੇ ਰਹਿ ਜਾਂਦੇ ਹਾਂ। ਇਨ੍ਹਾਂ ਲੋਕਾਂ ਦੀ 'ਜੂਠ ਖਾਣੇ' ਬਣ ਕੇ ਰਹਿ ਜਾਂਦੇ ਹਾਂ।" ਮੈਂ ਅੰਦਰੋਂ ਦੁਖੀ ਹੁੰਦਾ ਬੋਲਿਆ ਸੀ।

ਸਾਡੀਆਂ ਗੱਲਾਂ ਕਿਸੇ ਤੀਜੇ ਦੇ ਕੰਨਾਂ 'ਚ ਪੈਂਦੀਆਂ ਹੀ ਨਹੀਂ ਸਨ। ਅਸੀਂ ਆਪਣੀ ਭੜਾਸ

ਇਕ ਦੂਜੇ ਨੂੰ ਗੱਲਾਂ ਕਹਿ-ਸੁਣਾ ਕੇ ਕੱਢ ਲੈਂਦੇ ਸੀ ਜਿਵੇਂ ਟਿੱਬੇ 'ਤੇ ਇਕੱਠੇ ਚੋਰੀ -ਚੋਰੀ ਸਿਗਰਟਾਂ ਦਾ ਧੂੰਆਂ ਕੱਢ ਲੈਂਦੇ ਸੀ।

***ਲੋਕ ਭਲਾਈ***

ਜਦੋਂ ਦੀ ਰਹਿਮਤ ਮਸੀਹ ਦੇ ਸਕੂਲ 'ਚ ਮੁੱਖ ਅਧਿਆਪਕ ਨਿਰਮਲਾ ਦੇਵੀ ਆਈ ਸੀ, ਮਾਸਟਰ ਰਹਿਮਤ ਨੇ ਆਉਂਦੀ ਨੂੰ ਹੀ ਉਹਦੇ ਮਨ 'ਚ ਬਰਾਦਰੀ ਦਾ ਹੀਜ-ਪਿਆਰ ਜਗਾ ਕੇ ਆਪਣੀਆਂ ਗੱਲਾਂ 'ਚ ਲੈ ਲਿਆ ਸੀ। ਉਹ ਨਵੀਂ ਨਵੀਂ ਹੈੱਡ ਬਣੀ ਸੀ। ਉਹਨੂੰ ਐਨਾ ਪਤਾ ਵੀ ਨਹੀਂ ਸੀ ਕਿ ਸਕੂਲ ਕਿਵੇਂ ਚਲਾਉਣਾ ਹੈ। ਕੰਮਾਂ ਦੀ ਵੰਡ ਕਿਵੇਂ ਕਰਨੀ ਹੈ। ਰਹਿਮਤ ਕਈ ਕਈ ਘੰਟੇ ਨਿਰਮਲਾ ਮੈਡਮ ਕੋਲ ਬੈਠਾ ਰਹਿੰਦਾ ਸੀ। ਕਈ ਵਾਰੀ ਨਿਰਮਲਾ ਮੈਡਮ ਦੁਖੀ ਜਿਹੀ ਵੀ ਹੋ ਜਾਂਦੀ ਸੀ। ਸਕੂਲ 'ਚ ਰਹਿਮਤ ਦੀ ਗੱਲ ਚੱਲਣ ਲੱਗ ਪਈ ਸੀ। ਬਾਕੀ ਸਟਾਫ਼ ਦੁਖੀ ਰਹਿਣ ਲੱਗ ਪਿਆ ਸੀ। ਜਦੋਂ ਮਨ ਕਰਦਾ ਮਾਸਟਰ ਰਹਿਮਤ ਦਾ ਕਿਤੇ ਜਾਣ ਨੂੰ ਉਹ ਨਿਰਮਲਾ ਮੈਡਮ ਤੋਂ ਡਿਊਟੀ ਪਵਾ ਕੇ ਚਲੇ ਜਾਂਦਾ ਸੀ। ਸਕੂਲ ਦੀਆਂ ਦੋ ਕਲਾਸਾਂ ਦੇ ਬੈਂਚ ਟੁੱਟੇ ਪਏ ਸਨ। ਉਹਨੇ ਇਕ ਪਿੰਡ ਦਾ ਐਨ. ਆਰ. ਆਈ. ਫੜਿਆ ਅਤੇ ਉਹਦੇ ਕੋਲੋਂ ਬੈਂਚ ਬਣਵਾ ਦਿੱਤੇ ਸਨ। ਸਕੂਲ 'ਚ ਉਹਦੀ ਤਰੀਫ਼ ਹੋਣ ਲੱਗੀ ਸੀ। ਫੇਰ ਉਸ ਨੇ ਦੂਜੇ ਸਾਲ ਇਲਾਕੇ ਦੇ ਮੰਤਰੀ ਨੂੰ ਕਾਬੂ ਕਰਕੇ ਦਫ਼ਤਰ ਅਤੇ ਫਲੱਸ-ਬਾਥਰੂਮ ਤੇ ਸਟਾਫ ਲਈ ਕਮਰਿਆਂ ਦੀ ਮੰਤਰੀ ਤੋਂ ਗ੍ਰਾਂਟ ਲੈ ਦਿੱਤੀ ਸੀ। ਫਿਰ ਉਸ ਨੇ ਲੜਕਿਆਂ ਦੀ ਕਬੱਡੀ ਦੀ ਟੀਮ ਤਿਆਰ ਕਰਵਾਈ ਤੇ ਉਹ ਜ਼ਿਲ੍ਹੇ 'ਚੋਂ ਸ਼ੀਲਡ ਜਿੱਤ ਆਈ ਸੀ। ਹਰ ਸਾਲ ਉਹ ਵੀਹ-ਪੱਚੀ ਗਰੀਬ ਬੱਚਿਆਂ ਨੂੰ ਸਕੂਲ ਦੀ ਵਰਦੀ ਤੇ ਕਿਤਾਬਾਂ ਕਿਸੇ ਨਾ ਕਿਸੇ ਕੋਲ ਦਵਾ ਦਿੰਦਾ ਸੀ। ਆਪਣੇ ਮੁਹੱਲੇ ਦੇ ਪੰਜ ਬੱਚਿਆਂ ਦੀ ਫੀਸ ਉਹ ਆਪਣੇ ਕੋਲੋਂ ਦਿੰਦਾ ਸੀ। ਇਹ ਸਾਰੇ ਵਿਕਾਸ ਤੇ ਤਰੱਕੀ ਦੇ ਕੰਮ ਉਸ ਦੀ ਸਰਵਿਸ ਬੁੱਕ 'ਤੇ ਚੜਨ ਲੱਗ ਪਏ ਸਨ। ਨਿਰਮਲਾ ਦੇਵੀ ਲਈ ਰਹਿਮਤ ਨੇ ਕਈ ਮੁਸ਼ਕਲਾਂ ਵੀ ਖੜੀਆਂ ਕਰ ਦਿੱਤੀਆਂ ਸਨ। ਉਹ ਨਹੀਂ ਸੀ ਚਾਹੁੰਦੀ ਕਿ ਸਕੂਲ 'ਚ ਅਧਿਆਪਕਾਂ ਵਿਚ ਜਾਤੀ ਵੰਡ ਹੋ ਜਾਵੇ ਅਤੇ ਸਕੂਲ ਦਾ ਮਾਹੌਲ ਜਾਤੀ ਰੰਗ 'ਚ ਰੰਗਿਆ ਜਾਵੇ। ਉਦੋਂ ਤਾਂ ਤਣਾਓ ਪੈਦਾ ਹੋ ਗਿਆ ਸੀ ਜਦੋਂ ਰਹਿਮਤ ਮਸੀਹ ਨੇ ਵਾਲਮੀਕਿ ਦੀ ਛੁੱਟੀ ਕਰਨ ਲਈ ਹੈੱਡ ਮੈਡਮ ਨੂੰ ਕਿਹਾ। ਮੈਡਮ ਨੇ ਸਰਕੂਲਰ ਪੀਅਨ ਦੇ ਹੱਥ ਭੇਜ ਕੇ ਸਾਰੇ ਅਧਿਆਪਕਾਂ ਦੇ ਦਸਤਖ਼ਤ ਕਰਵਾਉਣ ਲਈ ਭੇਜ ਦਿੱਤਾ ਸੀ। ਮੈਡਮ ਤੇ ਰਹਿਮਤ ਉਦੋਂ ਹੈਰਾਨ ਰਹਿ ਗਏ ਜਦੋਂ ਤਿੰਨ ਅਧਿਆਪਕਾਂ ਨੂੰ ਛੱਡ ਕੇ ਬਾਕੀਆਂ ਨੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਆਖਰ ਨਿਰਮਲਾ ਹੈੱਡ ਸੀ। ਉਹਦੇ ਅੰਦਰ ਵੀ ਰਿਸ਼ੀ ਵਾਲਮੀਕਿ ਪ੍ਰਤੀ ਸਰਧਾ ਸੀ। ਉਨ੍ਹਾਂ ਸਾਰੇ ਅਧਿਆਪਕ ਦਫ਼ਤਰ ਸੱਦ ਲਏ ਸੀ। ਉਥੇ ਹੀ ਤੂੰ ਤੂੰ-ਮੈਂ ਮੈਂ ਹੋ ਗਈ। ਅੱਧੇ ਅਧਿਆਪਕ ਵਿਚੋਂ ਹੀ ਉੱਠ ਕੇ ਆਪਣੀਆਂ-ਆਪਣੀਆਂ ਕਲਾਸਾਂ 'ਚ ਚਲੇ ਗਏ ਸਨ ਪਰ ਰਹਿਮਤ ਮਸੀਹ ਨੇ ਛੁੱਟੀ ਕਰਵਾ ਹੀ ਦਿੱਤੀ ਸੀ। ਉਸ ਸਮੇਂ ਨਵੀਂ ਸਰਕਾਰ ਆਉਣ ਕਰਕੇ ਉਹਨਾਂ ਹੋਰ ਛੁੱਟੀਆਂ ਦੇ ਨਾਲ ਰਿਸ਼ੀ ਵਾਲਮੀਕਿ ਦੀ ਛੁੱਟੀ ਵੀ ਕੱਟ ਦਿੱਤੀ ਸੀ।

ਇਕ ਵਾਰ ਰਹਿਮਤ ਮਸੀਹ ਨੇ ਇਲਾਕੇ ਦੇ ਮੰਤਰੀ ਤੱਕ ਪਹੁੰਚ ਕਰ ਲਈ ਸੀ, ਉਸ ਨੇ ਸਕੂਲ ਦੀ ਨਵੀਂ ਬਿਲਡਿੰਗ ਲਈ ਫੰਡ ਦੇਣ ਲਈ ਮੰਤਰੀ ਨੂੰ ਮਨਾ ਲਿਆ ਸੀ। ਸਕੂਲ 'ਚ ਸਮਾਗਮ ਕਰਨਾ ਸੀ। ਨਿਰਮਲਾ ਦੇਵੀ ਵੀ ਖੁਸ਼ ਸੀ, ਇਹਦੇ 'ਚ ਉਹਦੇ ਨੰਬਰ ਵੀ ਬਣਨੇ ਸਨ। ਸਮਾਗਮ ਦਾ ਖਰਚਾ ਪੀ. ਟੀ. ਏ. ਫੰਡ 'ਚੋਂ ਕਰਨਾ ਸੀ। ਰਹਿਮਤ ਮਸੀਹ ਨੇ ਸਮਾਗਮ ਵਿਚ ਬੱਚੇ ਵੀ ਰੰਗਾ ਰੰਗ ਪ੍ਰੋਗਰਾਮ ਕਰਨ ਲਈ ਤਿਆਰ ਕਰ ਲਏ ਸਨ। ਇਲਾਕੇ ਦੇ ਜਾਣੂ ਪੱਤਰਕਾਰ ਸੱਦ ਲਏ ਸਨ। ਸਮਾਗਮ ਚੰਗਾ ਭਰਵਾਂ ਹੋ ਗਿਆ ਸੀ। ਪਿੰਡ ਵਾਲੇ ਪਤਵੰਤੇ ਸੱਜਣਾਂ ਨੇ ਵੀ ਹਾਜਰੀ ਲਗਵਾਈ ਸੀ। ਮੰਤਰੀ ਸਕੂਲ ਦੀ



ਨਵੀਂ ਬਿਲਡਿੰਗ ਲਈ ਦਸ ਲੱਖ ਦੇਣ ਦਾ ਐਲਾਨ ਕਰ ਗਿਆ ਸੀ। ਤੇ ਸਰਕਾਰੀ ਹਦਾਇਤਾਂ ਮੁਤਾਬਕ ਦਸ ਲੱਖ ਸਕੂਲ ਨੂੰ ਆਪਣੇ ਸੋਮਿਆਂ ਤੋਂ ਪੈਦਾ ਕਰਨੇ ਸਨ। ਰਹਿਮਤ ਮਸੀਹ ਨੇ ਪਿੰਡ ਦੇ ਤਿੰਨ ਚਾਰ ਵਿਦੇਸ਼ ਦੇ ਸੱਜਣ ਫੜੇ ਤੇ ਉਨ੍ਹਾਂ ਤੋਂ ਦੱਸ ਲੱਖ ਇਕੱਠਾ ਕੀਤਾ ਤੇ ਸਕੂਲ ਦੀ ਬਿਲਡਿੰਗ ਬਣਨੀ ਸ਼ੁਰੂ ਹੋ ਗਈ। ਪਿੰਡ 'ਚ ਰਹਿਮਤ ਦੀ ਬੱਲੇ ਬੱਲੇ ਸੀ। ਖੁਸ਼ ਹੋ ਕੇ ਨਿਰਮਲਾ ਦੇਵੀ ਨੇ ਰਹਿਮਤ ਦੀ ਸਰਵਿਸ ਬੁੱਕ 'ਤੇ ਬਹੁਤ ਹੀ ਪ੍ਰਭਾਵਸ਼ਾਲੀ ਇਹ ਨੋਟ ਲਿਖਿਆ ਸੀ ਜਿਸ ਦੀ ਫੋਟੋ ਕਾਪੀ ਮੇਰੇ ਸਾਹਮਣੇ ਹੈ,

"ਮਾਸਟਰ ਰਹਿਮਤ ਮਸੀਹ ਮੱਟੂ ਨੇ ਪਿੰਡ ਦੇ ਮਿਡਲ ਸਕੂਲ 'ਚ ਨਵੀਂ ਬਿਲਡਿੰਗ ਅਰੰਭ ਕਰਵਾ ਕੇ ਇਤਿਹਾਸਕ ਕੰਮ ਕੀਤਾ ਹੈ। ਪਿਛਲੇ ਵੀਹ ਸਾਲਾਂ ਤੋਂ ਖਸਤਾ ਬਿਲਡਿੰਗ ਸਰਕਾਰੀ ਫੰਡ ਦੇ ਅੱਧੇ ਹਿੱਸੇ ਦੇ ਸਕੂਲ ਵੱਲੋਂ ਪ੍ਰਬੰਧ ਨਾ ਹੋਣ ਕਰਕੇ ਰੁਕੀ ਹੋਈ ਸੀ। ਮਾਸਟਰ ਰਹਿਮਤ ਨੇ ਦਾਨੀ ਸੱਜਣਾਂ ਤੋਂ ਦਸ ਲੱਖ ਦਾ ਪ੍ਰਬੰਧ ਕਰਵਾ ਕੇ ਇਤਿਹਾਸਕ ਕੰਮ ਕੀਤਾ ਹੈ। ਅਜਿਹੇ ਮਾਸਟਰ ਜਿਹੜੇ ਵਿਦਿਅਕ ਖੇਤਰ ਵਿਚ ਐਨਾ ਕੰਮ ਕਰਦੇ ਹਨ ਉਨ੍ਹਾਂ ਦਾ ਨਾਂ ਸਟੇਟ ਐਵਾਰਡ ਲਈ ਚੁਣਿਆ ਜਾਣਾ ਚਾਹੀਦਾ ਹੈ।"

ਨਿਰਮਲਾ ਦੇਵੀ ਨੇ ਆਪਣੇ ਮੁੱਖ ਅਧਿਆਪਕ ਬਣਨ ਤੋਂ ਬਾਅਦ ਅਜਿਹੇ ਨੋਟ ਰਹਿਮਤ ਮਸੀਹ ਦੀ ਸਰਵਿਸ ਬੁੱਕ 'ਚ ਅਨੇਕਾਂ ਲਿਖੇ ਸਨ। ਇਸ ਤੋਂ ਇਲਾਵਾ ਟੀਚਰ ਯੂਨੀਅਨ ਦੇ ਫਰੰਟ 'ਤੇ ਵੀ ਉਸ ਦੀ ਚੰਗੀ ਪੈਂਠ ਬਣ ਗਈ ਸੀ। ਕਈ ਅਧਿਆਪਕਾਂ ਦੇ ਮਸਲੇ ਉਸ ਨੇ ਚੁਟਕੀ ਨਾਲ ਹੱਲ ਕਰਵਾਏ ਸਨ। ਜਦੋਂ ਕਦੇ ਮਾਸਟਰ ਰਹਿਮਤ ਮਸੀਹ ਮਿਲਦਾ ਸੀ ਤਾਂ ਖੁਸ਼ ਹੋ ਕੇ ਕਹਿੰਦਾ ਸੀ, "ਲੈ ਬਈ ਦਰਸ਼ਨਾਂ ਹੁਣ ਕੰਮ ਕਰਨ ਦਾ ਮਜ਼ਾ ਆਉਂਦਾ ਹੈ। ਕਦਰ ਪੈਂਦੀ ਹੈ ਹੁਣ ਕੰਮ ਦੀ। ਹੈੱਡ ਆਪਣੀ ਹੈ। ਹਰ ਪਾਸੇ ਮੇਰੀ ਗੱਲ ਚੱਲਦੀ ਹੈ, ਕਲ੍ਹ ਡੀ. ਈ. ਓ. ਸਾਹਿਬ ਨੇ ਸੱਦਿਆ ਸੀ, ਉਹ ਮੇਰੀ ਬੜੀ ਤਰੀਫ਼ ਕਰ ਰਹੇ ਸਨ।"

***ਐਵਾਰਡ***

ਪਤਾ ਨਹੀਂ ਰਹਿਮਤ ਮਸੀਹ ਦੇ ਮਨ 'ਚ ਸਟੇਟ ਐਵਾਰਡੀ ਅਧਿਆਪਕ ਬਣਨ ਦੀ ਇੱਛਾ ਕਦੋਂ ਆ ਗਈ ਸੀ। ਪੰਜਾਂ ਸਾਲਾਂ 'ਚ ਉਸ ਨੇ ਐਨੇ ਕੰਮ ਕਰ ਦਿੱਤੇ ਸਨ ਕਿ ਉਹ ਸਟੇਟ ਐਵਾਰਡ ਦਾ ਦਾਅਵੇਦਾਰ ਬਣ ਸਕਦਾ ਸੀ। ਉਸ ਕੋਲ ਅਖ਼ਬਾਰਾਂ ਦੀ ਕਟਿੰਗਜ਼ ਵੀ ਕਾਫੀ ਸੀ ਜਿਸ 'ਚ ਹਰ ਫੀਲਡ 'ਚ ਮੋਹਰੀ ਦਿਖਾਇਆ ਗਿਆ ਸੀ। ਪਰ ਮੁੱਢਲੇ ਦੌਰ ਦੀ ਸਰਵਿਸ ਬੁੱਕ 'ਤੇ ਕੀਤੇ ਮਾੜੇ ਕੁਮੈਂਟ ਅਤੇ ਪਰਸਨਲ ਫਾਇਲ 'ਤੇ ਸਮੇਂ ਸਮੇਂ ਕੀਤੀ ਨੋਟਿੰਗ ਉਸ ਲਈ ਮੁਸੀਬਤ ਸਨ। ਉਸ ਦੌਰ ਨੂੰ ਚਿਤਵ ਕੇ ਰਹਿਮਤ ਦੁੱਖੀ ਹੋ ਜਾਂਦਾ ਸੀ। ਫੇਰ ਵੀ ਉਸ ਦਾ ਕੇਸ ਮਜਬੂਤ ਸੀ। ਉਸ ਨੇ ਸਟੇਟ ਐਵਾਰਡ ਲਈ ਬਿਨੈ ਪੱਤਰ ਮੁੱਖ ਅਧਿਆਪਕ ਰਾਹੀਂ ਤਿਆਰ ਕੀਤਾ ਅਤੇ ਨਿਰਮਲਾ ਦੇਵੀ ਹੁਰਾਂ ਤੋਂ ਸਾਰੀ ਫਾਇਲ ਤਿਆਰ ਕਰਕੇ ਚੰਡੀਗੜ੍ਹ ਭਿਜਵਾ ਦਿੱਤੀ ਸੀ। ਉਸ ਨੂੰ ਪੂਰੀ ਆਸ ਸੀ ਕਿ ਸਟੇਟ ਐਵਾਰਡ ਐਤਕੀਂ ਜ਼ਰੂਰ ਮਿਲੇਗਾ ਕਿਉਂਕਿ ਵਿਦਿਅਕ ਖੇਤਰ 'ਚ ਕੰਮ ਹੀ ਬਹੁਤ ਕੀਤੇ ਸਨ। ਉਸ ਦੇ ਕਿਸੇ ਦੁਸ਼ਮਣ ਨੇ ਉਸ ਦੀ ਸਕੂਲ ਦੀ ਸਰਵਿਸ ਬੁੱਕ ਦੇ ਉਹ ਪੰਨੇ ਅਤੇ ਉਸਦੀ ਪਰਸਨਲ ਫਾਇਲ ਦੇ ਕੁਮੈਂਟ ਫੋਟੋਸਟੇਟ ਕਰਵਾ ਕੇ ਚੰਡੀਗੜ੍ਹ ਭੇਜ ਦਿੱਤੇ ਸਨ। ਜਿਸ 'ਚ ਉਹਨੂੰ ਮਾੜਾ, ਟਾਟ ਚੋਰੀ ਕਰਦਾ ਅਤੇ ਮੁੱਖ ਅਧਿਆਪਕ ਦੀ ਬੇਇੱਜਤੀ ਕਰਦਾ ਪੇਸ਼ ਕੀਤਾ ਗਿਆ ਸੀ ਜਿਸ ਕਰਕੇ ਰਹਿਮਤ ਮਸੀਹ ਮੱਟੂ ਨੂੰ ਸਟੇਟ ਐਵਾਰਡ ਮਿਲਦਾ ਮਿਲਦਾ ਰਹਿ ਗਿਆ ਸੀ। ਰਹਿਮਤ ਮਸੀਹ ਨੂੰ ਪਤਾ ਲੱਗ ਗਿਆ ਸੀ ਕਿ ਇਹ ਸ਼ਰਾਰਤ ਸਕੂਲ ਵਿਚੋਂ ਹੀ ਮਾਸਟਰ ਕੁਲਬੀਰ ਸਿੰਘ ਮਾਨ ਨੇ ਕੀਤੀ ਸੀ। ਪਰ ਰਹਿਮਤ ਮਸੀਹ

ਵੀ ਜੇ ਆਪਣੀ ਆਈ ’ਤੇ ਆ ਜਾਵੇ ਤਾਂ ਪਿੱਛੇ ਨਹੀਂ ਸੀ ਹੱਟਦਾ। ਦੂਜੇ ਸਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਵੀ ਉਹਦਾ ਜਾਣੂ ਬਣ ਗਿਆ ਸੀ। ਤੇ ਸਟੇਟ ਐਵਾਰਡ ਦੀਆਂ ਫਾਇਲਾਂ ਉਹਦੇ ਰਾਹੀਂ ਹੀ ਚੰਡੀਗੜ੍ਹ ਜਾਣੀਆਂ ਸਨ। ਉਹਨੇ ਰਹਿਮਤ ਦਾ ਕੇਸ ਵਧੀਆ ਬਣਾ ਕੇ ਦਿੱਤਾ ਸੀ, ਆਪਣੇ ਵੱਲੋਂ ਵੀ ਉਹਦੇ ਕੰਮ ਦੀ ਤਰੀਫ਼ ਕਰ ਦਿੱਤੀ ਸੀ। ਤੇ ਉਸ ਸਾਲ ਰਹਿਮਤ ਮਸੀਹ ਨੂੰ ਪੰਜਾਬ ਰਾਜ ਸਟੇਟ ਐਵਾਰਡ ਮਿਲ ਗਿਆ ਸੀ। ਉਹਦੇ ਮੱਥੇ ’ਤੇ ਇਕ ਹੋਰ ਕਲਗੀ ਲੱਗ ਗਈ ਸੀ। ਉਸ ਨੇ ਹੁਣ ਆਪਣੇ ਵਿਜਟਿੰਗ ਕਾਰਡ ’ਤੇ ਸਟੇਟ ਐਵਾਰਡ ਜੇਤੂ ਅਧਿਆਪਕ ਲਿਖਣਾ ਸ਼ੁਰੂ ਕਰ ਦਿੱਤਾ ਸੀ।

ਫਿਰ ਸਾਡੀ ਬਰਾਦਰੀ ਦੀਆਂ ਸੰਸਥਾਵਾਂ ਤੇ ਟੀਚਰ ਯੂਨੀਅਨਾਂ ਨੇ ਉਹਦਾ ਥਾਂ ਥਾਂ ਸਨਮਾਨ ਕੀਤਾ ਸੀ। ਕਹਿੰਦੇ ਸਨ ਜੇ ਮਾਸਟਰ ਰਹਿਮਤ ਮਸੀਹ ਨੂੰ ਇਕ ਸਨਮਾਨ ਮਿਲਦਾ ਸੀ ਤਾਂ ਉਹਦਾ ਪਾਈਆ ਲਹੂ ਵੱਧ ਜਾਂਦਾ ਸੀ।

***ਕਿੱਸਾ-ਗੋਈ***

ਇਕ ਦਿਨ ਮਾਸਟਰ ਮੈਨੂੰ ਕਹਿਣ ਲੱਗਾ ਸੀ, “ਲੈ ਬਈ ਦਰਸ਼ਨਾ। ਹੈੱਡ ਨਿਰਮਲਾ ਤਾਂ ਆਪਣੀ ਮੁੱਠੀ ’ਚ ਏ, ਮੈਥੋਂ ਪੁੱਛੇ ਬਗੈਰ ਤਾਂ ਕਦਮ ਨ੍ਹੀਂ ਪੁੱਟਦੀ, ਨਾਲੇ ਹੈ ਵੀ ਆਪਣੀ ਬਰਾਦਰੀ ਦੀ, ਗੱਲ ਮੰਨ ਲੈਂਦੀ ਆ। ਕੋਈ ਵੀ ਕੰਮ ਕਰਨਾ ਹੋਵੇ ਮੇਰੀ ਸਲਾਹ ਲੈਂਦੀ ਹੈ। ਡੀ. ਈ. ਓ. ਦਫ਼ਤਰ ਜੇ ਕੋਈ ਕੰਮ ਹੋਵੇ ਮੈਨੂੰ ਭੇਜਦੀ ਹੈ।” ਉਹਦੀ ਗੱਲ ਸੁਣ ਕੇ ਮੈਂ ਕਿਹਾ ਸੀ,

“ਫੇ ਤਾਂ ਮਾਸਟਰਾ ਤੇਰੀਆਂ ਚਾਰੇ ਉਂਗਲਾਂ ਘਿਓ ’ਚ ਹਨ।” ਉਦੋਂ ਉਹਦੇ ਤਾਂਬੇ ਰੰਗੇ ਚਿਹਰੇ ’ਚੋਂ ਚਿੱਟੇ ਦੰਦ ਦਿੱਸੇ ਸਨ। ਮੁੱਛਾਂ ਫਰਕੀਆਂ ਸਨ।

ਉਨ੍ਹਾਂ ਦਿਨਾਂ ਵਿਚ ਮੈਂ ਮਾਸਟਰ ਰਹਿਮਤ ਤੇ ਨਿਰਮਲਾ ਦਾ ਨਿੱਤ ਕੋਈ ਨਾ ਕੋਈ ਕਿੱਸਾ ਕਦੇ ਸਕੂਲ ਦੇ ਪਾੜ੍ਹਿਆਂ ਕੋਲੋਂ ਤੇ ਕਦੇ ਚਪੜਾਸੀ ਜਾਗਰ ਸਿੱਧੂ ਕੋਲੋਂ ਸੁਣਦਾ ਸੀ।

...“ਲੈ ਬਈ ਕਹਿੰਦੇ ਕਲ੍ਹ ਮਾਸਟਰ ਰਹਿਮਤ, ਨਿਰਮਲਾ ਮੈਡਮ ਦੇ ਘਰ ਚਲੇ ਗਿਆ। ਕਹਿੰਦੇ ਉਹ ਬਾਹਰ ਖੜਾ ਘੰਟੀਆਂ ਮਾਰੀ ਜਾਵੇ। ਅੰਦਰੋਂ ਕੋਈ ਆਵਾਜ਼ ਨਾ ਆਵੇ। ਕਹਿੰਦੇ ਘਰ ’ਚ ਨਿਰਮਲਾ ਮੈਡਮ ’ਕੱਲੀ ਸੀ। ਉਹ ਡਰ ਗਈ ਸੀ ਕਿ ਇਹ ਮਾਸਟਰ ਘਰ ਕੀ ਕਰਨ ਆ ਗਿਆ। ਕਹਿੰਦੇ ਉਹ ਅੰਦਰ ਡਰੀ ਬੈਠੀ ਰਹੀ ਸੀ। ਇਹ ਜੀ ਪੰਦਰਾਂ ਬੀਹ ਮਿੰਨਟ ਘੰਟੀਆਂ ਖੜਕਾ ਕੇ ਮੂੰਹ ਲਟਕਾਈ ਆ ਗਿਆ ਸੀ। ਫੇ ਜੀ ਦੂਜੇ ਦਿਨ ਜਦੋਂ ਨਿਰਮਲਾ ਨੂੰ ਮਾਸਟਰ ਨੇ ਪੁੱਛਿਆ ਤਾਂ ਉਹ ਇਹ ਕਹਿ ਕੇ ਮੁਕਰ ਗਈ ਕਿ ਉਹ ਕਲ੍ਹ ਘਰ ਨਹੀਂ ਸੀ। ਘਰ ਮੁੰਡਾ ਸੀ। ਉਹ ਜਦੋਂ ਸੁੱਤਾ ਹੋਵੇ ਤਾਂ ਭਾਵੇਂ ਉਹਦੇ ਕੰਨ ਕੋਲ ਸਪੀਕਰ ਲਾ ਦਿਓ ਉਹ ਉੱਠਦਾ ਨਹੀਂ ਸੀ। ਕਹਿੰਦੇ ਮਾਸਟਰ ਮਹੀਨੇ ਵਿਚ ਦੋ ਤਿੰਨ ਵਾਰੀ ਹੈੱਡ ਨਿਰਮਲਾ ਦੇ ਘਰ ਚਲੇ ਜਾਂਦਾ ਸੀ। ਤੇ ਫੇਰ ਜੀ ਦੋ-ਦੋ ਘੰਟੇ ਉਠਦਾ ਨਹੀਂ ਸੀ।”

ਚਪੜਾਸੀ ਜਾਗਰ ਸਿੱਧੂ ਬੀੜੀ ਸੁਲਗਾ ਕੇ ਬੋਲਦਾ ਸੀ, “ਲੈ ਬਈ ਦਰਸ਼ਨਾ, ਅੱਜ ਤਾਂ ਕਮਾਲ ਈ ਹੋਗੀ। ਆਪਣਾ ਮਾਸਟਰ ਮੱਟੂ ਸਵੇਰੇ ਨੌਂਅ ਵਜੇ ਦਾ ਦਫ਼ਤਰ ਬੈਠਾ ਤੇ 12 ਵਜੇ ਨਿਕਲਿਆ। ਪਤਾ ਨੀਂ ਕੀ ਗੱਲਾਂ ਕਰੀ ਜਾਂਦਾ ਸੀ। ਮੈਂ ਦੋ ਤਿੰਨ ਵਾਰੀ ਪਾਣੀ ਦੇਣ ਗਿਆ, ਫੇਰ ਚਾਹ ਵੀ ਦੋ ਵਾਰੀ ਦਿੱਤੀ। ਬੰਦੇ ਦਾ ਪੁੱਤ ਪਤਾ ਨੀਂ ਕਿਹੜੀ ਰਮਾਇਣ ਮੈਡਮ ਨੂੰ ਸੁਣਾਈ ਜਾਂਦਾ ਸੀ। ਚੰਗੀ ਆ ਯਾਰ। ਮੈਡਮ ਵੀ ਉਹਨੂੰ ਕੁਝ ਕਹਿੰਦੀ ਨਹੀਂ। ਬਈ ਜਾਹ ਕਲਾਸ ਰੂਮ ’ਚ ਜਾ ਕੇ ਪੀਰਡ ਲਾ।”

ਕੋਈ ਨਵਾਂ ਪ੍ਰਸੰਗ ਸੁਣਾਉਂਦਾ ਸੀ, “ਕਹਿੰਦੇ ਕਲ੍ਹ ਮਾਸਟਰ ਮੱਟੂ ਤੇ ਹੈੱਡ ਮੈਡਮ ਨਿਰਮਲਾ ਇਕੱਠੇ ਚੰਡੀਗੜ੍ਹ ਸਿੱਖਿਆ ਵਿਭਾਗ ਗਏ। ਮੈਡਮ ਦਾ ਕੋਈ ਕੰਮ ਅੜਿਆ ਹੋਇਆ ਸੀ, ਮਾਸਟਰ



ਮੱਟੂ ਨੇ ਕੰਮ ਚੁਟਕੀ ’ਚ ਕਰਵਾਉਣ ਦਾ ਲਾਰਾ ਲਾ ਦਿੱਤਾ ਸੀ। ਉਹਦੀ ਯੂਨੀਅਨ ’ਚ ਚੰਗੀ ਭੱਲ ਸੀ ਤੇ ਦਫ਼ਤਰ ਚੰਗੀ ਜਾਣ ਪਛਾਣ ਸੀ। ਕਹਿੰਦੇ ਬਈ ਦੋਹਾਂ ਨੂੰ ਉਥੇ ਹੀ ਕੁਵੇਲਾ ਹੋ ਗਿਆ, ਫੇ ਜੀ ਪਤਾ ਨੀਂ ਦੋਵੇਂ ਕਿੱਥੇ ਰਾਤ ਰਹੇ।”

“ ... ਕਹਿੰਦੇ ਜੀ ਮਾਸਟਰ ਰਹਿਮਤ ਤੇ ਨਿਰਮਲਾ ਦੀ ਕਲ੍ਹ ਦਫ਼ਤਰ ’ਚ ਝੜਪ ਹੋ ਗਈ। ਮੈਡਮ ਉੱਚੀ ਉੱਚੀ ਬੋਲਦੀ ਦਫ਼ਤਰ ’ਚੋਂ ਬਾਹਰ ਆ ਗਈ ਤੇ ‘ਮੇਰੀ ਗੱਲ ਸੁਣੋ ਮੈਡਮ ਜੀ, ਮੇਰੀ ਬੇਨਤੀ ਸੁਣੋ ਮੈਡਮ ਜੀ, ਮੈਨੂੰ ਸਮਝਣ ਦੀ ਕੋਸ਼ਿਸ਼ ਕਰੋ ਮੈਡਮ ਜੀ’ ਵਰਗੇ ਤਰਲੇ ਮਾਸਟਰ ਰਹਿਮਤ ਦੇ ਸੁਣਨ ਨੂੰ ਮਿਲੇ। ਫੇ ਜੀ ਕਹਿੰਦੇ ਦੂਜੇ ਦਿਨ ਮੈਡਮ ਨੇ ਹਫ਼ਤੇ ਦੀ ਛੁੱਟੀ ਭੇਜ ਦਿੱਤੀ ਸੀ।”

ਅਜਿਹੇ ਪ੍ਰਸੰਗ ਮੈਨੂੰ ਸੁਣਨ ਨੂੰ ਨਿੱਤ ਮਿਲਦੇ ਸਨ। ਫੇਰ ਮੈਡਮ ਸਕੂਲ ਦੇ ਮਾਹੌਲ ਤੋਂ ਤੰਗ ਆ ਗਈ ਸੀ। ਤੇ ਬਦਲੀ ਕਰਵਾਉਣ ਬਾਰੇ ਸੋਚਣ ਲੱਗੀ ਸੀ। ਉਸ ਦਿਨ ਤੋਂ ਬਾਅਦ ਤਾਂ ਉਹ ਹੋਰ ਵੀ ਕਾਹਲੀ ਪੈ ਗਈ ਸੀ ਜਦੋਂ ਦਸਵੀਂ ਦੀ ਕਲਾਸ ’ਚ ਮਾਸਟਰ ਰਹਿਮਤ ਤੇ ਨਿਰਮਲਾ ਦਾ ਹੱਥ ਫੜਿਆ ਹੋਇਆ ਕਰਟੂਨ ਬਲੈਕ ਬੋਰਡ ’ਤੇ ਕਿਸੇ ਸ਼ਰਾਰਤੀ ਨੇ ਬਣਾ ਦਿੱਤਾ ਸੀ। ਵਿਚਕਾਰ ਦਿਲ ਦੀ ਫੋਟੋ ਬਣਾ ਦਿੱਤੀ ਸੀ। ਥੱਲੇ ਦੋਹਾਂ ਦੇ ਨਾਂ ਲਿਖ ਦਿੱਤੇ ਸਨ। ਜਦੋਂ ਹੈੱਡ ਮੈਡਮ ਪੀਰੀਅਡ ਲਾਉਣ ਆਈ ਸੀ ਤਾਂ ਉਹਦਾ ਗੁੱਸਾ ਸੱਤੀਂ ਅਸਮਾਨੀਂ ਚੜ੍ਹ ਗਿਆ ਸੀ। ਕਹਿੰਦੇ ਨੇ ਕਿ ਮੈਡਮ ਨੇ ਕਲਾਸ ਦੇ ਮੁੰਡਿਆਂ ਦੇ ਸੋਟੀਆਂ ਮਾਰ ਮਾਰ ਕੇ ਲਾਸ਼ਾਂ ਪਾ ਦਿੱਤੀਆਂ ਸਨ। ਫੇ ਦੋ ਤਿੰਨ ਮਹੀਨੇ ’ਚ ਹੈੱਡ ਮੈਡਮ ਨੇ ਦੂਜੇ ਸਕੂਲ ਵਿਚ ਬਦਲੀ ਕਰਵਾ ਲਈ ਸੀ। ਅਤੇ ਮਹੀਨੇ ’ਚ ਨਵੀਂ ਹੈੱਡ ਮੈਡਮ ਚਰਨਪ੍ਰੀਤ ਕੌਰ ਬਰਾੜ ਆ ਗਈ ਸੀ। ਮੈਡਮ ਸ਼ਹਿਰ ਦੇ ਬਹੁਤ ਵੱਡੇ ਸਕੂਲ ’ਚੋਂ ਆਈ ਸੀ, ਹੰਢੀ-ਵਰਤੀ ਸੀ ਤੇ ਬੜੀ ਸਖਤ ਸੀ। ਉਹਨੇ ਆਉਂਦੀ ਨੇ ਸਾਰੇ ਟੀਚਰ ਤੇ ਬੱਚੇ ਸਿੱਧੇ ਕਰ ਦਿੱਤੇ ਸਨ। ਸਭ ਉਹਦੇ ਕੋਲੋਂ ਡਰਨ ਲੱਗੇ ਸਨ। ਪਹਿਲਾਂ-ਪਹਿਲ ਮਾਸਟਰ ਰਹਿਮਤ ਨੇ ਮਿੱਠਾ-ਪਿਆਰਾ ਹੋ ਕੇ ਉਹਦਾ ਕਹਿਣਾ ਮੰਨਣ ਵਾਲਾ ਤੇ ਹਮਦਰਦ ਬਣਨ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਕਾਮਯਾਬ ਨਹੀਂ ਸੀ ਹੋਇਆ । ਉਹ ਮਾਸਟਰ ਰਹਿਮਤ ਨਾਲ ਸਖਤੀ ਨਾਲ ਪੇਸ਼ ਆਉਂਦੀ ਸੀ। ਫੇਰ ਮਾਸਟਰ ਰਹਿਮਤ ਆਪਣੀਆਂ ਚਾਲਾਂ ਖੇਡਣ ਲੱਗ ਪਿਆ। ਫਿਰ ਮੈਡਮ ਬਰਾੜ ਨੇ ਸੋਚਿਆ ਕਿ ਮਾਸਟਰ ਰਹਿਮਤ ਮਸੀਹ ਨਾਲ ਵਿਗਾੜ ਕੇ ਗੱਲ ਨਹੀਂ ਬਣਨੀ। ਉਹ ਮਾਸਟਰ ਪ੍ਰਤੀ ਨਰਮੀ ਵਰਤਣ ਲੱਗ ਪਈ ਸੀ। ਦੋਵੇਂ ਰੀਟਾਇਰਮੈਂਟ ਦੇ ਨੇੜੇ ਸਨ। ਮਾਸਟਰ ਦੇ ਰੀਟਾਇਰਮੈਂਟ ਹੋਣ ’ਚ ਤਿੰਨ ਕੁ ਮਹੀਨੇ ਰਹਿੰਦੇ ਸਨ ਤੇ ਹੈੱਡ ਦੇ ਪੰਜ ਮਹੀਨੇ ਪਏ ਸਨ। ਹੈੱਡ ਨੇ ਇਹ ਸੋਚ ਕੇ ਕਾਹਨੂੰ ਮਰਿਆ ਸੱਪ ਗਲੇ ਪਾਉਣਾ, ਮਾਸਟਰ ਰਹਿਮਤ ਨਾਲ ਨਾਰਮਲ ਹੋ ਗਈ ਸੀ। ਉਹਨੇ ਸਕੂਲ ਵਿਚ ਰੁਚੀ ਲੈਣੀ ਛੱਡ ਦਿੱਤੀ ਸੀ। ਉਹ ਸਵੇਰੇ ਸਵੇਰੇ ਸਕੂਲ ਆਉਂਦੀ ਤੇ ਚਪੜਾਸੀਆਂ ਨੂੰ, ਟੀਚਰਾਂ ਨੂੰ, ਦਬਕੇ ਜਿਹੇ ਮਾਰ ਕੇ ਤੁਰ ਪੈਂਦੀ ਅਖੇ ਜੀ ਮੇਰੀ ਅੱਜ ਸੀ. ਓ. ਨਾਲ ਮੀਟਿੰਗ ਹੈ, ਮੇਰੀ ਡੀ. ਈ. ਓ. ਨਾਲ ਮੀਟਿੰਗ ਹੈ। ਮੈਂ ਫਲਾਨੇ ਥਾਂ ਜਾਣਾ, ਮੈਂ ਅੱਜ ਐਥੇ ਜਾਣਾ ਆਦਿ ਆਦਿ, ਫੇਰ ਜੀ ਮਾਸਟਰ ਰਹਿਮਤ ਮਸੀਹ ਨੇ ਪਿੰਡ ਦੇ ਲੋਕਾਂ ਕੋਲੋਂ, ਪੰਚਾਇਤ ਮੈਂਬਰਾਂ ਕੋਲੋਂ ਸ਼ਿਕਾਇਤਾਂ ਭੇਜਣੀਆਂ ਸ਼ੁਰੂ ਕਰਾ ਦਿੱਤੀਆਂ ਕਿ ਹੈੱਡ ਸਕੂਲ ’ਚ ਪੂਰਾ ਸਮਾਂ ਰਹਿੰਦੀ ਹੀ ਨਹੀਂ। ਹਫ਼ਤੇ ’ਚ ਪੰਜ ਦਿਨ ਡਿਊਟੀ ਪਾ ਕੇ ਚਲੇ ਜਾਂਦੀ... ਡੀ. ਈ. ਓ. ਦਫ਼ਤਰੋਂ ਖਿਚਾਈ ਹੋਣ ਲੱਗੀ ਪਰ ਹੈੱਡ ਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ।

ਮਾਸਟਰ ਰਹਿਮਤ ਮਸੀਹ ਦੀ ਦਿਲੀ ਇੱਛਾ ਸੀ ਕਿ ਸਕੂਲ ਵਾਲੇ ਮੇਰੀ ਰੀਟਾਇਰਮੈਂਟ ’ਤੇ ਵੱਡਾ ਸਮਾਗਮ ਕਰਨ ਅਤੇ ਉਥੇ ਸਾਰੇ ਮੇਰੀਆਂ ਪ੍ਰਾਪਤੀਆਂ ਦੇ ਕਿੱਸੇ ਪੜ੍ਹਨ, ਮੇਰੇ ਗਲੇ ’ਚ ਹਾਰ ਪੈਣ ਅਤੇ ਮੇਰੀਆਂ ਤਸਵੀਰਾਂ ਅਖ਼ਬਾਰਾਂ ’ਚ ਛਪਣ। ਪਰ ਮੈਡਮ ਨੇ ਕਹਿ ਦਿੱਤਾ ਸੀ ਕਿ ਸਕੂਲ ਐਨਾ

ਖਰਚ ਨਹੀਂ ਕਰ ਸਕਦਾ। ਪੀ. ਟੀ. ਏ. ਫੰਡ 'ਚੋਂ ਅਸੀਂ ਆਪ ਦੇ ਪਰਿਵਾਰਕ ਮੈਂਬਰ ਤੇ ਸਟਾਫ ਨੂੰ ਸਮੋਸੇ ਅਤੇ ਰਸਗੁੱਲੇ ਨਾਲ ਚਾਹ ਪਿਆ ਸਕਦੇ ਹਾਂ। ਇਸੇ ਗੱਲ ਤੋਂ ਮਾਸਟਰ ਰਹਿਮਤ ਪਰੇਸਾਨ ਸੀ। ਫੇਰ ਜੀ ਉਹਨੇ ਮੈਡਮ ਨੂੰ ਕਹਿ ਦਿੱਤਾ ਕਿ ਰੀਟਾਇਰਮੈਂਟ ਸਮਾਗਮ ਦਾ ਸਾਰਾ ਖਰਚ ਪਿੰਡ ਦਾ ਇਕ ਐਨ. ਆਰ. ਆਈ. ਕਰੇਗਾ। ਤੇ ਸ਼ਾਇਦ ਕੋਈ ਮੰਤਰੀ ਵੀ ਆ ਜਾਵੇ। ਤੇ ਮੈਡਮ ਨੇ ਥੋੜ੍ਹਾ ਜਿਹਾ ਹੁੰਗਾਰਾ ਭਰਿਆ ਸੀ। ਮੈਂ ਉਦੋਂ ਪੁੱਛਿਆ ਸੀ, "ਕਿਉਂ ਮਾਸਟਰ ਜੀ ! ਰੀਟਾਇਰਮੈਂਟ 'ਤੇ ਵਾਜੇ ਵੱਜਣਗੇ, ਭੰਗੜੇ ਪੈਣਗੇ ਕਿ ਨਾ।" ਤਾਂ ਉਹ ਢਿੱਲੇ ਜਿਹੇ ਮੂੰਹ ਨਾਲ ਬੋਲਿਆ ਸੀ, "ਕਾਹਨੂੰ ਯਾਰ ਦਰਸ਼ਨਾ ! ਹੈੱਡ ਬੜੀ ਲੀਚੜ ਆ। ਕਿਸੇ ਲੋਟ ਬੈਠਦੀ ਹੀ ਨਹੀਂ। ਮੈਂ ਤਾਂ ਮੰਤਰੀ ਸੱਦ ਲੈਣਾ ਸੀ। ਨਾਲ ਸਕੂਲ ਨੂੰ ਕੁਝ ਦਾਨ ਦੇ ਦਿੰਦਾ ਨਾਲੇ ਪਾਰਟੀ ਚੰਗੀ ਹੋ ਜਾਂਦੀ ਪਰ ਜੀ ਕਿਸੇ ਤਰ੍ਹਾਂ ਵੀ ਮੰਨ ਨਹੀਂ ਰਹੀ। ਬੜੀ ਜਿੱਦੀ ਐ । ਖ਼ੈਰ ਹੁਣ ਪਾਰਟੀ ਲਈ ਤਾਂ ਮੰਨ ਗਈ ਹੈ। ਕਹਿੰਦੀ ਹੈ ਕਿ ਜਿੱਦਾਂ ਸਕੂਲ ਦੀ ਰੀਤ ਚੱਲੀ ਆ ਰਹੀ ਹੈ ਉਦਾਂ ਹੀ ਹੋਣਾ ਹੈ।" ਮੈਨੂੰ ਰਹਿਮਤ ਸੱਚ ਬੋਲਦਾ ਜਾਪਦਾ ਸੀ।

### *ਵਿਦਾਇਗੀ*

ਆਖਰ ਮਾਸਟਰ ਰਹਿਮਤ ਮਸੀਹ ਮੱਟੂ ਦੀ ਵਿਦਾਇਗੀ ਪਾਰਟੀ ਦਾ ਦਿਨ ਆ ਹੀ ਗਿਆ ਸੀ। ਜਿਸ ਦਿਨ ਰੀਟਾਇਰਮੈਂਟ ਸੀ ਉਸ ਦਿਨ ਹੀ ਪਾਰਟੀ ਰੱਖ ਲਈ ਗਈ ਸੀ। ਮਾਸਟਰ ਨੇ 31 ਮਾਰਚ ਨੂੰ ਰੀਟਾਇਰ ਹੋ ਜਾਣਾ ਸੀ। ਸਕੂਲ ਦੀ ਗਰਾਉਂਡ ਵਿਚ ਪਾਰਟੀ ਦਾ ਪ੍ਰੋਗਰਾਮ ਸੀ। ਖਾਣੇ ਦਾ ਖਰਚ ਮਾਸਟਰ ਰਹਿਮਤ ਕਰ ਰਿਹਾ ਸੀ ਅਤੇ ਚਾਹ ਪਕੌੜੇ ਸਕੂਲ ਵੱਲੋਂ ਸਨ। ਪੰਦਰਾਂ ਦਿਨ ਤੋਂ ਮਾਸਟਰ ਪਾਰਟੀ ਦੇ ਕਾਰਡ ਵੰਡਦਾ ਫਿਰ ਰਿਹਾ ਸੀ। ਪਾਰਟੀ 'ਚ ਅਨੇਕ ਪ੍ਰਮੁੱਖ ਸਖਸ਼ੀਅਤਾਂ , ਪੰਚਾਇਤ ਮੈਂਬਰ, ਮੱਟੂ ਦੇ ਮੁਹੱਲੇ ਦੇ ਲੋਕ, ਅਧਿਆਪਕ ਯੂਨੀਅਨ ਦੇ ਮੈਂਬਰ, ਵਾਲਮੀਕਿ ਸਭਾ ਦੇ ਮੈਂਬਰ ਵੀ ਪਹੁੰਚੇ ਸਨ। ਮਾਸਟਰ ਦੇ ਚਿਹਰੇ 'ਤੇ ਰੌਣਕ ਸੀ। ਉਹ ਫੁੱਲਾਂ ਦੇ ਹਾਰਾਂ ਨਾਲ ਲੱਦਿਆ ਸਟੇਜ ਤੇ ਬੈਠਾ ਸੀ। ਮੈਂ ਦੂਰ ਕੁਰਸੀ 'ਤੇ ਬੈਠਾ ਮਾਸਟਰ ਨੂੰ ਦੇਖ ਰਿਹਾ ਸੀ। ਉਹ ਆਪਣੇ ਗ਼ਲੇ ਵਿਚੋਂ ਹਾਰ ਨਹੀਂ ਸੀ ਲਾਹ ਰਿਹਾ। ਇਕ ਦਿਨ ਪਹਿਲਾਂ ਪੰਜਾਬੀ ਦੀ ਅਧਿਆਪਕਾ ਨੂੰ ਆਪ ਹੀ ਲਿਖ ਕੇ ਲੰਮਾ ਚੌੜਾ ਲੇਖ ਦੇ ਆਇਆ ਸੀ ਜਿਸ 'ਚ ਉਹਦੀਆਂ ਪ੍ਰਾਪਤੀਆਂ, ਵਿਕਾਸ ਕਾਰਜਾਂ ਦਾ ਹਵਾਲਾ ਤਾਂ ਸੀ ਹੀ ਨਾਲ ਨਾਲ ਸਮਾਜ ਦੇ ਵਿਕਾਸ ਲਈ ਕੀਤੇ ਕੰਮਾਂ ਬਾਰੇ ਅਤੇ ਇਮਾਨਦਾਰ ਅਧਿਆਪਕ ਬਾਰੇ ਬੜੇ ਠੋਕਵੇਂ ਸ਼ਬਦਾਂ ਵਿਚ ਕਿਹਾ ਗਿਆ ਸੀ। ਇਸ ਦਾ ਸਿਰਲੇਖ ਸੀ 'ਉਘੇ ਸਮਾਜ ਸੇਵਕ ਅਧਿਆਪਕ ਰਹਿਮਤ ਮਸੀਹ ਮੱਟੂ' ਜਦੋਂ ਮੈਡਮ ਇਹ ਮਾਸਟਰ 'ਤੇ ਭਾਸ਼ਣ ਦੇ ਰਹੀ ਸੀ ਤਾਂ ਰਹਿਮਤ ਅੰਦਰੋਂ ਖੁਸ਼ੀ 'ਚ ਫੁੱਲ ਕੇ ਕੁੱਪਾ ਹੋ ਰਿਹਾ ਸੀ। ਮੈਨੂੰ ਜ਼ਿਲ੍ਹਾ ਵਾਲਮੀਕਿ ਸਭਾ ਦੇ ਪ੍ਰਧਾਨ ਦਾ ਭਾਸ਼ਣ ਨਹੀਂ ਭੁੱਲਦਾ। ਉਸ ਦੇ ਭਾਸ਼ਣ ਨੂੰ ਮੈਂ ਪਾਰਟੀ ਦੀ ਵੀਡੀਓ ਫਿਲਮ 'ਚ ਵੀ ਕਈ ਵਾਰ ਦੇਖ-ਸੁਣ ਚੁੱਕਾ ਸੀ। ਚਿੱਟੇ ਕੱਪੜਿਆਂ 'ਚ ਵਾਲਮੀਕਿ ਸਭਾ ਦਾ ਪ੍ਰਧਾਨ ਕਹਿ ਰਿਹਾ ਸੀ, "ਭੈਣੋ ਤੇ ਭਰਾਓ ! ਦੇਖੋ ਅੱਜ ਜਿਸ ਮੁਕਾਮ ਤੇ ਸਾਡਾ ਭਰਾ ਮਾਸਟਰ ਰਹਿਮਤ ਮਸੀਹ ਮੱਟੂ ਪਹੁੰਚਿਆ ਹੈ, ਉਸ ਮੁਕਾਮ 'ਤੇ ਸਾਡੀ ਬਰਾਦਰੀ ਵਿਚੋਂ ਕੋਈ ਕੋਈ ਹੀ ਪਹੁੰਚਦਾ ਹੈ। ਮਾਸਟਰ ਜੀ ਨੇ ਅਨੇਕਾਂ ਸਮਾਜ ਭਲਾਈ ਦੇ ਕੰਮ ਕਰਕੇ ਪੂਰੀ ਵਾਲਮੀਕਿ ਬਰਾਦਰੀ ਦਾ ਨਾਂ ਰੌਸ਼ਨ ਕੀਤਾ ਹੈ। ਸਾਡੀ ਵਾਲਮੀਕਿ ਬਰਾਦਰੀ ਅੱਜ ਵੀ ਗਰੀਬੀ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ। ਨੌਕਰੀਆਂ ਵਿਚ ਸਾਡੀ ਭਾਗੀਦਾਰੀ ਬਹੁਤ ਘੱਟ ਹੈ। ਮਾਸਟਰ ਰਹਿਮਤ ਮਸੀਹ ਜੀ ਨੇ ਸਰਕਾਰੀ ਨੌਕਰੀ ਕਰਦਿਆਂ ਬਹੁਤ ਸਾਰੇ ਸਮਾਜ ਦੀ ਭਲਾਈ ਦੇ ਕੰਮ ਕੀਤੇ ਹਨ। ਉਨ੍ਹਾਂ ਆਪਣੀ ਬਰਾਦਰੀ ਦੇ ਅਨੇਕਾਂ ਬੱਚਿਆਂ ਨੂੰ ਸਕੂਲ ਵਿਚ ਕਿਤਾਬਾਂ ਅਤੇ ਸਕੂਲ ਦੀਆਂ ਫੀਸਾਂ



ਵਰਦੀਆਂ ਦਾ ਪ੍ਰਬੰਧ ਕੀਤਾ ਅਤੇ ਭਵਿੱਖ ਵਿਚ ਕਰਦੇ ਰਹਿਣਗੇ। ਉਨ੍ਹਾਂ ਦੇ ਅਜਿਹੇ ਕੰਮਾਂ ਕਰਕੇ ਹੀ ਉਨ੍ਹਾਂ ਨੂੰ ਸਟੇਟ ਐਵਾਰਡ ਪ੍ਰਦਾਨ ਕੀਤਾ ਗਿਆ ਸੀ। ਅੱਜ ਉਹ ਆਪਣੀ ਸੇਵਾ ਤੋਂ ਵਿਦਾ ਹੋ ਰਹੇ ਹਨ। ਮੈਂ ਉਨ੍ਹਾਂ ਤੋਂ ਭਵਿੱਖ 'ਚ ਵੀ ਆਸ ਰੱਖਦਾ ਹਾਂ ਕਿ ਉਹ ਆਪਣੇ ਸਮਾਜ ਦੀ ਸੇਵਾ ਪਹਿਲਾਂ ਵਾਂਗ ਕਰਦੇ ਰਹਿਣਗੇ। ਸਾਨੂੰ ਅਜਿਹੇ ਹੀਰਿਆਂ ਦੀ ਬਹੁਤ ਲੋੜ ਹੈ।" ਵਾਲਮੀਕਿ ਸਭਾ ਦਾ ਪ੍ਰਧਾਨ ਬਹੁਤ ਕੁਝ ਹੋਰ ਵੀ ਬੋਲਦਾ ਰਿਹਾ ਸੀ। ਕੁਰਸੀਆਂ 'ਤੇ ਬੈਠੇ ਸਰੋਤੇ ਹਿਲਜੁਲ ਕਰਨ ਲੱਗੇ ਸਨ। ਜੇ ਉਹ ਹੋਰ ਬੋਲਦਾ ਰਹਿੰਦਾ ਤਾਂ ਕੁਰਸੀਆਂ ਖਾਲੀ ਹੋ ਜਾਣੀਆਂ ਸਨ। ਫਿਰ ਸਕੂਲ ਦੇ ਮੁੱਖ ਅਧਿਆਪਕ ਦੋ ਮਿੰਟ ਬੋਲੇ ਤੇ ਸਮੂਹ ਸਟਾਫ ਵੱਲੋਂ ਮਾਸਟਰ ਰਹਿਮਤ ਮਸੀਹ ਨੂੰ ਗਿਫਟ ਦਿੱਤਾ ਗਿਆ ਸੀ। ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾਏ ਸਨ। ਮਾਸਟਰ ਖੁਸ਼ ਹੋ ਗਿਆ ਸੀ। ਫਿਰ ਦਾਰੂ ਦੀ ਪਾਰਟੀ ਰਾਤ ਨੂੰ ਘਰ ਚੱਲੀ ਸੀ। ਭੰਗੜੇ ਪਏ ਸਨ। ਸਕੂਲ ਤੋਂ ਘਰ ਤੱਕ ਮਾਸਟਰ ਨੂੰ ਬੈਂਡ ਵਾਜਿਆਂ ਨਾਲ ਲੈ ਕੇ ਗਏ ਸਨ।

### *ਖ਼ੱਜਲ-ਖੁਆਰੀ*

ਜਦੋਂ ਮਾਸਟਰ ਰਹਿਮਤ ਮਸੀਹ ਦੀ ਰੀਟਾਇਰਮੈਂਟ ਹੋਈ ਤਾਂ ਦੋ ਮਹੀਨੇ ਬਾਅਦ ਹੈੱਡ ਅਧਿਆਪਕਾ ਚਰਨਪ੍ਰੀਤ ਕੌਰ ਬਰਾੜ ਵੀ ਰੀਟਾਇਰਡ ਹੋ ਗਈ ਸੀ। ਸਕੂਲ 'ਚ ਹੈੱਡ ਦੀ ਪੋਸਟ ਖਾਲੀ ਹੋ ਗਈ ਸੀ। ਸਕੂਲ 'ਚ ਸੀਨੀਅਰ ਮਾਸਟਰ ਜਗੀਰ ਸਿੰਘ ਸਨ। ਡੀ. ਈ. ਓ. ਨੇ ਉਨ੍ਹਾਂ ਨੂੰ ਡੀ. ਡੀ. ਓ. ਪਾਵਰਾਂ ਦੇ ਦਿੱਤੀਆਂ ਸਨ। ਹੁਣ ਸਕੂਲ ਦੇ ਮੁੱਖ ਅਧਿਆਪਕ ਵਾਲੇ ਸਾਰੇ ਕੰਮ ਉਹ ਕਰਨ ਲੱਗ ਪਏ ਸਨ। ਮਾਸਟਰ ਰਹਿਮਤ ਮਸੀਹ ਦੀ ਉਹਦੇ ਨਾਲ ਪਹਿਲਾਂ ਤੋਂ ਹੀ ਲੱਗਦੀ ਸੀ। ਉਹ ਪੈਨਸ਼ਨ ਦਾ ਕੇਸ ਤਿਆਰ ਕਰਨ 'ਚ ਦੇਰੀ ਕਰ ਰਿਹਾ ਸੀ। ਜੀ. ਪੀ. ਐਫ. ਦਾ ਕੇਸ ਤਿਆਰ ਕਰਨ 'ਚ ਜਿੰਨੀ ਦੇਰੀ ਕਰ ਸਕਿਆ ਉਸ ਨੇ ਕੀਤੀ ਸੀ। ਹੁਣ ਜੀ. ਪੀ. ਐਫ. ਕਲੀਅਰ ਕਰਨ 'ਚ ਵੀ ਦੇਰੀ ਕਰ ਰਿਹਾ ਸੀ। ਰਹਿਮਤ ਮੱਟੂ ਉਹਨੂੰ ਸਿੱਧਾ ਨਹੀਂ ਸੀ ਕਹਿੰਦਾ, ਕੰਮ ਕਰਨ ਨੂੰ ਸੁਨੇਹੇ ਭੇਜ ਰਿਹਾ ਸੀ। ਕਦੇ ਉਹ ਡੀ. ਓ. ਦਫ਼ਤਰ ਜਾਂਦਾ ਤੇ ਕਦੇ ਕਿਸੇ ਕਲਰਕ ਤੋਂ ਫੋਨ ਕਰਵਾਉਂਦਾ ਸੀ। ਇਕ ਵਾਰ ਦੋਵੇਂ ਡੀ. ਈ. ਓ. ਦੇ ਸਾਹਮਣੇ ਇਕੱਠੇ ਹੋ ਗਏ ਸਨ। ਡੀ. ਈ. ਓ. ਦੇ ਕਮਰੇ 'ਚ ਬੈਠਿਆਂ ਮਾਸਟਰ ਰਹਿਮਤ ਮਸੀਹ ਨੇ ਉਹਦੀ ਬੇਇੱਜਤੀ ਕਰ ਦਿੱਤੀ ਸੀ। ਉਹ ਵੀ ਵੱਟ ਖਾ ਗਿਆ ਸੀ। "ਲੈ ਹੁਣ ਮਾਸਟਰਾ ਕਰਵਾ ਲਈ ਜਿਹਦੇ ਕੋਲੋਂ ਕੰਮ ਕਰਵਾਉਣਾ ਹੈ।" ਕਹਿ ਕੇ ਜਗੀਰ ਸਿੰਘ ਸਕੂਟਰ ਸਟਾਰਟ ਕਰ ਕੇ ਤੁਰ ਪਿਆ ਸੀ। ਵੀਹ ਕੁ ਦਿਨਾਂ ਬਾਅਦ ਜੀ. ਪੀ. ਐਫ. 'ਚੋਂ ਮਾਸਟਰ ਦਾ ਚੈੱਕ ਆ ਗਿਆ ਸੀ। ਸੱਤ ਲੱਖ ਦਾ ਪਰ ਉਨ੍ਹਾਂ ਦਿੱਤਾ ਨਾ, ਕਿੰਨਾ ਚਿਰ ਸਕੂਲ ਪਿਆ ਰਿਹਾ। ਨਾ ਸੁਨੇਹਾ ਭੇਜਿਆ। ਦੋ ਮਹੀਨੇ ਬਾਅਦ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਮਾਸਟਰ ਰਹਿਮਤ ਮਸੀਹ ਲੈਣ ਨਹੀਂ ਆਇਆ। ਮਾਸਟਰ ਰਹਿਮਤ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ। ਉਹਨੇ ਦੂਜੇ ਦਿਨ ਅਖ਼ਬਾਰਾਂ 'ਚ ਖਬਰਾਂ ਲਗਵਾ ਦਿੱਤੀਆਂ। ਜਿਸ ਦਾ ਹੈਡੰਗ ਇਸ ਤਰ੍ਹਾਂ ਸੀ,"ਸਕੂਲ ਦੇ ਡੀ. ਡੀ. ਓ. 'ਤੇ ਮਾਸਟਰ ਰਹਿਮਤ ਮਸੀਹ ਨੂੰ ਖ਼ੱਜਲ-ਖ਼ੁਆਰ ਕਰਨ ਦਾ ਦੋਸ਼' ਜਿਸ 'ਚ ਲਿਖਿਆ ਗਿਆ ਸੀ ਕਿ ਮਾਸਟਰ ਰਹਿਮਤ ਮਸੀਹ ਮੱਟੂ ਦੇ ਜੀ. ਪੀ. ਐਫ਼. ਦਾ ਚੈੱਕ ਸਕੂਲ ਦੇ ਡੀ. ਡੀ.ਓ. ਜਗੀਰ ਸਿੰਘ ਨੇ ਨਿੱਜੀ ਰੰਜ਼ਸ ਕਰਕੇ ਦਿੱਤਾ ਨਹੀਂ। ਨਾ ਹੀ ਸੁਨੇਹਾ ਭੇਜਿਆ ਕਿ ਚੈੱਕ ਲੈ ਜਾਓ ਜੋ ਕਿ ਖਜ਼ਾਨਾ ਦਫ਼ਤਰ 'ਚ ਵਾਪਸ ਭੇਜ ਦਿੱਤਾ ਸੀ। ਸੰਬੰਧਤ ਸਿੱਖਿਆ ਅਧਿਕਾਰੀ ਨੂੰ ਮਾਸਟਰ ਰਹਿਮਤ ਮਸੀਹ ਮੱਟੂ ਨੂੰ ਇਨਸਾਫ ਦਿਵਾਉਣ ਲਈ ਕਿਹਾ ਗਿਆ। ਖ਼ਬਰ 'ਚ ਜਗੀਰ ਸਿੰਘ ਦੇ ਸਮੇਂ ਸਕੂਲ 'ਚ ਹੋ ਰਹੇ ਘਪਲਿਆਂ ਦਾ ਕੱਚਾ ਚਿੱਠਾ ਵੀ ਬਿਆਨ ਕੀਤਾ ਗਿਆ ਸੀ। ਇਹ ਵੀ ਦੱਸਿਆ ਗਿਆ ਕਿ ਕਿਵੇਂ ਜਾਅਲੀ ਬਿੱਲ ਬਣਾ ਬਣਾ ਕੇ

ਡੀ. ਡੀ . ਓ. ਪੈਸੇ ਹਜ਼ਮ ਕਰ ਰਿਹਾ ਹੈ ਵਗੈਰਾ ਵਗੈਰਾ। ਖਬਰ ਪੜ੍ਹ ਕੇ ਜਗੀਰ ਸਿੰਘ ਬੜਾ ਦੁਖੀ ਹੋਇਆ ਸੀ। ਉਹ ਪੱਤਰਕਾਰ ਅਤੇ ਅਖ਼ਬਾਰ ਦੇ ਦਫ਼ਤਰਾਂ ਮਗਰ ਭੱਜਾ ਫਿਰ ਰਿਹਾ ਸੀ। ਮਾਸਟਰ ਜਗੀਰ ਸਿੰਘ ਨੂੰ ਡੀ. ਈ. ਓ. ਦਫ਼ਤਰ ਵਾਲਿਆਂ ਨੇ ਸੱਦ ਲਿਆ ਸੀ। ਮਾਸਟਰ ਜਗੀਰ ਸਿੰਘ ਦਾ ਟੈਂਪਰ ਡੀ. ਈ. ਓ. ਨੇ ਪੰਜ ਮਿੰਟਾਂ 'ਚ ਲੂਜ਼ ਕਰ ਦਿੱਤਾ ਸੀ।

***ਗੱਲਾਂ***

ਮਾਸਟਰ ਰਹਿਮਤ ਮਸੀਹ ਜਦੋਂ ਮੈਨੂੰ ਪਿਛਲੇ ਬੁੱਧਵਾਰ ਮਿਲਿਆ ਸੀ ਅਸੀਂ ਗੱਲਾਂ ਕਰਨ ਲਈ ਪੈੱਗ ਲਾਉਣ ਦਾ ਬਹਾਨਾ ਬਣਾ ਲਿਆ ਸੀ। ਪਹਿਲਾ ਪੈੱਗ ਚੁੱਕਦਿਆਂ ਹੀ, ਮੈਂ ਉਹਨੂੰ ਪੁੱਛ ਬੈਠਾ ਸੀ, "ਕਿਓਂ ਮਾਸਟਰ ਜੀ ਤੁਹਾਡਾ ਮਸਲਾ ਹੱਲ ਹੋਇਆ।" ਅੱਗਿਓਂ ਮੁੱਛਾਂ ਵਾਲੇ ਚਿਹਰੇ 'ਤੇ ਗੰਭੀਰਤਾ ਲਿਆ ਕੇ ਉਹ ਬੋਲਿਆ ਸੀ,"ਦੇਖ ਬਈ ਭਰਾਵਾ ਜੀ. ਪੀ. ਐਫ. ਦਾ ਮਸਲਾ ਤਾਂ ਹੱਲ ਹੋ ਗਿਆ, ਚੈੱਕ ਮਿਲ ਗਿਆ ਸੀ। ਮਾਸਟਰ ਜਗੀਰ ਸਿੰਘ ਨੇ, ਚਪੜਾਸੀ ਜਾਗਰ ਸਿੱਧੂ ਦੇ ਹੱਥ ਘਰ ਹੀ ਚੈੱਕ ਭੇਜ ਦਿੰਦਾ ਸੀ। ਅੱਜ ਬਲੈਂਸ ਪੰਜ ਹਜ਼ਾਰ ਦਾ ਚੈੱਕ ਵੀ ਚਪੜਾਸੀ ਦੇ ਗਿਆ। ਹੁਣ ਪੈਨਸ਼ਨ ਦਾ ਕੇਸ ਅੜਿਆ ਹੋਇਆ ਹੈ। ਫਾਇਲ ਤਿਆਰ ਹੈ। ਡੀ. ਈ. ਓ. ਦਫ਼ਤਰ ਦੇ ਕਲਰਕ ਚਾਹ ਪਾਣੀ ਭਾਲਦੇ ਆ। ਐਵੇਂ ਗੇੜੇ ਮਰਵਾ ਰਹੇ ਹਨ। ਅਸੀ ਲੋਕਾਂ ਦੇ ਦਬਕੇ ਨਾਲ ਕੰਮ ਕਰਵਾਏ ਸਨ ਪਰ ਹੁਣ ਰੀਟਾਇਰ ਹੋ ਗਏ ਹਾਂ ਤਾਂ ਕੋਈ ਪੁੱਛਦਾ ਨਹੀਂ। "

"ਮਾਸਟਰ ਜੀ ਹੁਣ ਫੇ ਵਿਹਲਾ ਹੋ ਕੇ ਕੀ ਕਰ ਰਹੇ ਹੋ ? " ਮੈਂ ਇਕ ਦਿਨ ਪੁੱਛਿਆ ਤਾਂ ਉਹ ਅੱਗੋਂ ਮਾਣ ਨਾਲ ਕਹਿਣ ਲੱਗਾ ਸੀ, "ਦਰਸ਼ਨਾ ਆਪਾਂ ਵਾਲਮੀਕਿ ਸਭਾ ਦੇ ਜਨਰਲ ਸਕੱਤਰ ਬਣ ਗਏ ਹਾਂ। ਜਲੰਧਰ ਸਰਕਲ ਦੇ। ਆਪਣੀ ਕੌਮ ਲਈ ਲੜਾਈ ਲੜਾਂਗੇ। ਸਫ਼ਾਈ ਯੂਨੀਅਨ ਵੀ ਮੁੜ ਤੋਂ ਸਰਗਰਮ ਕਰ ਦਿੱਤੀ ਹੈ। ਕਾਰਪੋਰੇਸ਼ਨ ਦੇ ਸਾਰੇ ਆਪਣੇ ਭਰਾ ਭੈਣਾਂ ਆਪਣੀ ਕਦਰ ਕਰਦੇ ਹਨ। ਹੁਣ ਪੂਰਾ ਮਨ ਲਾ ਕੇ ਆਪਣੇ ਲੋਕਾਂ ਦੇ ਹੱਕਾਂ ਲਈ ਲੜਾਈ ਲੜਾਂਗੇ।"

"ਮਾਸਟਰ ਜੀ ਸਾਡੇ ਭਰਾ ਜੋ ਸਦੀਆਂ ਤੋਂ ਗੰਦ ਸਾਫ਼ ਕਰ ਰਹੇ ਹਨ, ਗਟਰ ਸਾਫ਼ ਕਰ ਰਹੇ ਹਨ, ਇਹਦੇ ਤੋਂ ਮੁਕਤ ਨਹੀਂ ਹੋ ਸਕਦੇ। ਅੱਜ ਲੋੜ ਹੈ ਬੀਬੀਆਂ ਭੈਣਾਂ ਦੇ ਹੱਥ 'ਚੋਂ ਝਾੜੂ ਦੀ ਥਾਂ ਕਾਪੀ-ਪੈੱਨ ਫੜਾਉਣ ਦੀ। ਜਦੋਂ ਬਾਪ ਬੁੱਢਾ ਹੋ ਜਾਂਦੈ ਹੈ ਤਾਂ ਉਹਦੀ ਥਾਂ ਉਹਦਾ ਮੁੰਡਾ ਝਾੜੂ ਫੇਰਨ ਲੱਗ ਜਾਂਦਾ, ਜਦੋਂ ਔਰਤ ਬਿਰਧ ਹੋ ਜਾਂਦੀ ਹੈ ਤਾਂ ਉਸਦੀ ਥਾਂ ਉਹਦੀ ਨੂੰਹ ਲੈ ਲੈਂਦੀ ਹੈ। ਇਹ ਪਿਤਾ ਪੁਰਖੀ ਕੰਮ ਕਦੋਂ ਕੁ ਤੱਕ ਚੱਲਦਾ ਰਹੇਗਾ ? "

"ਬਈ ਦਰਸ਼ਨਾ ਸਾਡੇ ਲੋਕਾਂ 'ਚ ਵਿਦਿਆ ਦੀ ਬਹੁਤ ਘਾਟ ਹੈ, ਕੋਈ ਪੜ੍ਹਨ ਲਈ ਵੀ ਤਿਆਰ ਨਹੀਂ। ਕੋਈ ਜਾਇਦਾਦ ਨਹੀਂ, ਗਰੀਬੀ ਹੈ ਸਮਝ ਨਹੀਂ, ਅਸੀਂ ਸਦੀਆਂ ਤੋਂ ਖੂਹ ਦੀ ਮੌਣ ਦੁਆਲੇ ਬਲਦ ਦੀ ਤਰ੍ਹਾਂ ਘੁੰਮੀ ਜਾਂਦੇ ਹਾਂ।" ਮੈਂ ਆਪਣਾ ਪੱਖ ਰੱਖਿਆ ਸੀ।

"ਦੇਖ ਮਾਸਟਰਾ ਸਾਡੀ ਕੌਮ ਨੂੰ ਕੋਈ ਵੱਡਾ ਨੇਤਾ ਨੀਂ ਮਿਲਿਆ। ਸਾਨੂੰ ਸ਼ਰਾਰਤੀ ਲੋਕ ਨਿੱਕੇ ਨਿੱਕੇ ਟੁਕੜਿਆਂ 'ਚ ਵੰਡਦੇ ਗਏ। ਲੈ ਤੂੰ ਆਪਣੀ ਹੀ ਗੱਲ ਲੈ ਲਾ ਦੂਰ ਕੀ ਜਾਣਾ। ਤੁਸੀਂ ਇਸਾਈਆਂ ਦੇ ਮਗਰ ਲੱਗ ਤੁਰੇ, ਵੱਢ ਖਾਣਿਆਂ ਦਾ ਟੱਬਰ ਜਿਹੜਾ ਸਾਰੀ ਉਮਰ ਲੰਬੜਾਂ ਦੇ ਖੇਤਾਂ ਵਿਚ ਕੰਮ ਕਰਦਾ ਆ ਰਿਹਾ ਹੈ, ਉਹ ਸਿੱਖੀ ਮਗਰ ਲੱਗ ਤੁਰੇ , ਉਨ੍ਹਾਂ ਦੇ ਟੱਬਰ ਨੇ ਸਿੱਖੀ ਸਰੂਪ ਧਾਰਨ ਕਰ ਲਿਆ, ਸਿੱਖੀ ਦੀ ਮੁੱਖ ਧਾਰਾ ਵਿਚ ਤਾਂ ਰਲ਼ੇ ਨਹੀਂ, ਮਜਬੀ ਸਿੱਖ ਬਣ ਗਏ ... ਇਹ ਕੀ ਗੱਲ ਹੋਈ ਬਈ ਤੁਸੀਂ ਹੋ ਤਾਂ ਸਿੱਖ ਹੀ ਪਰ ਸਾਡੇ ਵਰਗੇ ਨਹੀਂ, ਸਾਡੇ ਤੋਂ ਥੱਲੇ ਦੇ ਮਜ਼ਬੀ ਸਿੱਖ ਹੋ ? ਤੇ



ਇਨ੍ਹਾਂ ਬ੍ਰਾਹਮਣਾਂ ਨੇ ਸਾਨੂੰ ਵਾਲਮੀਕਿ ਬਣਾ ਦਿੱਤਾ, ਅਖੇ ਹੈ ਤੁਸੀਂ ਹਿੰਦੂ ਓ ਪਰ ਹੈ ਸਾਡੇ ਤੋਂ ਨੀਵੇਂ, ਵਾਲਮੀਕਾਂ ਨੇ ਸਾਡੇ ਸਿਰ 'ਤੇ ਰਿਸ਼ੀ ਵਾਲਮੀਕਿ ਬਿਠਾ ਦਿੱਤਾ। ਬੜੀਆਂ ਡੂੰਘੀਆਂ ਗੱਲਾਂ ਹਨ... ਹਜ਼ਾਰਾਂ ਸਾਲ ਪਹਿਲਾਂ ਦੀਆਂ ਗੱਲਾਂ ਹਨ। ਮਾਸਟਰਾਂ ਅਸੀਂ ਮੁੱਢ ਤੋਂ ਭੰਗੀ ਚੱਲੇ ਆ ਰਹੇ ਹਾਂ। ਮਹਾਤਮਾ ਬੁੱਧ ਆਇਆ। ਅਸੀਂ ਬੋਧੀ ਬਣ ਗਏ। ਫਿਰ ਸਾਲਾਂ ਬਾਅਦ ਕੁਝ ਲੋਕਾਂ ਨੇ ਸਾਨੂੰ ਵਾਲਮੀਕਿ ਬਣਾ ਦਿੱਤਾ, ਗਰੀਬ ਸੀ, ਭੁੱਖੇ ਸੀ, ਜਿਹਨੇ ਸਾਨੂੰ ਬੁਰਕੀ ਦਿਖਾਈ ਅਸੀਂ ਉਹਦੇ ਮਗਰ ਲੱਗ ਤੁਰੇ। ਜੇ ਕੋਈ ਲਾਲਚ ਦਿੰਦਾ ਹੈ, ਕੋਈ ਚੰਗੀ ਚੀਜ਼ ਦਿਖਾਉਂਦਾ ਹੈ, ਅਸੀਂ ਉਹਦੇ ਮਗਰ ਲੱਗ ਤੁਰਦੇ ਹਾਂ। ਤੇ ਮਾਸਟਰਾ ਅੱਜ ਸਾਡਾ ਕੀ ਹਾਲ ਹੈ। ਅਸੀਂ ਮਸੀਹ ਬਣ ਬਣ ਕੇ... ਪੱਗਾਂ ਦਾੜ੍ਹੀ ਰੱਖ ਰੱਖ ਕੇ ਜਿਨ੍ਹਾਂ ਮਰਜੀ ਲੁਕੀ ਜਾਈਏ ਦੂਜਾ ਬੰਦਾ 'ਹੈ ਤਾਂ ਚੂਹੜਾ ਹੀ' ਕਹਿ ਕੇ ਸਾਨੂੰ ਮਿੱਟੀ ਕਰ ਜਾਂਦੈ। ਜੇ ਮੈਂ ਗਲਤ ਹਾਂ ਤਾਂ ਬੋਲ ? ਡਾਕਟਰ ਅੰਬੇਡਕਰ ਨੇ ਸਾਨੂੰ ਸਭ ਨੂੰ ਇੱਕਠੇ ਕਰਨ ਦੀ ਕੋਸ਼ਿਸ਼ ਕੀਤੀ, ਬੋਧੀ ਬਣਨ ਲਈ ਕਿਹਾ ਪਰ ਅਸੀਂ ਉਸ ਦੇ ਮਗਰ ਨੀਂ ਲੱਗੇ।" ਕਾਫੀ ਦੇਰ ਤੋਂ ਮੈਂ ਆਪਣੀ ਮਨ ਦੀ ਭੜਾਸ ਦੱਬੀ ਬੈਠਾ ਸੀ।

"ਦੇਖ ਬਈ, ਤੇਰੀ ਗੱਲ ਹੈ ਠੀਕ, ਲੀਹ ਜੋ ਚੱਲੀ ਆਉਂਦੀ ਹੈ। ਚੱਲਦੀ ਰਹਿਣੀ ਹੈ। ਲੀਹ ਨੂੰ ਪਾੜਨਾ ਬਹੁਤ ਔਖਾ। ਮੈਂ ਆਪਣੇ ਨਾਂ ਨਾਲ ਮਸੀਹ ਭਾਵੇਂ ਲਗਾਇਆ ਹੋਇਆ ਹੈ ਮੇਰਾ ਪਿਓ ਜ਼ਰੂਰ ਇਸਾਈ ਸੀ। ਮੈਂ ਤਾਂ ਨੌਕਰੀ 'ਚ ਸਾਰੇ ਲਾਭ ਵਾਲਮੀਕਿ ਬਣ ਕੇ ਲਏ ਹਨ। ਅੰਦਰੋਂ ਮੈਂ ਵਾਲਮੀਕਿ ਹੀ ਹਾਂ। ਪਿਓ ਨੇ ਨਾਂ ਲਿਖਵਾ ਦਿੱਤਾ ਰਹਿਮਤ ਮਸੀਹ ਮੱਟੂ ਉਹ ਚੱਲੀ ਆਉਂਦਾ ਹੈ। ਹੁਣ ਜੁੜ ਗਿਆ ਹੈ ਲਾਹ ਨਹੀਂ ਸਕਦੇ। ਤੂੰ ਮੇਰੇ ਨਿਆਣੇ ਦੇਖ ਲੈ ਕਿਸੇ ਨੇ ਵੀ ਮਸੀਹ ਨਹੀਂ ਲਾਇਆ। ਸਾਰੇ ਮੱਟੂ ਲਿਖਦੇ ਆ, ਛੋਟਾ ਮਨਜ਼ੂਰ ਦੇਖ ਲੈ, ਉਹਨੇ ਪਿਛਲੇ ਮਹੀਨੇ ਨਵਾਂ ਸਪਲੈਂਡਰ ਮੋਟਰ ਸਾਈਕਲ ਲਿਆ ਹੈੱਡ ਲਾਇਟ ਦੇ ਉਪਰ ਵੱਡਾ ਸਾਰਾ ਲਾਲ ਟੇਪ ਨਾਲ ਅੰਗਰੇਜ਼ੀ ਵਿਚ 'ਵੀ' ਲਿਖਵਾ ਲਿਆ। ਉਹਦੀ ਮਾਂ ਨੇ ਜਦੋਂ ਬੁਰਾ ਮੰਨਾਇਆ ਤਾਂ ਅੱਗੋਂ ਉਹ ਕਹਿੰਦਾ ਜੇ ਜੱਟਾਂ ਦੇ ਮੁੰਡੇ 'ਸਿੰਘ ਇਜ ਕਿੰਗ' ਲਿਖਵਾ ਸਕਦੇ ਆ ਤਾਂ ਅਸੀਂ 'ਵੀ' ਫਾਰ ਵਾਲਮੀਕਿ ਕਿਉਂ ਨਹੀਂ ? " ਮਾਸਟਰ ਨੇ ਲੰਮਾ ਸੂਟਾ ਖਿਚਦਿਆਂ ਆਪਣਾ ਪੱਖ ਰੱਖਿਆ ਸੀ।

"ਦੇਖ ਮਾਸਟਰਾ ਅਸੀਂ ਸਦੀਆਂ ਤੋਂ ਭੰਗੀ ਚੱਲੇ ਆਏ ਹਾਂ, ਤੇ ਭੰਗੀ ਹੀ ਰਹਿਣਾ ਹੈ। ਚਾਹੇ ਜਿੰਨੇ ਮਰਜੀ ਨਵੇਂ ਨਵੇਂ ਨਾਵਾਂ ਦੇ ਮਖੌਟੇ ਪਾ ਲਈਏ। ਅਸੀਂ ਤਾਂ ਮਾਸਟਰਾਂ ਸਮਾਜ ਦਾ ਭੰਗ ਕੀਤਾ ਹੋਇਆ ਅੰਗ ਹਾਂ। " ਮੈਂ ਸ਼ਾਇਦ ਭਾਵੁਕ ਹੋ ਗਿਆ ਸੀ। ਜਾਂ ਮੈਨੂੰ ਦਾਰੂ ਚੜ੍ਹ ਗਈ ਸੀ।

ਅਸੀਂ ਜਦੋਂ ਟੱਕਰਦੇ ਸੀ ਤਾਂ ਆਪਣੀ-ਆਪਣੀ ਭੜਾਸ ਕੱਢ ਲੈਂਦੇ ਸੀ।

***ਅੰਤਿਕਾ-1***

ਨੀਲੇ ਰੰਗ ਦੀ ਫਾਇਲ ਦੇ ਫੋਟੋਸਟੇਟ ਕੀਤੇ ਪੇਪਰ ਮੈਂ ਦੋ-ਚਾਰ ਹੀ ਵਿਚੋਂ ਵਿਚੋਂ ਪੜ੍ਹੇ ਸਨ। ਫੇਰ ਮੇਰਾ ਮਨ ਨਾ ਕੀਤਾ। ਫਾਇਲ ਬੰਦ ਕਰਕੇ ਇਕ ਪਾਸੇ ਰੱਖ ਕੇ ਮੈਂ ਮਾਸਟਰ ਬਾਰੇ ਸੋਚਣ ਲੱਗ ਪਿਆ ਸੀ। ਸਾਰੀਆਂ ਗੱਲਾਂ ਮੇਰੀਆਂ ਅੱਖਾਂ ਅੱਗੇ ਆਉਣ ਲੱਗ ਪਈਆਂ ਸਨ। ... ਮਾਸਟਰ ਰਹਿਮਤ ਮਸੀਹ ਵੀ ਹੁਣ ਕਰੀਮੀ ਲੇਅਰ ਵਿਚ ਆ ਗਿਆ ਸੀ। ਦੇਖ ਲਓ ਉਹਦੀ ਲੜਕੀ ਰੋਬਿਨ ਮੱਟੂ ਹਾਕੀ ਦੀ ਚੰਗੀ ਖਿਡਾਰਨ ਬਣ ਗਈ ਸੀ। ਫੇਰ ਜੀ ਉਹਨੂੰ ਨੌਕਰੀ ਮਿਲ ਗਈ ਤੇ ਮਾਸਟਰ ਨੂੰ ਕੈਨੇਡਾ ਤੋਂ ਆਇਆ ਮੁੰਡਾ ਮਿਲ ਗਿਆ। ਦੂਰੋਂ ਉਨ੍ਹਾਂ ਦੀ ਰਿਸ਼ਤੇਦਾਰੀ ਵਿਚੋਂ ਸੀ। ਉਹ ਬਾਹਰ ਚਲੇ ਗਈ। ਛੋਟਾ ਮੁੰਡਾ ਮਨਜ਼ੂਰ ਮੱਟੂ ਕੰਪਿਊਟਰ ਦਾ ਕੋਈ ਕੋਰਸ ਕਰ ਰਿਹਾ। ਘਰ ਵਾਲੀ ਸ਼ਾਂਤੀ ਦੇਵੀ ਅੱਜ ਕਲ੍ਹ ਸਿੱਖਿਆ

ਵਿਭਾਗ 'ਚ ਅਫ਼ਸਰ ਬਣ ਗਈ ਹੈ। ਕਹਿੰਦੇ ਬੀ. ਈ. ਓ. ਲੱਗ ਗਈ ਹੈ। ਮਾਸਟਰ ਨੂੰ ਰੀਟਾਇਰਮੈਂਟ ਤੋਂ ਬਾਅਦ ਸੱਤ-ਅੱਠ ਲੱਖ ਰੁਪਏ ਮਿਲਿਆ ਹੋਵੇਗਾ। ਦੋ ਮੰਜਲਾਂ ਕੋਠੀ ਪਾ ਲਈ ਹੈ। ਤਾਂ ਹੀ ਉਹਨੂੰ ਸਮਾਜ ਨੂੰ ਸੁਧਾਰਨ ਦੀਆਂ ਗੱਲਾਂ ਆਉਂਦੀਆਂ ਹਨ। ਜੇ ਉਹਦਾ ਹਾਲ ਭਰਾ ਪੀਟਰ ਲਾਲ ਵਾਲਾ ਹੁੰਦਾ ਤਾਂ ਉਹ ਇਹ ਗੱਲਾਂ ਸੋਚ ਵੀ ਨਹੀਂ ਸਕਦਾ। ਉਹੀ ਪੀਟਰ ਜਿਹੜਾ ਸਾਰੀ ਉਮਰ ਕਾਰਪੋਰੇਸ਼ਨ ਵਿਚ ਗੰਦ ਚੁੱਕਦਾ ਰਿਹਾ ਫਿਰ ਜਦੋਂ ਬੁੱਢਾ ਹੋ ਗਿਆ ਤੇ ਉਹਨੇ ਆਪਣਾ ਮੁੰਡਾ ਆਪਣੀ ਜਗ੍ਹਾ ਲਗਵਾ ਦਿੱਤਾ। ਹੁਣ ਉਹ ਗੰਦ ਚੁੱਕਣ ਵਾਲੀ ਗੱਡੀ ਚਲਾਉਂਦਾ ਹੈ। ਉਹਦਾ ਦੂਜਾ ਮੁੰਡਾ ਸੀਵਰੇਜ਼ ਵਿਭਾਗ 'ਚ ਬੰਦ ਹੋਏ ਗਟਰਾਂ 'ਚੋਂ ਗਾਰ ਕੱਢਣ ਦੀ ਮਸ਼ੀਨ ਚਲਾਉਂਦਾ ਹੈ। ਫੇਰ ਅੱਗੇ ਉਨ੍ਹਾਂ ਦੇ ਨਿਆਣੇ ਵੀ ਇਹੀ ਕੰਮ ਕਰਨਗੇ। ਤੇ ਮਾਸਟਰ ਦੇ ਨਿਆਣੇ ਦੇਖ ਲਓ। ਜਿਹੜੀ ਲੜਕੀ ਕੈਨੇਡਾ ਗਈ ਹੈ ਉਹਦੇ ਹੁਣ ਜੋ ਉਧਰ ਨਿਆਣੇ ਹੋਣਗੇ ਉਹ ਤਾਂ ਅੰਗਰੇਜ਼ ਹੋਣਗੇ, ਕਾਲੇ ਅੰਗਰੇਜ਼। ਉਨ੍ਹਾਂ ਨੂੰ ਕੀ ਅਹਿਸਾਸ ਹੋਵੇਗਾ ਗੰਦ ਚੁੱਕਣ ਦਾ। ਤੇ ਮੁੰਡਾ ਕੋਈ ਅਫ਼ਸਰ ਲੱਗ ਜਾਵੇਗਾ। ਮਾਸਟਰ ਦੀ ਬਥੇਰੀ ਜਾਣ-ਪਛਾਣ ਹੈ। ਮੰਤਰੀਆਂ ਨਾਲ ਉਠਣੀ ਬੈਠਣੀ ਹੈ। ਲੀਡਰੀ ਵੀ ਪੈਸੇ ਨਾਲ ਹੁੰਦੀ ਹੈ। ਹੁਣ ਪੀਟਰ ਲਾਲ ਕੀ ਲੀਡਰੀ ਕਰੇਗਾ। ਉਹਦੇ ਕੋਲ ਤੀਹਾਂ ਸਾਲਾਂ ਵਿਚ ਦੋ ਕਮਰੇ ਹੀ ਪਏ ਹਨ, ਜਾਂ ਉਹਨੇ ਤਿੰਨ ਕੁੜੀਆਂ ਦੇ ਵਿਆਹ ਕੀਤਾ ਹਨ। ਮੈਂ ਕੰਮ ਕਰ ਸਕਦਾ ਹਾਂ ਲੀਡਰੀ ਨਹੀਂ ਕਰ ਸਕਦਾ।

***ਅੰਤਿਕਾ-2***

ਲੈ ਹੋਰ ਸੁਣ ਲਓ। ਮੈਨੂੰ ਕਲ੍ਹ ਹੀ ਮਾਸਟਰ ਰਹਿਮਤ ਮਸੀਹ ਦੇ ਵੱਡੇ ਮੁੰਡੇ ਥੋਮਿਸ ਬਾਰੇ ਪਤਾ ਲੱਗਾ ਹੈ ਜਿਹੜਾ ਇੰਜੀਨੀਰਿੰਗ ਕਰਕੇ ਚੰਡੀਗੜ੍ਹ ਨੌਕਰੀ ਕਰਦਾ ਹੈ। ਸਾਡੇ ਮੁਹੱਲੇ ਦਾ ਜਾਗਰ ਸਿੱਧੂ ਚਪੜਾਸੀ ਦੱਸ ਰਿਹਾ ਸੀ, "ਲੈ ਦਰਸ਼ਨਾ ਕਹਿੰਦੇ ਮਾਸਟਰ ਦੇ ਮੁੰਡੇ ਨੇ ਚੰਡੀਗੜ੍ਹ ਆਪਣੇ ਨਾਲ ਹੀ ਨੌਕਰੀ ਕਰਦੀ ਬਾਹਮਣਾਂ ਦੀ ਕੁੜੀ ਨਾਲ ਅਦਾਲਤ ਵਿਚ ਜਾ ਕੇ ਕੋਰਟ ਮੈਰਿਜ਼ ਕਰਵਾ ਲਈ। ਕਹਿੰਦੇ ਕੁੜੀ ਦੇ ਘਰ ਦੇ ਇਸ ਗੱਲ ਦੇ ਖਿਲਾਫ਼ ਐ। ਉਨ੍ਹਾਂ ਪੁਲਿਸ ਉਨ੍ਹਾਂ 'ਤੇ ਚੜ੍ਹਾ ਦਿੱਤੀ ਸੀ। ਫੇ ਜੀ ਕਹਿੰਦੇ ਉਹ ਕਿਤੇ ਦਿੱਲੀ ਦੱਖਣ ਵੱਲ ਨੱਠ ਗਏ। ਅਜੇ ਵੀ ਲੁਕੇ ਹੋਏ ਆ। ਕੁੜੀ ਤਾਂ ਕਹਿੰਦੇ ਹੱਥ ਲਾਇਆਂ ਮੈਲੀ ਹੁੰਦੀ ਆ। ਭਾਈ ਐਹੋ ਜਿਹੇ ਕੰਮ ਵੀ ਹੋਣ ਲੱਗ ਪਏ ਆ।"

ਮੈਂ ਕਿਹਾ ਸੀ, "ਇਹਦੇ 'ਚ ਮਾੜਾ ਹੀ ਕੀ ਐ, ਇਹ ਥੋਮਿਸ ਨੇ ਬਹੁਤ ਚੰਗਾ ਕਦਮ ਚੁੱਕਿਆ ਹੈ। ਅੰਬੇਡਕਰ ਵਰਗਾ। ਉਹਨੇ ਵੀ ਉੱਚ ਜਾਤੀ ਦੀ ਲੜਕੀ ਨਾਲ ਵਿਆਹ ਕਰਵਾ ਕੇ ਜਾਤੀ ਤੋੜਨ ਦੀ ਗੱਲ ਕੀਤੀ ਸੀ। ਹੁਣ ਮਾਸਟਰ ਦੇ ਮੁੰਡੇ ਨੇ ਇਹ ਗੱਲ ਕੀਤੀ ਹੈ, ਮੈਨੂੰ ਤਾਂ ਬਈ ਖੁਸ਼ੀ ਮਿਲੀ ਹੈ। ਐਵੇਂ ਡਰਨ ਦੀ ਕੋਈ ਗੱਲ ਨਹੀਂ, ਕੁੜੀ ਵਾਲੇ ਕੁਝ ਨੀ ਕਰ ਸਕਦੇ। ਦੋ ਚਾਰ ਦਿਨ ਰੌਲੀ ਪੈਣੀ ਹੈ ਫਿਰ ਸਭ ਠੀਕ ਹੋ ਜਾਣਾ।"

"ਦਰਸ਼ਨਾ ਵਿਆਹ ਕਰਵਾਉਣ ਨਾਲ ਨੀਂ ਏਥੇ ਜਾਤਾਂ ਟੁੱਟਣੀਆਂ।"

ਤੇ ਜਾਗਰ ਸਿੱਧੂ ਸਕੂਲ ਦੀ ਸਫ਼ਾਈ ਕਰਨ ਜਾਣ ਲਈ ਬੌਕਰ ਚੁੱਕ ਤੁਰ ਪਿਆ ਸੀ। ਮੈਂ ਸੋਚਾਂ ਵਿਚ ਪੈ ਗਿਆ ਸੀ। ਮੈਂ ਮਾਸਟਰ ਦੇ ਮੁੰਡੇ ਬਾਰੇ ਸੋਚਣ ਲੱਗ ਪਿਆ ਸੀ। ਖਬਰੇ ਉਹਨੇ ਜਾਤ ਲਕੋ ਕੇ ਹੀ ਕੁੜੀ ਨਾਲ ਵਿਆਹ ਕਰਵਾਇਆ ਹੋਵੇ। ਜੇ ਪਤਾ ਵੀ ਹੋਵੇ ਤਾਂ ਭਾਈ ਕੁੜੀ ਵੀ ਵਾਲਮੀਕਿ ਹੀ ਬਣੂ। ਅੱਗੇ ਉਨ੍ਹਾਂ ਦੇ ਜੋ ਨਿਆਣੇ ਹੋਣਗੇ ਉਹ ਵੀ ਵਾਲਮੀਕਿ ਹੀ ਬਣਨਗੇ। ਲੰਬੜਾਂ ਦਾ ਮੁੰਡਾ ਕੇਸਰ ਸਿੰਘ ਦੇਖ ਲਓ। ਉਹਨੇ ਵੀ ਚਮਾਰਾਂ ਦੀ ਕੁੜੀ ਨਾਲ ਵਿਆਹ ਕਰਵਾਇਆ ਸੀ। ਉਹਦੇ ਨਿਆਣੇ ਹੋ ਗਏ। ਹੁਣ ਉਨ੍ਹਾਂ ਦੇ ਨਿਆਣੇ ਚਮਾਰ ਥੋੜ੍ਹਾ ਰਹੇ ਨੇ। ਕੁੜੀ ਵੀ ਜੱਟੀ ਬਣ ਗਈ ਤੇ ਨਿਆਣੇ ਵੀ। ਔਰਤ ਦੀ ਤਾਂ ਸਾਡੇ ਸਮਾਜ ਵਿਚ ਕੋਈ ਜਾਤ ਹੀ ਨਹੀਂ ਹੈ। ਫਿਰ ਮੈਂ ਸੋਚਦਾ ਹਾਂ ਮੈਂ ਰਹਿਮਤ ਮਸੀਹ ਮੱਟੂ ਨੂੰ ਮਿਲਣ ਉਹਦੇ ਘਰ ਜਾਵਾਂ ਅਤੇ ਉਹਦੇ ਕਾਗ਼ਜ-ਪੱਤਰਾਂ ਦਾ ਲਿਫ਼ਾਫ਼ਾ ਅਤੇ ਨੀਲੇ ਰੰਗ ਦੀ ਆਹ ਫਾਇਲ ਦੇ ਆਵਾਂ ਜੋ ਉਹ ਮੇਰੇ ਕੋਲ ਭੁੱਲ ਗਿਆ ਸੀ। ਉਹਨੇ ਡੀ. ਈ. ਓ. ਦਫ਼ਤਰ ਜਾਣਾ ਹੋਵੇਗਾ। ਪਰ ਮੈਂ ਅਜੇ ਮਨ ਬਣਾ ਹੀ ਰਿਹਾ ਹਾਂ।



## ਕਲੀਨ ਫੇਸ/ਅਨੇਮਨ ਸਿੰਘ

ਰਵੀਸ਼ਾ ਮੇਰੇ ਨਾਲ ਨਰਾਜ਼ ਹੈ।

ਮੈਨੂੰ ਸਮਝ ਨਹੀਂ ਆ ਰਹੀ ਕਿ ਮੈਂ ਉਸ ਦੀ ਨਰਾਜ਼ਗੀ ਨੂੰ ਦੂਰ ਕਿਵੇਂ ਕਰਾਂ ? ਆਖਰ ਮੈਂ ਉਸ ਦੀ ਮਾਂ ਹਾਂ। ਜੋ ਕੁਝ ਕਰਾਂਗੀ, ਉਹ ਉਸ ਦੀ ਖ਼ੁਸ਼ੀ ਖਾਤਰ ਹੀ ਤਾਂ ਕਰਾਂਗੀ। ਪਤਾ ਨਹੀਂ ਕਿਉਂ ਉਹ ਮੈਨੂੰ ਸਮਝ ਨਹੀਂ ਰਹੀ। ਹੁਣ ਮੈਂ ਉਸ ਨੂੰ ਸਮਝਾਵਾਂ ਵੀ ਤਾਂ ਕਿਵੇਂ ? ਉਹ ਮੇਰੇ ਨਾਲ ਬੋਲ ਨਹੀਂ ਰਹੀ। ਪਿਛਲੇ ਦੋ-ਤਿੰਨ ਦਿਨ ਤੋਂ ਫੋਨ ਉਵੇਂ ਪਿਆ ਹੈ। ਕੋਈ ਕਾਲ ਹੀ ਨਹੀਂ ਆਈ। ਅੱਗੇ ਰਵੀਸ਼ਾ ਹਰ ਰੋਜ਼ ਫੋਨ ਕਰ ਦਿੰਦੀ ਸੀ ਪਰ....ਹੁਣ.........।

ਰਵੀਸ਼ਾ ਦੀ ਨਰਾਜ਼ਗੀ ਮੈਨੂੰ ਬਹੁਤ ਬੇਚੈਨ ਕਰ ਰਹੀ ਹੈ। ਉਹ ਮੇਰੀ ਹਾਲਤ ਵੱਲ ਬਿਲਕੁਲ ਹੀ ਧਿਆਨ ਨਹੀਂ ਦੇ ਰਹੀ। ਮੈਂ ਮੰਨਦੀ ਹਾਂ ਕਿ ਅਚਾਨਕ ਉਸ ਦੀ ਗੱਲ ਤੋਂ ਮੁਕਰ ਜਾਣ 'ਚ ਮੇਰਾ ਵੀ ਕਸੂਰ ਹੋਵੇਗਾ। ਪਰ ਉਸ ਦੀ ਜ਼ਿੱਦ ਵੀ ਤਾਂ ਠੀਕ ਨਹੀਂ ਹੈ। ਕੀ ਮਾਵਾਂ ਨੂੰ ਇੰਨਾ ਵੀ ਹੱਕ ਨਹੀਂ ਕਿ ਉਹ ਧੀਆਂ ਦੇ ਚੰਗੇ-ਮਾੜ੍ਹੇ ਪੱਖ ਬਾਰੇ ਸੋਚਣ ?

ਰਵੀਸ਼ਾ ਮੇਰੀ ਬੇਟੀ ਹੈ। ਚੰਡੀਗੜ੍ਹ 'ਚ ਸਟਾਫ਼ ਨਰਸਿੰਗ ਦਾ ਡਿਪਲੋਮਾ ਕਰ ਕੇ ਹੁਣ ਉੱਥੇ ਹੀ ਕਿਸੇ ਪ੍ਰਾਈਵੇਟ ਨਰਸਿੰਗ ਹੋਮ 'ਚ ਨੌਕਰੀ ਕਰ ਰਹੀ ਹੈ। ਮੈਂ ਉਸ ਦੇ ਇਸ ਫੈਸਲੇ ਦਾ ਵੀ ਬੁਰਾ ਨਹੀਂ ਮਨਾਇਆ। ਆਖਰ ਉਸ ਤੋਂ ਸਿਵਾ ਮੇਰਾ ਹੈ ਹੀ ਕੌਣ ?

ਜਦੋਂ ਦੇ ਇਸ ਦੇ ਡੈਡੀ ਤੁਰ ਗਏ ਹਨ, ਉਦੋਂ ਤੋਂ ਹੀ ਇਕੱਲੀ ਇਸ ਦੀ ਸੰਭਾਲ ਕਰਦੀ ਆ ਰਹੀ ਹਾਂ। ਰਵੀਸ਼ਾ ਨੂੰ ਤਾਂ ਉਦੋਂ ਕੋਈ ਸੋਝੀ ਹੀ ਨਹੀਂ ਸੀ। ਛੇ ਕੁ ਸਾਲਾਂ ਦੀ ਸੀ ਮਸਾਂ। ਸਟਾਫ਼ ਨਰਸਿੰਗ ਦਾ ਡਿਪਲੋਮਾ ਕਰਨਾ ਵੀ ਇਸੇ ਦੀ ਇੱਛਾ ਸੀ। ਇਸ ਦੇ ਮਨ 'ਤੇ ਉਸ ਵਕਤ ਫਲੋਰੈਂਸ ਨਾਈਟਿੰਗੇਲ ਦੀ ਜੀਵਨੀ ਛਾਈ ਹੋਈ ਸੀ। ਅਖੇ, "ਮੰਮੀ...ਮੈਂ ਬਹੁਤ ਸੋਚਿਐ......ਲੋਕਾਂ ਦੀ ਭਲਾਈ.....ਉਨ੍ਹਾਂ ਦੇ ਦੁੱਖ ਨੂੰ ਸੁੱਖ 'ਚ ਤਬਦੀਲ ਕਰਨਾ.....ਔਖੇ ਸਮੇਂ ਉਨ੍ਹਾਂ ਦੀ ਮੱਦਦ ਕਰਨੀ....ਇਹ ਕੰਮ ਇਕ ਨਰਸ ਹੀ ਸੇਵਾ ਭਾਵਨਾ ਨਾਲ ਕਰ ਸਕਦੀ ਹੈ......ਮੰਮੀ ਮੈਂ ਤਾਂ ਇਹੋ ਡਿਪਲੋਮਾ ਕਰਾਂਗੀ!"

ਮੈਂ ਵੀ ਹਾਂ ਕਰ ਦਿੱਤੀ ਸੀ। ਮੈਨੂੰ ਵੀ ਚੰਗਾ ਲੱਗਾ ਸੀ, ਉਸਦਾ ਇਹ ਕਦਮ। ਉਂਜ ਮਨ ਭਾਵੇਂ ਇਹ ਸੋਚ ਕੇ ਉਦਾਸ ਵੀ ਹੋਇਆ ਸੀ ਕਿ ਜੇ ਰਵੀਸ਼ਾ ਮੇਰੇ ਕੋਲੋਂ ਦੂਰ ਚਲੀ ਜਾਏਗੀ ਤਾਂ ਮੈਂ ਇੱਥੇ ਕਿਵੇਂ ਤੇ ਕਿਸ ਦੇ ਸਹਾਰੇ ਰਹਾਂਗੀ।

ਪਰ ਫਿਰ ਸੋਚਿਆ ਕਿ ਰਵੀਸ਼ਾ ਨੇ ਸਦਾ ਤਾਂ ਉਂਜ ਵੀ ਮੇਰੇ ਕੋਲ ਰਹਿਣਾ ਨਹੀਂ। ਆਖਰ ਤਾਂ ਉਸ ਨੇ ਆਪਣੇ ਘਰ ਚਲੇ ਹੀ ਜਾਣਾ ਹੈ। ਪੇਕਾ ਘਰ ਤਾਂ ਕੁੜੀਆਂ ਲਈ ਉਂਜ ਵੀ ਬੇਗਾਨਾ ਹੀ ਹੁੰਦਾ ਹੈ।

ਦੋ ਕੁ ਦਿਨ ਪਹਿਲਾਂ ਉਹ ਮੈਨੂੰ ਮਿਲਣ ਲਈ ਆਈ ਸੀ। ਮੈਨੂੰ ਮਿਲਣਾ ਤਾਂ ਉਸ ਦੀ ਨਰਾਜ਼ਗੀ ਤੋਂ ਹੀ ਜ਼ਾਹਿਰ ਹੋ ਗਿਆ ਕਿ ਬਹਾਨਾ ਹੀ ਸੀ। ਅਸਲ 'ਚ ਤਾਂ ਉਹ ਆਪਣੇ ਫੈਸਲੇ ਨੂੰ ਸੁਣਾਉਣ ਲਈ ਮੇਰੇ ਕੋਲ ਆਈ ਸੀ ਤੇ ਜਦੋਂ ਮੈਂ ਨਾਂਹ ਕਰ ਦਿੱਤੀ ਤਾਂ ਨਰਾਜ਼ ਹੋ ਵਾਪਸ ਪਰਤ ਗਈ।

ਮੈਂ ਉਸ ਦੀ ਹਾਮੀ ਭਰਦੀ ਵੀ ਤਾਂ ਕਿਵੇਂ ਭਰਦੀ। ਉਸ ਨੂੰ ਤਾਂ ਮੇਰੀ ਹਾਂ ਨਾਲ ਹੀ ਵਾਸਤਾ ਹੈ ਪਰ ਮੈਨੂੰ ਤਾਂ ਉਸ ਦੇ ਭਵਿੱਖ ਦੀ ਹੀ ਚਿੰਤਾ ਹੋਣ ਲੱਗ ਪਈ ਹੈ। ਉਹ ਇਕ ਰਾਤ ਇੱਥੇ ਰਹੀ ਵੀ। ਮੇਰੇ ਨਾਲ ਬੋਲੀ ਨਹੀਂ। ਕੁਝ ਖਾਧਾ-ਪੀਤਾ ਵੀ ਨਹੀਂ। ਮੈਨੂੰ ਉਸ ਦਾ ਇਹ ਵਿਹਾਰ ਚੰਗਾ ਨਾ ਲੱਗਾ। ਅੱਗੇ ਵੀ ਉਸ ਨੇ ਕਈ ਵਾਰ ਛੋਟੀ-ਮੋਟੀ ਗੱਲ ਨੂੰ ਲੈ ਕੇ ਭੁੱਖੇ ਰਹਿਣ ਦਾ ਯਤਨ ਕੀਤਾ ਸੀ ਪਰ ਉਦੋਂ ਮੇਰੇ ਤੋਂ ਉਸ ਦਾ ਇਸ ਤਰ੍ਹਾਂ ਭੁੱਖੇ ਰਹਿਣਾ ਝੱਲਿਆ ਨਾ ਜਾਂਦਾ ਤੇ ਮੈਂ ਝੱਟ ਹਾਂ ਕਰ ਦਿੰਦੀ ਸਾਂ।

ਪਰ ਇਸ ਵਾਰ ਮੇਰੇ ਤੋਂ ਵੀ ਇਸ ਤਰ੍ਹਾਂ ਨਾ ਹੋ ਸਕਿਆ। ਮੈਂ ਮੰਨਦੀ ਹਾਂ ਕਿ ਮਨਿਕ ਚੰਗਾ

ਮੁੰਡਾ ਹੋਵੇਗਾ ਪਰ ਤਸਵੀਰ 'ਚ ਤਾਂ……. ?

ਪੁੜਪੁੜੀਆਂ 'ਚੋਂ ਤਰਾਟ ਨਿਕਲ ਕੇ ਸਾਰੇ ਸਿਰ ਨੂੰ ਭਾਰੀ ਕਰਨ ਲੱਗ ਪਈ ਹੈ। ਮੇਰੀਆਂ ਅੱਖਾਂ ਅੱਗੇ ਹਨੇਰਾ ਆਉਣ ਲੱਗ ਪਿਆ ਹੈ। ਡਿੱਗਣੋਂ ਮਸ੍ਹਾਂ ਹੀ ਬਚੀ ਹਾਂ। ਇਸ ਉਮਰ 'ਚ ਅਜਿਹਾ ਤਾਂ ਹੋਣਾ ਹੀ ਹੋਇਆ। ਕਈ ਵਾਰ ਡਾਕਟਰ ਨੂੰ ਵੀ ਚੈੱਕ ਕਰਾ ਹਟੀ ਹਾਂ। ਉਹ ਗੋਲੀਆਂ ਦੇ ਥੱਬੇ ਫੜਾਉਂਦਾ ਅਕਸਰ ਇਹੋ ਜਵਾਬ ਦਿੰਦਾ ਹੈ, "ਇਸ ਦਾ ਕਾਰਨ ਮੀਨੋਪਾਜ਼ ਹੈ……ਤੁਸੀਂ ਮਨ ਤੋਂ ਟੈਨਸ਼ਨ ਦੂਰ ਕਰੋ…..ਸਵੇਰ..ਸ਼ਾਮ ਹਲਕੀ ਸੈਰ ਕਰੋ……ਠੀਕ ਹੋ ਜਾਵੇਗਾ।"

ਟੈਨਸ਼ਨ ਭਲਾ ਕਿਸ ਤੋਂ ਦੂਰ ਹੁੰਦੀ ਹੈ। ਐਵੇਂ ਬਹਾਨਾ ਬਣਾਇਆ ਹੋਇਆ ਹੈ, ਡਾਕਟਰਾਂ ਨੇ। ਜਦੋਂ ਕੋਈ ਵੱਸ ਨਾ ਚੱਲੇ ਤਾਂ ਕਹਿ ਦੇਵੋ ਚਿੰਤਾ ਦੂਰ ਕਰੋ। ਚਿੰਤਾ ਤਾਂ ਮਰਨ ਨਾਲ ਹੀ ਛੁੱਟਦੀ ਹੈ।

ਹੈਂ ? ਇਹ ਮੇਰੇ ਦਿਮਾਗ ਅੰਦਰ ਮਰਨ ਦੀ ਗੱਲ ਕਿਵੇਂ ਆ ਗਈ ?……ਨਹੀਂ ਰਵੀਸ਼ਾ ਦੇ ਡੈਡੀ ਤੁਸੀਂ ਇਸ ਤਰ੍ਹਾਂ ਨਹੀਂ ਕਰ ਸਕਦੇ……ਪਲੀਜ਼ ਮੇਰੇ ਤੇ ਰਵੀਸ਼ਾ ਬਾਰੇ ਤਾਂ ਕੁਝ ਸੋਚੋ……ਹਟੋ, ਸਿਆਣੇ ਬਣੋ………ਚਲੋ ਇਧਰ ਆਓ……ਦੇਖੋ ਰਵੀਸ਼ਾ………!"

ਮੇਜ਼ ਨਾਲ ਧੱਕਾ ਲੱਗਾ ਹੈ। ਫਰੂਟ ਵਾਲੀ ਪਲੇਟ ਬੁੜਕ ਕੇ ਹੇਠਾਂ ਜਾ ਪਈ ਹੈ। ਜਦੋਂ ਦੇ ਰਵੀਸ਼ਾ ਦੇ ਡੈਡੀ ਚਲੇ ਗਏ, ਮੈਨੂੰ ਤਾਂ ਜਿਵੇਂ ਹਨੇਰ ਕੋਠੜੀ 'ਚ ਹੀ ਬੰਦ ਕਰ ਗਏ ਹੋਣ। ਮੇਰੇ ਮਨ 'ਤੇ ਉਨ੍ਹਾਂ ਦੇ ਬੇਵਕਤ ਜਾਣ ਦੀ ਬੜ੍ਹੀ ਚਿੰਤਾ ਹੋਈ ਸੀ। ਬੁਰੀ ਤਰ੍ਹਾਂ ਟੁੱਟ ਗਈ ਸਾਂ। ਉਨ੍ਹਾਂ ਆਤਮ-ਹੱਤਿਆ ਜੁ ਕੀਤੀ ਸੀ।

ਖਿੱਲਰੇ ਫਲਾਂ ਨੂੰ ਚੁੱਕ ਵਾਪਸ ਪਲੇਟ 'ਚ ਪਾ, ਮੇਜ਼ ਤੇ ਰੱਖ ਦਿੱਤਾ ਹੈ। ਬੈੱਡ ਵੱਲ ਮੁੜ ਪਈ ਹਾਂ। ਇਹ ਸੋਚ ਕੇ ਕਿਤੇ ਦੁਬਾਰਾ ਹੀ ਚੱਕਰ ਨਾ ਆ ਜਾਵੇ। ਕਮਰਾ ਅਜੇ ਵੀ ਹੌਲੀ-ਹੌਲੀ ਘੁੰਮਦਾ ਮਹਿਸੂਸ ਹੋ ਰਿਹਾ ਹੈ।

ਰਵੀਸ਼ਾ ਜਿਸ ਦਿਨ ਦੀ ਨਰਾਜ਼ ਹੋ ਚਲੀ ਗਈ ਹੈ, ਮੈਨੂੰ ਇਹ ਘਰ, ਘਰ ਨਹੀਂ, ਸਗੋਂ ਕਬਰਸਤਾਨ ਹੀ ਲੱਗਣ ਲੱਗ ਪਿਆ। ਆਖਰ ਇਕੱਲੀ ਔਰਤ ਦੀ ਜ਼ਿੰਦਗੀ ਵੀ ਕਿਆ ਜ਼ਿੰਦਗੀ ਹੋਈ। ਹੇਠਾਂ ਵਾਲਾ ਪੋਰਸ਼ਨ ਇਹ ਸੋਚ ਕੇ ਕਿਰਾਏ 'ਤੇ ਦਿੱਤਾ ਸੀ ਕਿ ਕੋਈ ਪਰਿਵਾਰ ਆ ਕੇ ਰਹੇਗਾ ਤਾਂ ਸ਼ਾਇਦ ਚਹਿਲ-ਪਹਿਲ ਨਾਲ ਮਨ ਠੀਕ ਹੋ ਜਾਵੇਗਾ। ਪਰ ਫਿਰ ਵੀ ਉਹੋ ਇਕਾਂਤ, ਉਹੋ ਖਾਲੀਪਨ। ਕਿਰਾਏਦਾਰ ਪਤੀ-ਪਤਨੀ ਦੋਵੇਂ ਸਰਕਾਰੀ ਸਰਵਿਸ ਕਰਦੇ ਹਨ। ਸਵੇਰ ਦੇ ਘਰੋਂ ਗਏ, ਸੂਰਜ ਛਿਪਣ 'ਤੇ ਹੀ ਵਾਪਸ ਪਰਤਦੇ। ਬੱਚੇ ਬਾਹਰ ਹੋਸਟਲਾਂ 'ਚ ਪੜ੍ਹਦੇ ਹਨ। ਕਦੇ-ਕਦੇ ਤਾਂ ਸੋਚਦੀ ਹਾਂ ਕਿ ਖਾਲੀ ਹੀ ਕਰਵਾ ਲਵਾਂ ਘਰ। ਫਿਰ ਮਨ 'ਤੇ ਆ ਜਾਂਦਾ ਹੈ ਕਿ ਇਹ ਵੀ ਵਿਚਾਰੇ ਪ੍ਰੇਸ਼ਾਨ ਹੋਣਗੇ। ਚੁੱਪ ਕਰ ਜਾਂਦੀ ਹਾਂ ਅਜਿਹਾ ਸੋਚ ਕੇ।

ਰਵੀਸ਼ਾ ਦੇ ਡੈਡੀ ਦੇ ਤੁਰ ਜਾਣ ਤੋਂ ਬਾਅਦ ਮੈਨੂੰ ਬੜਾ ਵੱਡਾ ਝਟਕਾ ਲੱਗਾ ਸੀ। ਜੇ ਰਵੀਸ਼ਾ ਸਾਡੇ ਕੋਲ ਨਾ ਹੁੰਦੀ ਤਾਂ ਮੈਂ ਵੀ ਸ਼ਾਇਦ ਉਨ੍ਹਾਂ ਵਾਂਗ ਆਤਮ-ਹੱਤਿਆ ਹੀ ਕਰ ਲੈਂਦੀ। ਪਰ ਇਸ ਦੇ ਬਾਰੇ ਸੋਚ-ਸੋਚ ਕੇ ਹੀ ਮਨ 'ਤੇ ਕਾਬੂ ਪਾਈ ਰੱਖਿਆ ਸੀ।

ਤੇ ਹੁਣ ਜਦੋਂ ਉਹ ਮੇਰੇ ਨਾਲ ਨਰਾਜ਼ ਹੈ ਤਾਂ ਲੱਗਦੈ ਮੈਂ ਵੀ ਐਵੇਂ ਹੀ ਜਿਉਂਦੀ ਆ ਰਹੀ ਆਂ ਉਸ ਲਈ। ਉਸ ਨੂੰ ਤਾਂ ਮੇਰਾ ਰਤਾ ਭਰ ਵੀ ਫਿਕਰ ਨਹੀਂ।

ਰਵੀਸ਼ਾ ਦੀ ਸਟੇਜ ਬਾਰੇ ਮੈਨੂੰ ਪਤਾ ਹੈ। ਮੈਂ ਵੀ ਤਾਂ ਇਸ ਉਮਰ 'ਚੋਂ ਹੀ ਲੰਘ ਕੇ ਆਈ ਹਾਂ ਪਰ ਉਸ ਨੂੰ ਤਾਂ ਇਸ ਕਾਸੇ ਨਾਲ ਸੰਬੰਧ ਹੀ ਨਹੀਂ ਜਿਵੇਂ। ਮੈਂ ਮੰਨਦੀ ਹਾਂ ਕਿ ਇਸ ਉਮਰ 'ਚ ਆ ਕੇ ਮੁੰਡੇ ਕੁੜੀਆਂ ਦਾ ਮਨ ਪਾਗਲ ਹੋ ਜਾਂਦਾ ਹੈ। ਹੋਰ ਕੁਝ ਵੀ ਨਹੀਂ ਸੋਚ ਸਕਦਾ। ਪਰ ਮਨਿਕ ਹੀ ਕਿਉਂ ? ਕੀ ਇਸ ਦੁਨੀਆਂ 'ਚ ਮੁੰਡਿਆਂ ਦਾ ਕਾਲ ਪੈ ਗਿਆ ਹੈ। ਚੰਡੀਗੜ੍ਹ ਤਾਂ ਕਿੰਨਾ ਖੂਬਸੂਰਤ



ਸ਼ਹਿਰ ਹੈ। ਕਿੰਨੇ-ਕਿੰਨੇ ਸਮਾਰਟ ਮੁੰਡੇ ਹੋਣਗੇ ਉੱਥੇ। ਤੇ ਰਵੀਸ਼ਾ ਤਾਂ ਕੋਰਸ ਵੀ ਉੱਥੇ ਹੀ ਕਰਦੀ ਰਹੀ ਹੈ। ਕੀ ਮਨਿਕ ਤੋਂ ਬਿਨਾਂ ਉਸ ਨੂੰ ਕੋਈ ਹੋਰ ਮੁੰਡਾ ਨਹੀਂ ਮਿਲ ਸਕਿਆ ?

ਅਜਿਹੇ ਕਿੰਨੇ ਹੀ ਸਵਾਲ ਮੇਰੇ ਜ਼ਿਹਨ 'ਚ ਤੈਰਨ ਲੱਗ ਪਏ ਹਨ। ਜ਼ਰੂਰ ਰਵੀਸ਼ਾ ਨੂੰ ਮਨਿਕ ਨੇ ਹੀ ਆਪਣੇ ਪਿਆਰ ਦੇ ਜਾਲ 'ਚ ਫਸਾਇਆ ਹੋਵੇਗਾ। ਜਾਂ ਹੋ ਸਕਦੈ, ਕੁੜੀਆਂ 'ਚੋਂ ਹੀ ਕਿਸੇ ਕੁੜੀ ਨੇ ਉਸ ਦੀ ਮੱਤ ਮਾਰ ਦਿੱਤੀ ਹੋਵੇ। ਉਹ ਬਹੁਤ ਭੋਲੀ ਹੈ। ਮੇਰੇ ਵਾਂਗ………।

ਹੈਂਅ ! ਇਹ ਮੇਰੇ ਮੂੰਹੋਂ ਕੀ ਨਿਕਲ ਗਿਆ ਹੈ ?…..ਦਿਮਾਗ ਫਿਰ ਭਾਰੀ ਕਿਉਂ ਹੋਣ ਲੱਗ ਪਿਐ ?….ਇਹ ਲੰਬੀ ਦਾੜ੍ਹੀ ਵਾਲਾ ਬੰਦਾ ਕੌਣ ਹੈ… ? ਇਹ ਮੇਰੀਆਂ ਅੱਖਾਂ ਸਾਹਮਣੇ ਵਾਰ-ਵਾਰ ਕਿਉਂ ਆ ਰਿਹਾ ਹੈ ?……ਇਹ ਮੇਰੇ ਚਿਹਰੇ 'ਤੇ ਦਾੜ੍ਹੀ ਕਿਉਂ ਸੁੱਟਣ ਲੱਗ ਪਿਆ ਹੈ……. ?……ਇਹਦੇ ਹੱਥਾਂ 'ਚ ਕੈਂਚੀ ਕਿਵੇਂ ਆ ਗਈ ?….ਹੱਤ……ਹੱਤ ! ਇੰਨੀ ਲੰਬੀ ਦਾੜ੍ਹੀ ਨੂੰ ਕਿਉਂ ਕੱਟਣ ਲੱਗ ਪਿਆ ਏ.. ?..ਚੱਲ ਦਫ਼ਾ ਹੋ…….ਇਹ ਹੱਸਣ ਕਿਉਂ ਲੱਗ ਪਿਆ ਹੈ ? ਪਾਗਲ ਹੈ !……ਚੱਲ ਪਾਗਲ ਹੋਵੇ ਨਾ…..ਭੱਜ ਜਾ ਇੱਥੋਂ…….।…….ਚੱਲ ਦਫ਼ਾ ਹੋ……ਜਾਂਦਾ ਏਂ ਕਿ ਨਹੀਂ… ?…..ਚੰਗਾ ਹੁਣ ਵੇਖ ! ਖੜ ਜਾ…..ਵੱਟਾ ਮਾਰ ਦੇਣੈ ਤੇਰੇ ਸਿਰ 'ਚ…….!

ਖੜਾਕ ਕਾਰਨ ਸੁਰਤ ਪਰਤ ਆਈ ਹੈ। ਸਾਹਮਣੇ ਵਾਲੇ ਸ਼ੋਅ ਕੇਸ ਦਾ ਸ਼ੀਸ਼ਾ ਟੁੱਟ ਗਿਆ ਹੈ। ਮੇਰੇ ਹੱਥੋਂ ਪੇਪਰ ਵੇਟ ਛੁੱਟ ਕੇ ਉਸ 'ਤੇ ਜਾ ਵੱਜਿਆ ਸੀ। ਪਤਾ ਹੀ ਨਹੀਂ ਲੱਗਿਆ। ਅੱਜ ਇਹ ਕੀ ਹੋਈ ਜਾ ਰਿਹਾ ਹੈ ਮੈਨੂੰ। ਸ਼ੁੱਕਰ ਹੈ, ਹੇਠਾਂ ਵਾਲੇ ਕਿਰਾਏਦਾਰ ਗਏ ਹੋਏ ਹਨ, ਨਹੀਂ ਉਨ੍ਹਾਂ ਇਹ ਸਮਝ ਕੇ ਘਰ ਖਾਲੀ ਕਰ ਜਾਣਾ ਸੀ ਕਿ ਆਂਟੀ 'ਚ ਤਾਂ ਕੋਈ ਭੂਤ ਚੁੜੇਲ ਆਉਣ ਲੱਗ ਪਈ ਹੈ।

ਬੈੱਡ ਤੋਂ ਉੱਠ ਕੇ ਸ਼ੋਅ ਕੇਸ ਦੇ ਟੁੱਟੇ ਸ਼ੀਸ਼ੇ ਦੇ ਟੁਕੜਿਆਂ ਨੂੰ ਇਕੱਠਾ ਕਰਨ ਲੱਗ ਪਈ ਹਾਂ। ਨੌਕਰਾਨੀ ਆਵੇਗੀ ਤਾਂ ਆਪੇ ਸਾਫ਼ ਕਰ ਦੇਵੇਗੀ ਫਰਸ਼ ਨੂੰ। ਇਹ ਨੌਕਰਾਨੀ ਵੀ ਰਵੀਸ਼ਾ ਦੀ ਜ਼ਿੱਦ ਕਾਰਨ ਹੀ ਰੱਖਣੀ ਪਈ ਸੀ। ਨਹੀਂ ਮੈਨੂੰ ਇਕੱਲੀ-ਕਾਰੀ ਔਰਤ ਨੂੰ ਕੀ ਲੋੜ ਪੈਂਦੀ ਕੰਮ ਕਰਾਉਣ ਦੀ।

ਸ਼ੋਅ ਕੇਸ਼ 'ਚ ਪਈਆਂ ਫੋਟੋਆਂ ਨੂੰ ਨਿਹਾਰਨ ਲੱਗ ਪਈ ਹਾਂ। ਫਰੇਮਾਂ ਵਿਚਲੇ ਅਕਸ ਧੁੰਦਲੇ ਜਾਪ ਰਹੇ ਹਨ। ਪਿਛਲੇ ਕਈ ਦਿਨਾਂ ਤੋਂ ਇਨ੍ਹਾਂ ਨੂੰ ਸਾਫ਼ ਹੀ ਨਹੀਂ ਕੀਤਾ। ਡਸਟ ਜੰਮ ਗਈ ਹੈ। ਬਿਨ੍ਹਾਂ ਕੁਝ ਸੋਚੇ ਸਾਫ਼ ਕਰਨ ਲੱਗ ਪਈ ਹਾਂ। ਉਂਜ ਨੌਕਰਾਨੀ ਨੇ ਵੀ ਕਈ ਵਾਰ ਇਨ੍ਹਾਂ ਨੂੰ ਸਾਫ਼ ਕਰ ਲੈਣ ਬਾਰੇ ਪੁੱਛਿਆ ਸੀ। ਪਰ ਮੈਂ ਹੀ ਨਾਂਹ ਕਰ ਦਿੰਦੀ ਸਾਂ। ਤੇ ਹੁਣ ਪਤਾ ਨਹੀਂ ਕੀ ਮਨ 'ਚ ਆ ਗਿਆ ਹੈ। ਕੁਲ ਤਿੰਨ-ਚਾਰ ਫੋਟੋਆਂ ਹੀ ਤਾਂ ਹਨ। ਇਕ ਰਾਜ ਦੇ ਦਾਦਾ ਦੀ, ਦੂਜੀ ਸੂਬੇਦਾਰ ਦੀ ਅਤੇ ਤੀਜੀ ਵਿੱਚ ਤਿੰਨੋਂ ਅਸੀਂ।…….ਚੌਥੀ ਦਾ ਕੇਵਲ ਫਰੇਮ ਹੀ ਮੂੰਹ ਚਿੜ੍ਹਾ ਰਿਹਾ ਹੈ।

ਜਵਾਲਾ ਸਿੰਘ ਦੀ ਫੋਟੋ ਨੂੰ ਹੱਥ 'ਚ ਫੜ੍ਹ ਵੇਖਣ ਲੱਗ ਪਈ ਹਾਂ। ਰਾਜ ਦੇ ਦਾਦਾ ਜੀ ਸਨ। ਲੱਗਦਾ ਹੈ ਜਿਵੇਂ ਤਸਵੀਰ 'ਚੋਂ ਅਕਸ ਉੱਡ ਕੇ ਫਰੇਮ 'ਚੋਂ ਬਾਹਰ ਆ ਜਾਵੇਗਾ। ਮੇਰੇ ਹੱਥ ਕੰਬਣ ਲੱਗ ਪਏ ਹਨ। ਹੁਣੇ ਜੋ ਲੰਬੀ ਦਾੜ੍ਹੀ ਵਾਲਾ ਬੰਦਾ ਮੇਰੇ ਦਿਮਾਗ਼ 'ਤੇ ਭਾਰੂ ਹੋ ਰਿਹਾ ਸੀ, ਲੱਗਦਾ ਏ, ਉਹ ਇਹੋ ਸਨ। ਇਕ ਵਾਰ ਰਵੀਸ਼ਾ ਨੇ ਵੀ ਇਸ ਫੋਟੋ ਨੂੰ ਵੇਖ ਕੇ ਮੈਨੂੰ ਪੁੱਛਿਆ ਸੀ, "ਮੰਮੀ……ਦਾਦੂ ਨੇ ਇੰਨੀ ਲੰਬੀ ਦਾੜ੍ਹੀ ਕਿਉਂ ਰੱਖੀ ਸੀ ?"

ਮੈਨੂੰ ਉਹਦੀ ਗੱਲ ਸੁਣ ਹਾਸੀ ਆ ਗਈ ਉਦੋਂ। ਫਿਰ ਉਸ ਨੂੰ ਸਮਝਾਇਆ ਕਿ ਤੇਰੇ ਡੈਡੀ ਦੇ ਖਾਨਦਾਨ 'ਚ ਕੇਸ ਰੱਖਣੇ ਬਹੁਤ ਜ਼ਰੂਰੀ ਸਨ। ਜੁਆਲਾ ਸਿੰਘ ਦੀ ਲੰਬੀ ਦਾੜ੍ਹੀ ਦੀ ਤਾਂ ਆਸੇ-ਪਾਸੇ ਦੇ ਸਭ ਪਿੰਡਾਂ 'ਚ ਚਰਚਾ ਸੀ। ਜਦੋਂ ਕਦੇ ਉਹ ਪਿੰਡੋਂ ਬਾਹਰ ਤੁਰਦੇ-ਫਿਰਦੇ ਲੰਘ ਜਾਂਦੇ ਤਾਂ ਉਨ੍ਹਾਂ ਨੂੰ ਵੇਖ ਲੋਕਾਂ ਦੀ ਜ਼ੁਬਾਨ 'ਚ ਇਹੋ ਸ਼ਬਦ ਹੁੰਦੇ-"ਬੱਲੇ-ਬੱਲੇ ਬਈ….ਉਹ ਆ ਰਿਹੈ ਗੁਰੂ ਦਾ ਸਿੱਖ !"

ਉਹ ਆਪਣੀ ਲੰਬੀ ਦਾੜ੍ਹੀ ਨੂੰ ਖੁੱਲ੍ਹਾ ਰੱਖਦੇ। ਚਿੱਟੀ ਦਾੜ੍ਹੀ ਉਨ੍ਹਾਂ ਦੇ ਅੱਗੇ ਖਿੱਲਰੀ ਹੋਈ

ਹੰਸ ਦੇ ਫਰਾਂ ਵਾਂਗ ਜਾਪਦੀ।

"ਫਿਰ ਤਾਂ ਮੰਮੀ, ਜੇ ਦਾਦੂ ਅੱਜ ਜਿਉਂਦੇ ਹੁੰਦੇ....ਉਨ੍ਹਾਂ ਦੀ ਲੰਬੀ ਦਾੜ੍ਹੀ ਦਾ ਰਿਕਾਰਡ ਗਿਨੀਜ਼ ਬੁੱਕ 'ਚ ਸ਼ਾਮਿਲ ਹੁੰਦਾ।" ਰਵੀਸ਼ਾ ਮੇਰੀ ਗੱਲ ਸੁਣ ਹੱਸ ਕੇ ਆਖਦੀ ਹੁੰਦੀ ਸੀ, ਉਦੋਂ।

ਬੜੇ ਨੇਕ ਦਿਲ ਇਨਸਾਨ ਸਨ, ਜੁਆਲਾ ਸਿੰਘ ਹੁਰੀਂ। ਪੂਰੇ ਅੱਸੀ ਸਾਲ ਦੀ ਉਮਰ ਸੀ ਉਨ੍ਹਾਂ ਦੀ। ਜਿਸ ਦਿਨ ਉਹ ਪੂਰੇ ਹੋਏ, ਰੁਟੀਨ ਵਾਂਗ ਪਾਠ ਕਰਕੇ ਲੇਟੇ ਸਨ। ਸਵੇਰ ਵੇਲੇ ਦੁੱਧ ਪੀਣ ਲਈ ਉਠਾਇਆ ਤਾਂ ਮੰਜੇ ਨਾਲ ਹੀ ਜੁੜੇ ਪਏ ਸਨ।

ਅੱਖਾਂ ਦੇ ਕੋਇਆਂ 'ਤੇ ਟਪਕੇ ਹੰਝੂਆਂ ਨੂੰ ਪੂੰਝਕੇ ਤਸਵੀਰ ਨੂੰ ਵਾਪਸ ਰੈਕ 'ਤੇ ਰੱਖ ਦਿੱਤਾ ਹੈ। ਨਾਲ ਪਈ ਦੂਜੀ ਫੋਟੋ ਨੂੰ ਦੇਖਣ ਲੱਗ ਪਈ ਹਾਂ। ਸੂਬੇਦਾਰ ਮੇਹਰ ਸਿੰਘ ਦਾ ਚਿਹਰਾ ਮੇਰੇ ਵੱਲ ਹੱਸਣ ਲੱਗ ਪਿਆ ਹੈ। ਮੁੱਛਾਂ ਨੂੰ ਕੁੰਡਲ, ਤੇ ਦਾੜ੍ਹੀ 'ਤੇ ਜਾਲ੍ਹੀ ਵਾਲੀ ਠਾਠੀ ਬੰਨੀ ਹੋਈ। ਬੜ੍ਹੇ ਸਖ਼ਤ ਸੁਭਾਅ ਦੇ ਸਨ, ਰਾਜ ਦੇ ਪਿਤਾ ਮੇਹਰ ਸਿੰਘ। ਘਰ ਨੂੰ ਵੀ ਫ਼ੌਜ ਦੇ ਅਸੂਲਾਂ ਵਾਂਗ ਚਲਾਉਣ ਵਾਲੇ। ਮਜ਼ਾਲ ਸੀ ਕਿਸੇ ਦੀ ਕਿ ਸੂਬੇਦਾਰ ਦੇ ਹੁੰਦਿਆਂ ਘਰ 'ਚ ਕੋਈ ਉਨ੍ਹਾਂ ਦੀ ਨਾ ਮੰਨੇ। ਰਿਟਾਇਰਮੈਂਟ ਤੋਂ ਬਾਅਦ ਪਿੰਡ ਹੀ ਖੇਤੀਬਾੜੀ ਦਾ ਕੰਮ-ਕਰਾਉਣ ਲੱਗ ਪਏ। ਆਖ਼ਰ ਜ਼ਮੀਨ ਦੀ ਸੰਭਾਲ ਵਾਲਾ ਵੀ ਤਾਂ ਕੋਈ ਘਰ ਚਾਹੀਦਾ ਸੀ। ਰਾਜ ਦੇ ਦੋ ਵੱਡੇ ਭਰਾ ਤਾਂ ਪਹਿਲੋਂ ਹੀ ਫ਼ੌਜ 'ਚ ਸਨ। ਤੇ ਇਹ ਚੰਡੀਗੜ੍ਹ ਇੰਜੀਨੀਅਰਿੰਗ ਦਾ ਡਿਪਲੋਪਾ ਕਰ ਰਹੇ ਸਨ। ਫ਼ੌਜ 'ਚ ਮੇਹਰ ਸਿੰਘ ਆਪਣੀ ਦਾੜ੍ਹੀ ਨੂੰ ਬੰਨ ਕੇ ਰੱਖਦੇ ਸਨ ਪਰ ਪਿੰਡ ਆ ਇਨ੍ਹਾਂ ਵੀ ਦਾੜ੍ਹੀ ਖੁੱਲ੍ਹੀ ਰੱਖਣੀ ਸ਼ੁਰੂ ਕਰ ਦਿੱਤੀ ਪਰ ਇਨ੍ਹਾਂ ਦੀ ਦਾੜ੍ਹੀ ਜੁਆਲਾ ਸਿੰਘ ਵਾਂਗ ਲੰਬੀ ਨਹੀਂ, ਸਗੋਂ ਉਸ ਤੋਂ ਵੀ ਅੱਧੀ ਸੀ। ਹਾਂ, ਮੁੱਛਾਂ ਜ਼ਰੂਰ ਲੰਬੀਆਂ ਸਨ। ਘਰ ਦੇ ਹੋਰ ਮੈਂਬਰ ਇਨ੍ਹਾਂ ਦੀਆਂ ਕੁੰਡੀਆਂ ਮੁੱਛਾਂ ਅਤੇ ਲਾਲ ਅੱਖਾਂ ਕਾਰਨ ਹੀ ਡਰਦੇ ਸਨ।

ਰਾਜ ਵੀ ਤਾਂ ਇਨ੍ਹਾਂ ਤੋਂ ਬਹੁਤ ਭੈਅ ਖਾਂਦਾ ਸੀ। ਇਨ੍ਹਾਂ ਦੀ ਬਿਲਕੁਲ ਵੀ ਸੂਬੇਦਾਰ ਨਾਲ ਨਾ ਬਣੀ। ਘਰ 'ਚ ਕੇਵਲ ਮਾਂ ਜੀ ਸਨ ਇਨ੍ਹਾਂ ਦੀ ਮੰਨਣ ਵਾਲੇ। ਉਹ ਇਨ੍ਹਾਂ ਨੂੰ ਬੜ੍ਹਾ ਪਿਆਰ ਕਰਦੇ। ਇਹ ਮਾਂ ਜੀ ਦੀ ਹੀ ਜ਼ਿੱਦ ਸੀ ਕਿ ਇਨ੍ਹਾਂ ਨੂੰ ਫ਼ੌਜ ਵਿੱਚ ਨਹੀਂ ਭੇਜਣਾ। ਇਕ ਪੁੱਤ ਨੂੰ ਉਹ ਘਰ ਹੀ ਆਪਣੇ ਕੋਲ ਵੇਖਣਾ ਚਾਹੁੰਦੇ ਸਨ। ਤੇ ਮੇਹਰ ਸਿੰਘ ਨੇ ਵੀ ਪਹਿਲੀ ਵਾਰ ਆਪਣੀ ਪਤਨੀ ਦੀ ਕੋਈ ਗੱਲ ਮੰਨੀ ਸੀ, ਉਹ ਵੀ ਇਸ ਕਰਕੇ ਕਿਉਂਕਿ ਉਹ ਰਾਜ ਨੂੰ ਫ਼ੌਜ ਦੇ ਕਾਬਿਲ ਹੀ ਨਹੀਂ ਸਮਝਦੇ ਸਨ।

ਇਸ ਰੈਕ 'ਚ ਦਾਦਾ ਜੀ ਅਤੇ ਸੂਬੇਦਾਰ ਹੁਰਾਂ ਦੀਆਂ ਫੋਟੋਆਂ ਨੂੰ ਰਾਜ ਨੇ ਹੀ ਮਾਂ ਜੀ ਤੋਂ ਮੰਗਵਾ ਰੱਖਿਆ ਸੀ। ਰਾਜ ਬਾਰੇ ਸੋਚਦਿਆਂ ਧਿਆਨ ਤੀਜੀ ਫੋਟੋ 'ਤੇ ਟਿੱਕ ਗਿਆ ਹੈ। ਇਹ ਫੋਟੋ ਰਾਜ ਨੇ ਹੀ ਜ਼ੋਰ ਪਾ ਚੰਡੀਗੜ੍ਹ ਰਾਕ ਗਾਰਡਨ 'ਚ ਖਿਚਵਾਈ ਸੀ। ਉਦੋਂ ਇਨ੍ਹਾਂ ਨੂੰ ਰਵੀਸ਼ਾ ਦੇ ਸਾਡੇ ਘਰ ਆਉਣ ਦਾ ਚਾਅ ਸੀ। ਰਵੀਸ਼ਾ ਸਾਡੀ ਕੁੱਛੜ 'ਚ ਅਤੇ ਦੋਵੇਂ ਇਕ-ਦੂਜੇ ਨਾਲ ਜੁੜ ਕੇ ਬੈਠੇ ਹੋਏ। ਤਸਵੀਰ ਨੂੰ ਚੁੱਕ ਸੀਨੇ ਨਾਲ ਲਾ ਇਨ੍ਹਾਂ ਬਾਰੇ ਸੋਚਣ ਲੱਗ ਪਈ ਹਾਂ। ਘਰ 'ਚ ਇਹ ਉੱਖੜੇ-ਉੱਖੜੇ ਹੀ ਰਹਿੰਦੇ ਸਨ। ਬਾਹਰ ਵੀ ਇਹ ਕਿਸੇ ਨਾਲ ਘੱਟ-ਵੱਧ ਹੀ ਬੋਲਦੇ। ਕਾਲਜ ਦੇ ਦਿਨਾਂ 'ਚ ਇਹ ਪੜ੍ਹਾਈ 'ਚੋਂ ਬੜ੍ਹੇ ਹੁਸ਼ਿਆਰ ਸਨ। ਆਪਣੇ ਦਾਦਾ ਜੁਆਲਾ ਸਿੰਘ ਦੀ ਫੋਟੋ ਨੂੰ ਵੇਖ ਇਹ ਬਹੁਤ ਉਦਾਸ ਹੋ ਜਾਂਦੇ ਸਨ।

ਅੱਲੜ ਉਮਰ 'ਚ ਪੈਰ ਰੱਖਦਿਆਂ ਵੀ ਜਦੋਂ ਇਨ੍ਹਾਂ ਦੇ ਚਿਹਰੇ 'ਤੇ ਦਾੜ੍ਹੀ-ਮੁੱਛ ਨਾ ਫੁੱਟੀ, ਤਾਂ ਦੋਸਤ ਇਨ੍ਹਾਂ ਨੂੰ ਚਿੜਾਉਣ ਲੱਗ ਪਏ। ਕਾਲਜ 'ਚ ਗਏ ਤਾਂ ਉੱਥੇ ਇਸ ਤੋਂ ਵੀ ਜ਼ਿਆਦਾ ਬੁਰਾ ਹਾਲ ਕੀਤਾ ਮੁੰਡਿਆਂ ਨੇ। ਬਿਨ੍ਹਾਂ ਦਾੜ੍ਹੀ-ਮੁੱਛ ਤੋਂ ਪੱਗ ਬੰਨੀ ਵਾਲਾ ਮੁੰਡਾ ਸਾਰੇ ਕਾਲਜ 'ਚ ਇਨ੍ਹਾਂ ਤੋਂ ਸਿਵਾ ਕੋਈ ਨਹੀਂ ਸੀ। ਮੁਸ਼ਟੰਡੇ ਜਿਹੇ ਮੁੰਡੇ ਇਹਨਾਂ ਨਾਲ ਗ਼ਲਤ ਵਿਹਾਰ ਕਰਨ ਲੱਗ ਪਏ। ਘਰ 'ਚ ਇਨ੍ਹਾਂ ਦੀ ਸੂਬੇਦਾਰ ਹੁਰੀਂ ਸੁਣਦੇ ਨਹੀਂ ਸਨ ਸਗੋਂ ਇਨ੍ਹਾਂ ਨਾਲ ਰੁੱਖਾ ਵਿਹਾਰ ਹੀ ਕਰਦੇ। ਪਿੰਡ 'ਚ



ਨਿੱਕੇ-ਨਿੱਕੇ ਬੱਚੇ ਇਨ੍ਹਾਂ ਨੂੰ ਖੁਸਰਾ-ਖੁਸਰਾ ਆਖ ਛੇੜ ਕੇ ਅੱਗੇ ਲੰਘ ਜਾਂਦੇ।

ਕੋਈ ਕਹਿੰਦਾ, "ਉਏ ਵੇਖੋ...ਜੁਆਲਾ ਸਿੰਘ ਦਾ ਪੋਤਾ ਆ ਰਿਹਾ ਹੈ.....ਇਹਦੀ ਦਾੜ੍ਹੀ-ਮੁੱਛ ਕੌਣ ਖੋ ਕੇ ਲੈ ਗਿਆ?"

ਕਾਲਜ 'ਚ ਕੁੜੀਆਂ ਵੀ ਇਨ੍ਹਾਂ 'ਤੇ ਕੁਮੈਂਟ ਮਾਰਦੀਆਂ। ਇਨ੍ਹਾਂ ਨੂੰ ਬੁਲਾਉਣ ਲੱਗਿਆਂ ਜਾਣ ਕੇ ਨਾਂ ਦਾ ਇਸਤਰੀ ਲਿੰਗ ਬਣਾ ਕਹਿੰਦੀਆਂ-"ਰਾਜੀ, ਕੀ ਹਾਲ ਐ, ਤੇਰਾ ਅੜੀਏ। ਕਿੰਨੇ ਦਿਨ ਵੇਖੀ ਨਹੀਂ...ਕਿੱਥੇ ਚਲੀ ਗਈ ਸੀ ਤੂੰ।" ਇਹ ਕੁਝ ਨਾ ਬੋਲਦੇ ਤਾਂ ਅੱਗੋਂ ਉਹ ਖਿੜ-ਖਿੜ੍ਹਾ ਹੱਸ ਪੈਂਦੀਆਂ ਸਨ। ਅਜਿਹੀਆਂ ਗੱਲਾਂ ਤੋਂ ਤੰਗ ਆ ਹੀ ਇਨ੍ਹਾਂ ਸਿਰ ਦੇ ਵਾਲ ਮੁਨਾ ਦਿੱਤੇ। ਮੁੜ ਕੇ ਪੱਗ ਨਹੀਂ ਬੰਨੀ। ਘਰ 'ਚ ਜਦੋਂ ਪਤਾ ਲੱਗਾ ਤਾਂ ਸੂਬੇਦਾਰ ਨੇ ਸਾਰਾ ਘਰ ਸਿਰ 'ਤੇ ਚੁੱਕ ਲਿਆ-"ਜੁਆਲਾ ਸਿੰਘ ਦਾ ਪੋਤਾ ਹੋ ਕੇ ਕੇਸ ਕਟਾ ਆਇਆਂ.....ਸਾਡੇ ਖਾਨਦਾਨ 'ਚ ਨੀ ਕੀਤੀ ਕਿਸੇ ਰੋਮਾਂ ਦੀ ਬੇਅਦਬੀ...ਜਾ ਨਿਕਲ ਜਾਹ ਘਰੋਂ-ਸ਼ਕਲ ਨਾ ਵਿਖਾਈਂ ਮੁੜ ਕੇ.......ਸਾਲਾ ਜਮਾਂ ਹੀ ਖੁਸਰਾ ਬਣ ਗਿਆ!"

ਇਹ ਵਾਪਸ ਚੰਡੀਗੜ੍ਹ ਆ ਗਏ। ਮੁੜ ਕੇ ਕਦੇ ਪਿੰਡ ਨਾ ਜਾਣ ਦੀ ਠਾਣ ਲਈ ਪਰ ਮਾਂ ਦੀ ਮਮਤਾ ਨੇ ਭੁਲਾ ਦਿੱਤੀਆਂ ਸੀ ਸੂਬੇਦਾਰ ਵੱਲੋਂ ਆਖੀਆਂ ਗੱਲਾਂ।

ਤਸਵੀਰ ਨੂੰ ਸੀਨੇ ਤੋਂ ਹਟਾ ਉੱਪਰ ਚੁੱਕ ਕੇ ਵੇਖਣ ਲੱਗ ਪਈ ਹਾਂ। ਰਾਜ ਦਾ ਗੋਲ-ਗੋਲ ਚਿਹਰਾ, ਬੌਬੀ ਕੱਟ ਵਾਲ, ਸਰੂ ਵਰਗਾ ਕੱਦ ਮੇਰੇ ਸਾਹਮਣੇ ਆ ਗਿਆ ਹੈ। ਇਨ੍ਹਾਂ ਦੇ ਚਿਹਰੇ 'ਤੇ ਹਾਸੀ ਮੈਂ ਕਦੇ ਝਲਕਦੇ ਨਹੀਂ ਵੇਖੀ। ਜਦੋਂ ਹੱਸਦੇ ਵੀ ਤਾਂ ਇੰਜ ਲੱਗਦੇ ਜਿਵੇਂ ਹੱਸਣ ਦਾ ਨਾਟਕ ਕਰ ਰਹੇ ਹਨ। ਇਕ ਖਾਮੋਸ਼ੀ ਸਾਰੀ ਉਮਰ ਇਨ੍ਹਾਂ ਦੇ ਮੱਥੇ 'ਤੇ ਛਾਈ ਰਹੀ ਸੀ। ਮੈਂ ਵੀ ਤਾਂ ਇਹੋ ਚਿਹਰੇ ਨਾਲ ਚਾਰ ਲਾਵਾਂ ਲਈਆਂ ਸਨ। ਡੈਡੀ ਦੀ ਹੀ ਜ਼ਿੱਦ ਸੀ।

ਘਰ 'ਚ ਪਹਿਲੀ ਵਾਰ ਜਦੋਂ ਡੈਡੀ ਨੇ ਮੇਰੇ ਰਾਜ ਨਾਲ ਰਿਸ਼ਤੇ ਦੀ ਗੱਲ ਕੀਤੀ ਸੀ ਤਾਂ ਮੰਮੀ ਨੇ ਕਾਫ਼ੀ ਝਗੜਾ ਕੀਤਾ ਸੀ। ਉਨ੍ਹਾਂ ਰਾਜ ਨੂੰ ਵੇਖਿਆ ਹੋਵੇਗਾ ਪਹਿਲਾਂ। ਉਹ ਮੇਰੇ ਰਾਜ ਨਾਲ ਵਿਆਹ ਕਰਨ ਲਈ ਰਾਜੀ ਨਹੀਂ ਸਨ। ਪਤਾ ਨਹੀਂ ਕਿਉਂ? ਪਰ ਡੈਡੀ ਨੇ ਤਾਂ ਆਪਣੇ ਮਿੱਤਰ ਸੂਬੇਦਾਰ ਮੇਹਰ ਸਿੰਘ ਨੂੰ ਵਚਨ ਦੇ ਦਿੱਤਾ ਸੀ। ਇਸੇ ਲਈ ਉਨ੍ਹਾਂ ਅੱਗੇ ਮੰਮੀ ਦੀ ਕੋਈ ਨਾ ਚੱਲ ਸਕੀ। ਮੇਰੇ ਡੈਡੀ ਰਾਜ ਦੇ ਪਿਤਾ ਨਾਲ ਇਕੱਠੇ ਇਕੋ ਰੇਜਮੈਂਟ 'ਚ ਨੌਕਰੀ ਕਰ ਰਹੇ ਸਨ ਤੇ ਬਾਅਦ 'ਚ ਰਿਟਾਇਰ ਵੀ ਇਕੱਠੇ ਹੀ ਹੋਏ।

ਮੇਰੇ ਤਾਂ ਜਿਵੇਂ ਸੁਪਨੇ ਹੀ ਚਕਨਾਚੂਰ ਹੋ ਗਏ। ਮੈਂ ਉਦੋਂ ਚੰਡੀਗੜ੍ਹ ਹੀ ਬੀ.ਏ.ਕਰ ਰਹੀ ਸਾਂ। ਮੇਰੀ ਤਮੰਨਾ ਤਾਂ ਉਦੋਂ ਉਸ ਮੁੰਡੇ ਨਾਲ ਜ਼ਿੰਦਗੀ ਬਿਤਾਉਣ ਦੀ ਸੀ, ਜੋ ਦਾੜ੍ਹੀ-ਮੁੱਛ ਕਟਾ ਕੇ ਰੱਖਦਾ ਹੋਵੇ। ਫ਼ਿਲਮੀ ਪਿਆਰ ਦਾ ਭੂਤ ਹੀ ਸਵਾਰ ਹੋਵੇਗਾ ਸ਼ਾਇਦ। ਮਨ 'ਚ ਤਾਂ ਇਹੋ ਰਹਿੰਦਾ ਸੀ ਕਿ ਕਿੱਸ ਕਰਨ ਲੱਗਿਆਂ ਤਾਂ ਦਾੜ੍ਹੀ-ਮੁੱਛ ਹੀ ਅੱਗੇ ਆ ਚੁੱਭ ਜਾਂਦੀ ਹੋਵੇਗੀ। ਇਹੋ ਜਿਹੇ ਮੁੰਡੇ ਨਾਲ ਪਿਆਰ ਕਰਨਾ ਮੈਨੂੰ ਬੁਰਾ ਜਿਹਾ ਲੱਗਦਾ ਸੀ, ਉਦੋਂ।

ਰਾਜ ਨੂੰ ਮੈਂ ਪਹਿਲਾਂ ਕਿਹੜਾ ਚੰਗੀ ਤਰ੍ਹਾਂ ਦੇਖਿਆ ਸੀ। ਸਾਡੇ ਘਰ 'ਚ ਇਨ੍ਹਾਂ ਦੇ ਪਰਿਵਾਰ ਦੀ ਫੋਟੋ ਤਾਂ ਸੀ ਪਰ ਉਸ ਵਿੱਚ ਵੀ ਰਾਜ ਮਸ੍ਹਾਂ ਦਸ-ਗਿਆਰਾਂ ਸਾਲਾਂ ਦਾ ਹੀ ਹੋਵੇਗਾ। ਸਿਰ 'ਤੇ ਜੂੜਾ ਅਤੇ ਪਟਕਾ ਬੰਨੀ। ਮੁਸਕਰਾ ਰਿਹਾ। ਮੈਨੂੰ ਤਾਂ ਇੰਜ ਹੀ ਸ਼ੰਕਾ ਸੀ ਕਿ ਰਾਜ ਸਰਦਾਰ ਹੋਵੇਗਾ। ਸਿਰ 'ਤੇ ਵੱਡੀ ਸਾਰੀ ਡੈਡੀ ਵਾਂਗ ਪੱਗ ਬੰਨ੍ਹੀ ਹੋਵੇਗੀ ਤੇ ਦਾੜ੍ਹੀ-ਮੁੱਛ ਇਕ ਦੂਜੇ ਨਾਲ ਉਲਝੇ ਹੋਏ ਹੋਣਗੇ। ਪਰ ਜਦੋਂ ਮੈਂ ਇਨ੍ਹਾਂ ਨੂੰ ਦੇਖਿਆ ਤਾਂ ਸ਼ੁਕਰ ਮਨਾਇਆ। ਰਾਜ ਉਹੋ ਜਿਹਾ ਨਹੀਂ ਸੀ। ਸਿਰ ਦੇ ਵਾਲ ਕੱਟੇ ਹੋਏ ਤੇ ਕਲੀਨ ਫੇਸ। ਹੋਰ ਕੁੱਝ ਵੀ ਨਹੀਂ ਸੋਚਿਆ ਤੇ ਦੇਖਿਆ। ਬੱਸ ਇਕੋ

ਝਟਕੇ 'ਚ ਹਾਂ ਕਰ ਦਿੱਤੀ ਸੀ।

ਤੇ ਫਿਰ ਥੋੜ੍ਹੇ ਦਿਨ ਬਾਅਦ ਹੀ ਅਸੀਂ ਵਿਆਹ ਦੇ ਬੰਧਨ 'ਚ ਬੱਝ ਗਏ। ਪੂਰਾ ਗੱਜ-ਵੱਜ ਕੇ ਹੋਇਆ ਸੀ, ਸਾਡਾ ਵਿਆਹ। ਡੈਡੀ ਖ਼ੁਸ਼ ਸਨ, ਮੈਨੂੰ ਘਰੋਂ ਤੋਰ ਕੇ। ਪਰ ਮਾਂ ਦਾ ਚਿਹਰਾ ਉੱਨਾ ਖ਼ੁਸ਼ ਨਹੀਂ ਸੀ। ਆਪਣੇ ਘਰ ਨੂੰ ਛੱਡ ਕੇ, ਮੈਂ ਕਿਸੇ ਨਵੇਂ ਘਰ ਦੀ ਦਹਿਲੀਜ਼ 'ਤੇ ਪੈਰ ਰੱਖਿਆ ਸੀ, ਨਵੀਂ-ਨਿਵੇਕਲੀ ਦੁਲਹਨ ਦੇ ਰੂਪ 'ਚ, ਰਾਜ ਦੀ ਪਤਨੀ ਬਣ ਕੇ। ਵਿਆਹ ਤੋਂ ਮਹੀਨੇ ਬਾਅਦ ਹੀ ਮੈਨੂੰ ਰਾਜ ਦਾ ਚਿਹਰਾ ਭੈੜਾ-ਭੈੜਾ ਲੱਗਣ ਲੱਗ ਪਿਆ। ਪਤਾ ਨਹੀਂ ਕਿਉਂ ? ਮੇਰੀ ਤਾਂ ਖ਼ਾਹਿਸ਼ ਸੀ, ਇਹੋ ਜਿਹਾ ਚਿਹਰਾ। ਮੈਂ ਇਨ੍ਹਾਂ ਦੇ ਦਾਦਾ ਜੀ ਅਤੇ ਪਿਤਾ ਜੀ ਦੀਆਂ ਸ਼ਕਲਾਂ ਨੂੰ ਹੀ ਵੇਖਦੀ ਰਹਿੰਦੀ ਸਾਂ। ਇਹਨਾਂ ਦੇ ਚਿਹਰੇ ਨੂੰ ਸਾਹਮਣੇ ਵੇਖ ਮੇਰਾ ਮਨ ਉਦਾਸ ਹੋਣ ਲੱਗ ਪਿਆ ਸੀ ਪਰ ਮੈਂ ਇਸ ਉਦਾਸੀ ਨੂੰ ਵੀ ਅੰਦਰ ਹੀ ਰੱਖਦੀ। ਬਾਹਰ ਕਦੇ ਨਹੀਂ ਆ ਸਕੀ ਸੀ, ਇਹ। ਰਾਜ ਮੈਨੂੰ ਆਪਣੇ ਬਾਰੇ, ਆਪਣੇ ਘਰ ਬਾਰੇ ਅਤੇ ਪਿੰਡ ਬਾਰੇ ਸਭ ਗੱਲਾਂ ਦੱਸ ਦਿੰਦਾ ਸੀ। ਮੈਨੂੰ ਉਹਦੀਆਂ ਗੱਲਾਂ ਸੁਣ ਕੇ ਤਰਸ ਜਿਹਾ ਆ ਜਾਂਦਾ ਸੀ।

ਦੋ-ਤਿੰਨ ਮਹੀਨਿਆਂ ਬਾਅਦ ਇਨ੍ਹਾਂ ਘਰ 'ਚ ਚੰਡੀਗੜ੍ਹ ਜਾ ਕੇ ਆਰਕੀਟੈਕ ਦਾ ਕੰਮ ਕਰਨ ਲਈ ਮਾਂ ਨੂੰ ਕਹਿਣਾ ਸ਼ੁਰੂ ਕਰ ਦਿੱਤਾ। ਪਿਤਾ ਜੀ ਮੰਨ ਨਹੀਂ ਸਨ ਰਹੇ। ਸਗੋਂ ਉਲਟਾ ਮਾਂ ਜੀ ਨਾਲ ਹੀ ਲੜਨ ਲੱਗ ਪਏ। ਮੈਂ ਤਾਂ ਵੇਖਦੀ ਰਹਿੰਦੀ ਸਾਂ ਚੁੱਪ-ਚਾਪ। ਕੀ ਬੋਲ ਸਕਦੀ ਸਾਂ ਮੈਂ, ਪਰ ਇਹ ਤਾਂ ਪਿੰਡ ਰਹਿਣਾ ਹੀ ਨਹੀਂ ਚਾਹੁੰਦੇ ਸਨ। ਜ਼ਿੱਦੀ ਜਿਹੇ ਹੋ ਗਏ। ਅਗਲੀ ਸਵੇਰ ਕੱਪੜੇ ਸੂਟਕੇਸ 'ਚ ਪਾ ਚੰਡੀਗੜ੍ਹ ਚਲੇ ਗਏ। ਮਹੀਨੇ ਬਾਅਦ ਮੈਨੂੰ ਵੀ ਬੁਲਾ ਲਿਆ। ਸੂਬੇਦਾਰ ਹੁਰੀਂ ਫਿਰ ਭੜਕ ਪਏ, ਕਹਿੰਦੇ "ਉਹਨੂੰ ਕਹੀਂ ਮੈਨੂੰ ਮੂੰਹ ਨਾ ਵਿਖਾਏ.....ਉੱਥੇ ਹੀ ਰਹੇ ਹੁਣ!"

ਚੰਡੀਗੜ੍ਹ ਇਹਨਾਂ ਆਰਕੀਟੈਕ ਦਾ ਕੰਮ ਪ੍ਰਾਈਵੇਟ ਨੌਕਰੀ ਕਰਕੇ ਕਰਨਾ ਸ਼ੁਰੂ ਕਰ ਦਿੱਤਾ। ਅਸੀਂ ਉੱਥੇ ਕਿਰਾਏ 'ਤੇ ਮਕਾਨ ਲੈ ਰਹਿਣ ਲੱਗ ਪਏ। ਸਾਡਾ ਵਧੀਆ ਗੁਜ਼ਾਰਾ ਹੋਣ ਲੱਗ ਪਿਆ। ਵਿਆਹ ਦੇ ਦੋ-ਤਿੰਨ ਸਾਲ ਬਾਅਦ ਵੀ ਜਦੋਂ ਮੇਰੀ ਗੋਦ ਹਰੀ ਨਾ ਹੋਈ ਤਾਂ ਅਸੀਂ ਡਾਕਟਰਾਂ ਦੇ ਚੱਕਰਾਂ 'ਚ ਪੈ ਗਏ। ਇਨ੍ਹਾਂ ਦੇ ਸਪਰਮ ਨਿੱਲ ਸੀ। ਮੈਂ ਇਸ ਗੱਲ ਨੂੰ ਕੋਈ ਜ਼ਿਆਦਾ ਮਨ 'ਤੇ ਨਾ ਲਾਇਆ। ਦੌੜ ਭੱਜ ਇਹਨਾਂ ਵੀ ਬਥੇਰੀ ਕਰੀ ਪਰ ਕੁਝ ਹਾਸਿਲ ਨਾ ਹੋਇਆ। ਇਨ੍ਹਾਂ ਦਾ ਚਿਹਰਾ ਹੋਰ ਵੀ ਬੁਝ ਗਿਆ। ਮਾਂ ਜੀ ਪਿੰਡੋਂ ਮਿਲਣ ਲਈ ਆਏ ਤਾਂ ਗੱਲਾਂ-ਗੱਲਾਂ ਰਾਹੀਂ ਕਹਿ ਗਏ, "ਇੰਨੇ ਵੱਡੇ ਮਕਾਨ 'ਚ ਵੀ ਰੌਣਕ ਨਹੀਂ ਹੈ।" ਮੈਂ ਕੀ ਜਵਾਬ ਦਿੰਦੀ ਉਨ੍ਹਾਂ ਨੂੰ।

ਇਨ੍ਹਾਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਮੈਂ ਕੁਝ ਵੀ ਨਾ ਕਿਹਾ। ਮੈਨੂੰ ਇਨ੍ਹਾਂ 'ਤੇ ਤਰਸ ਜਿਹਾ ਆ ਜਾਂਦਾ। ਮੈਨੂੰ ਲੱਗਦਾ ਕੀ ਪਤਾ ਸ਼ਰਾਬ ਨਾਲ ਹੀ ਇਨ੍ਹਾਂ ਦੇ ਚਿਹਰੇ 'ਤੇ ਖ਼ੁਸ਼ੀ ਰਹਿਣ ਲੱਗ ਪਵੇ। ਪਰ ਅਜਿਹਾ ਨਾ ਹੋਇਆ। ਇਕ ਦਿਨ ਇਨ੍ਹਾਂ ਸ਼ਰਾਬੀ ਹਾਲਤ 'ਚ ਹੀ ਮੈਨੂੰ ਕਿਹਾ-"ਕਿੰਦਰ...ਮੈਂ ਕਿਹੋ ਜਿਹਾ ਪਤੀ ਹਾਂ...ਤੈਨੂੰ ਔਲਾਦ ਦਾ ਸੁਖ ਨਹੀਂ ਦੇ ਸਕਿਆ.....। ਤੂੰ ਚਾਹੇ ਤਾਂ ਮੇਰੇ ਤੋਂ ਤਲਾਕ ਲੈ ਸਕਦੀ ਏਂ....। ਮੈਨੂੰ ਕੋਈ ਗਿਲਾ ਨਹੀਂ ਹੋਵੇਗਾ ਤੇਰੇ 'ਤੇ....।"

ਮੈਂ ਵੇਖਿਆ ਇਨ੍ਹਾਂ ਦੀਆਂ ਅੱਖਾਂ 'ਚ ਅੱਥਰੂ ਸਨ। ਮੇਰੇ ਤੋਂ ਰਿਹਾ ਨਾ ਗਿਆ। ਔਰਤ ਮਨ ਜੁ ਸੀ। ਆਦਮੀ ਨੂੰ ਰੌਂਦਾ ਵੇਖ ਮੈਂ ਵੀ ਭਾਵੁਕ ਹੋ ਗਈ-"ਖ਼ਬਰਦਾਰ! ਜੇ ਇਹੋ ਜਿਹੀ ਦੁਬਾਰਾ ਗੱਲ ਕੀਤੀ ਤਾਂ...। ਮੈਂ ਤੁਹਾਡੀ ਪਤਨੀ ਹਾਂ........ਤੁਹਾਡੀ ਹਮਸਫ਼ਰ....ਜੇ ਬੱਚਾ ਨਹੀਂ ਹੋਵੇਗਾ ਤਾਂ ਨਾ ਸਹੀ...ਕੀ ਜਿਨ੍ਹਾਂ ਦੇ ਬੱਚੇ ਨਹੀਂ ਹੁੰਦੇ ?......ਉਹ ਜ਼ਿੰਦਗੀ ਨਹੀਂ ਲੰਘਾਉਂਦੇ...। ਮੈਨੂੰ ਤਾਂ ਬੱਸ ਤੁਸੀਂ ਹੀ ਚਾਹੀਦੇ ਹੋ।"

ਮੈਂ ਵੀ ਬਿਫ਼ਰ ਪਈ ਸਾਂ। ਪਰ ਅੰਦਰੋਂ ਤਾਂ ਬੜ੍ਹੀ ਬੁਝ ਚੁੱਕੀ ਸਾਂ ਮੈਂ ਵੀ। ਕਿਸੇ ਵੀ ਔਰਤ



ਨੂੰ ਆਪਣੇ ਬੱਚੇ ਨਾਲ ਪਿਆਰ ਕਰਦੇ ਵੇਖਦੀ ਸਾਂ ਤਾਂ ਮਨ ਤੜਫ਼ ਉੱਠਦਾ ਸੀ ਮੇਰਾ। ਜੀ ਕਰਦਾ ਕਿ ਉਸ ਤੋਂ ਬੱਚਾ ਖੋ ਕੇ ਦੂਰ ਭੱਜ ਜਾਵਾਂ ਕਿਤੇ। ਪਰ ਇਹਨਾਂ ਦੀ ਹਾਲਤ ਵੀ ਤਾਂ ਨਹੀਂ ਦੇਖੀ ਜਾ ਰਹੀ ਸੀ ਮੇਰੇ ਕੋਲੋਂ। ਇਹ ਮੈਨੂੰ ਚੁੱਪ ਵੇਖ ਫਿਰ ਬੋਲਣ ਲੱਗ ਪਏ-"ਕਿੰਦਰ ਮੈਨੂੰ ਤੇਰਾ ਬੁਝਿਆ ਚਿਹਰਾ ਚੰਗਾ ਨਹੀਂ ਲੱਗਦਾ....ਜਾਪਦੈ ਜਿਵੇਂ ਮੇਰੇ ਦੋਸ਼ ਦੀ ਸਜ਼ਾ ਤੂੰ ਭੁਗਤ ਰਹੀ ਏਂ।"

ਇਨ੍ਹਾਂ ਦੀ ਗਲਵਕੜੀ ਦੇ ਨਿੱਘ 'ਚ ਮੈਂ ਵੀ ਪਿਘਲ ਗਈ..."ਜੇ ਤੁਹਾਨੂੰ ਅਜਿਹਾ ਹੀ ਲੱਗਦਾ ਹੈ ਤਾਂ ਆਪਾਂ ਕੋਈ ਬੱਚਾ ਅਡੋਪਟ ਕਰ ਲੈਂਦੇ ਹਾਂ......ਫਿਰ ਤਾਂ ਠੀਕ ਹੈ ਨਾ ?"

ਮੇਰਾ ਸੁਝਾਅ ਇਨ੍ਹਾਂ ਨੂੰ ਵੀ ਚੰਗਾ ਲੱਗਾ। ਅਸੀਂ ਦੋਵਾਂ ਨੇ ਬੱਚਾ ਗੋਦ ਲੈਣ ਦਾ ਫੈਸਲਾ ਕਰ ਲਿਆ। ਉਂਝ ਤਾਂ ਇਨ੍ਹਾਂ ਦੇ ਭਰਾਵਾਂ ਦੇ ਵੀ ਬੱਚੇ ਸਨ, ਉਹ ਸਾਡੇ ਕੋਲ ਭੇਜਣ ਲਈ ਤਿਆਰ ਵੀ ਸਨ ਪਰ ਇਹ ਨਹੀਂ ਮੰਨੇ। ਕਹਿੰਦੇ-"ਕੀ ਪਤਾ-ਉਹ ਸਿਰਫ਼ ਆਪਣੀ ਜਾਇਦਾਦ ਲਈ ਹੀ ਇਸ ਤਰ੍ਹਾਂ ਕਰ ਰਹੇ ਹੋਣ....ਅਸੀਂ ਤਾਂ ਕਿਸੇ ਅਨਾਥ ਨੂੰ ਹੀ ਪਾਲਾਂਗੇ।"

ਮੈਨੂੰ ਉਦੋਂ ਇਹ ਬਹੁਤ ਚੰਗੇ ਲੱਗੇ। ਕੁਝ ਇਨ੍ਹਾਂ ਬਾਅਦ ਹੀ ਅਸੀਂ ਦਿੱਲੀ ਚਾਈਲਡ ਬੈਂਕ 'ਚੋਂ ਬੱਚਾ ਗੋਦ ਲੈਣ ਲਈ ਅਪਲਾਈ ਕਰ ਦਿੱਤਾ। ਉਨ੍ਹਾਂ ਕਾਗਜ਼ੀ ਕਾਰਵਾਈ ਤੋਂ ਦੋ ਦਿਨ ਬਾਅਦ ਹੀ ਤਿੰਨ ਮਹੀਨਿਆਂ ਦੀ ਰਵੀਸ਼ਾ ਨੂੰ ਸਾਡੇ ਹੱਥਾਂ 'ਚ ਫੜ੍ਹਾ ਦਿੱਤਾ। ਬੈਂਕ ਵਾਲਿਆਂ ਸਾਫ਼ ਦੱਸ ਦਿੱਤਾ ਕਿ ਇਹ ਬੱਚੀ ਦਿੱਲੀ ਤੋਂ ਦੰਗਿਆਂ ਤੋਂ ਬਾਅਦ ਸਾਨੂੰ ਲਵਾਰਿਸ ਹਾਲਤ 'ਚ ਮਿਲੀ ਸੀ। ਸ਼ਾਇਦ ਇਹਦੇ ਮਾਂ-ਬਾਪ ਦੰਗਿਆਂ ਦੀ ਭੇਟ ਚੜ੍ਹ ਗਏ ਹੋਣ। ਸਾਨੂੰ ਕੋਈ ਬੁਰਾ ਨਹੀਂ ਲੱਗਿਆ ਰਵੀਸ਼ਾ ਬਾਰੇ ਸੁਣ ਕੇ। ਅਸੀਂ ਇਹਨੂੰ ਲੈ ਆਏ। ਰਵੀਸ਼ਾ ਦੇ ਆਉਣ ਤੋਂ ਬਾਅਦ ਤਾਂ ਜਿਵੇਂ ਸਾਡੀ ਜ਼ਿੰਦਗੀ ਹੀ ਬਦਲ ਗਈ ਹੋਵੇ। ਮੈਂ ਸਾਰਾ ਦਿਨ ਉਸੇ ਨਾਲ ਪਰਚੀ ਰਹਿੰਦੀ। ਉਹਦੇ ਮਾਸੂਮ ਚਿਹਰੇ ਨੂੰ ਵੇਖ ਮੈਨੂੰ ਵੀ ਲੱਗਦਾ ਜਿਵੇਂ ਮੇਰੀਆਂ ਸੁੱਕੀਆਂ ਛਾਤੀਆਂ 'ਚੋਂ ਦੁੱਧ ਦੀਆਂ ਧਾਰਾਂ ਵੱਗ ਗਈਆਂ ਹੋਣ। ਰਵੀਸ਼ਾ ਦੀ ਆਮਦ ਇਨ੍ਹਾਂ ਨੂੰ ਵੀ ਚੰਗੀ ਲੱਗੀ। ਇਹਨਾਂ ਘਰ-ਕਮਰਾ ਤਰ੍ਹਾਂ-ਤਰ੍ਹਾਂ ਦੇ ਖਿਡੌਣਿਆਂ ਨਾਲ ਭਰ ਦਿੱਤਾ ਸੀ।

ਆਰਕੀਟੈਕ ਦੇ ਕੰਮ 'ਚੋਂ ਇਨ੍ਹਾਂ ਨੂੰ ਕਾਫ਼ੀ ਪ੍ਰਸਿੱਧੀ ਮਿਲੀ। ਦਫ਼ਤਰ ਦੇ ਦੂਜੇ ਕਰਮਚਾਰੀ ਇਨ੍ਹਾਂ 'ਤੇ ਸੜ੍ਹਨ ਲੱਗੇ। ਉਨ੍ਹਾਂ ਦਾ ਵਿਹਾਰ ਵੀ ਇਨ੍ਹਾਂ ਪ੍ਰਤੀ ਤੰਗ ਕਰਨ ਵਾਲਾ ਸੀ। ਇਹ ਘਰ ਆ ਗੱਲਾਂ ਕਰਦੇ। ਮੈਂ ਇਹਨਾਂ ਨੂੰ ਸ਼ਾਂਤ ਰਹਿਣ ਲਈ ਕਹਿੰਦੀ ਰਹਿੰਦੀ ਸਾਂ। ਜਦੋਂ ਪੁੱਡਾ ਵਾਲਿਆਂ ਦਾ ਕੰਟਰੈਕਟ ਇਨ੍ਹਾਂ ਨੂੰ ਮਿਲਿਆ ਤਾਂ ਇਹ ਬਹੁਤ ਖ਼ੁਸ਼ ਹੋਏ-"ਕਿੰਦਰ, ਤੂੰ ਵੇਖੀਂ....ਹੁਣ ਬੱਸ ਇਹੋ ਕੰਮ ਕਰਨਾ ਏ.....ਮੁੜ ਕੇ ਇਹੋ-ਜਿਹੇ ਕੰਮ 'ਚ ਨਹੀਂ ਪੈਣਾ..ਕਿਤੇ ਵਧੀਆ ਥਾਂ 'ਤੇ ਜਾ ਕੇ ਰਹਾਂਗੇ।"

ਇਨ੍ਹਾਂ ਆਪਣੇ ਬੋਲਾਂ ਨੂੰ ਸੱਚ ਕਰ ਦਿਖਾਇਆ। ਦੇਹਰਾਦੂਨ ਬਣਿਆ-ਬਣਾਇਆ ਘਰ ਖਰੀਦ ਕੇ। ਇਨ੍ਹਾਂ ਨੂੰ ਕੰਟਰੈਕਟ 'ਚੋਂ ਕਾਫ਼ੀ ਮੁਨਾਫ਼ਾ ਹੋਇਆ ਸੀ। ਸਾਲ ਬਾਅਦ ਹੀ ਅਸੀਂ ਦੇਹਰਾਦੂਨ ਆ ਰਹਿਣ ਲੱਗੇ। ਆਸੇ-ਪਾਸੇ ਦੀ ਪਹਾੜੀ ਸੁੰਦਰਤਾ ਨੂੰ ਵੇਖ ਮੈਂ ਵੀ ਮਚਲ ਉੱਠੀ ਸਾਂ। ਉਂਜ ਤਾਂ ਚੰਡੀਗੜ੍ਹ ਵੀ ਠੀਕ ਸੀ, ਪਰ ਇੱਥੇ ਇੰਨਾ ਭੀੜ-ਭੜੱਕਾ ਨਹੀਂ ਸਗੋਂ ਸ਼ਾਂਤੀ ਜ਼ਿਆਦਾ ਸੀ।

ਇੱਥੇ ਆ ਇਹਨਾਂ ਨਾਖਾਂ ਦਾ ਬਾਗ ਠੇਕੇ 'ਤੇ ਲੈ ਲਿਆ। ਪਹਾੜੀ ਲੋਕਾਂ ਦੀ ਕੰਮ ਕਰਨ ਦੀ ਲਗਨ ਅਤੇ ਇਮਾਨਦਾਰੀ ਨਾਲ ਇਨ੍ਹਾਂ ਦਾ ਕੰਮ ਦੁੱਗਣਾ-ਤਿੱਗਣਾ ਹੋ ਗਿਆ। ਇਕ ਦਿਨ ਇਹ ਹਨੇਰੇ ਪਏ ਪਰਤੇ। ਬਿਸਤਰ 'ਤੇ ਲੇਟਣ ਲੱਗਿਆਂ ਕਹਿਣ ਲੱਗੇ-"ਕਿੰਦਰ....ਅੱਜ ਮੈਂ ਅਜੀਬ ਜਿਹੀ ਗੱਲ ਵੇਖੀ ਸੁਣੀ ਹੈ।"

"ਕਿਹੜੀ ?" ਮੈਂ ਇਹਨਾਂ ਦੇ ਹੋਰ ਨਜ਼ਦੀਕ ਹੋ ਗਈ ਸਾਂ।

"ਅੱਜ ਆਪਣਾ ਬਹਾਦਰ ਹੈ ਨਾ ਉਹਨੇ ਮੈਨੂੰ ਕਿਹਾ ਕਿ ਤੁਹਾਡੇ ਵਾਂਗ ਇਕ ਆਦਮੀ

ਸਾਡੇ ਘਰ ਕੋਲ ਵੀ ਰਹਿੰਦਾ ਹੈ। ਮੈਂ ਹੈਰਾਨ ਹੋ ਕੇ ਉਹਦੇ ਬਾਰੇ ਸਾਰਾ ਕੁਝ ਪੁੱਛਿਆ...ਤੇ ਉਹਨੂੰ ਬਾਗ ਦੀ ਨਿਗਰਾਨੀ ਕਰਨ ਲਈ ਕਹਿ ਕੇ ਉਹਦੇ ਘਰ ਵੱਲ ਚਲਾ ਗਿਆ.....ਤਾਂ ਦੇਖਿਆ ਗੁਆਂਢ 'ਚ ਇਕ ਬੁਢਾੜ ਜਿਹਾ ਬੰਦਾ ਹੱਡੀਆਂ ਦੀ ਮੁੱਠ ਬਣੀ ਮੰਜੇ 'ਤੇ ਬੈਠਾ ਸੀ।......ਉਹਦੀ ਪਤਨੀ ਕਹਿੰਦੇ ਕੁਝ ਚਿਰ ਪਹਿਲਾਂ ਮਰ ਗਈ ਸੀ.....ਕਿੰਦਰ ਸੱਚੀਂ....ਉਹਦੇ ਵੀ ਦਾੜ੍ਹੀ ਮੁੱਛ ਨਹੀਂ ਸੀ।" ਇਨ੍ਹਾਂ ਵਿਸਥਾਰ ਨਾਲ ਦੱਸਿਆ ਸੀ।

"ਹਾਂ......ਪਰ ਤੁਸੀਂ ਇਸ ਗੱਲ ਤੋਂ ਕੀ ਲੈਣਾ ਏ।......ਰੱਬ ਨੇ ਆਦਮੀ ਦੇ ਕਿੰਨੇ ਰੂਪ ਸਿਰਜੇ ਨੇ....ਕੋਈ ਕਾਲਾ ਹੈ....ਕੋਈ ਗੋਰਾ ਹੈ.....ਕੋਈ ਮਧਰਾ ਹੈ ਤੇ ਕੋਈ ਲੰਬਾ।" ਮੈਂ ਗੱਲ ਸੁਣ ਕੇ ਜਵਾਬ ਦਿੱਤਾ ਸੀ।

"ਨਹੀਂ, ਕਿੰਦਰ।.....ਤੂੰ ਮੇਰੀ ਗੱਲ ਸਮਝੀ ਨਹੀਂ।........ਉਹਦੇ ਘਰ ਵੀ ਕੋਈ ਬੱਚਾ ਨਹੀਂ ਹੋਇਆ........ਮੈਂ ਤਾਂ ਇਹੋ ਸੋਚਦਾ ਹਾਂ ਕਿ ਕਿਤੇ ਮੇਰੇ ਸਪਰਮ ਨਿੱਲ ਹੋਣ ਦਾ ਕਾਰਨ ਇਹ ਤਾਂ ਨਹੀਂ।" ਉਹ ਚਿੰਤਕਾਂ ਵਾਂਗ ਸੋਚਣ ਲੱਗ ਪਏ ਸਨ।

"ਨਹੀਂ, ਨਹੀਂ....ਤੁਸੀਂ ਵੀ ਬੱਸ ਐਵੇਂ ਹੀ ਮਨਘੜਤ ਗੱਲਾਂ 'ਚ ਪੈ ਜਾਂਦੇ ਹੋ।.......ਕਿੰਨੀ ਰਾਤ ਹੋ ਗਈ ਹੈ....ਚਲੋ ਸੌਂਵੋਂ ਹੁਣ।" ਮੈਂ ਲਾਈਟ ਬੰਦ ਕਰਦਿਆਂ ਕਿਹਾ ਸੀ।

ਉਦੋਂ ਨੀਂਦ ਮੈਨੂੰ ਵੀ ਨਹੀਂ ਆਈ ਸੀ। ਮੈਨੂੰ ਆਪਣੀ ਕਾਲਜ ਦੀ ਸਹੇਲੀ ਰੂਬੀ ਦਾ ਚਿਹਰਾ ਵਾਰ-ਵਾਰ ਯਾਦ ਆ ਰਿਹਾ ਸੀ।-"ਕਿੰਦੀ ਤੈਨੂੰ ਨਹੀਂ ਪਤਾ......ਇਹ ਮਨੁੱਖੀ ਹਾਰਮੋਨਜ 'ਚ ਹੀ ਕੋਈ ਖ਼ਰਾਬੀ ਹੁੰਦੀ ਹੈ ਕਿ ਜਿਸ ਨਾਲ ਆਦਮੀਆਂ ਦੇ ਮੁੱਛ-ਦਾੜ੍ਹੀ ਨਹੀਂ ਆਉਂਦੀ ਤੇ ਔਰਤਾਂ ਦੇ ਮੁੱਛ ਦਾੜ੍ਹੀ ਆ ਜਾਂਦੀ ਹੈ.....ਹੋ ਸਕਦੈ ਇਸ ਕਾਰਨ ਬੱਚਾ ਪੈਦਾ ਕਰਨ ਵਾਲੇ ਜੀਨ ਵੀ ਨਾ ਬਣਦੇ ਹੋਣ।"

ਮੈਂ ਰੂਬੀ ਦੀ ਉਦੋਂ ਇਸ ਗੱਲ ਬਾਰੇ ਬਹੁਤਾ ਧਿਆਨ ਨਾ ਦਿੱਤਾ। ਸਾਡੇ ਕਾਲਜ 'ਚ ਹਿੰਦੀ ਦੀ ਪ੍ਰੋਫੈਸਰ ਦੀਪਿਕਾ ਨੂੰ ਵੀ ਇਹੋ ਪ੍ਰਾਬਲਮ ਸੀ। ਉਹਨਾਂ ਦੇ ਚਿਹਰੇ 'ਤੇ ਮੁੱਛ-ਦਾੜ੍ਹੀ ਫੁੱਟ ਗਈ ਸੀ। ਭਾਵੇਂ ਉਨ੍ਹਾਂ ਲੇਜ਼ਰ ਦੀ ਸਹਾਇਤਾ ਨਾਲ ਇਸ ਨੂੰ ਕਾਫ਼ੀ ਹੱਦ ਤੱਕ ਮਿਟਾ ਲਿਆ ਸੀ, ਪਰ ਫਿਰ ਵੀ ਥੋੜ੍ਹਾ-ਥੋੜ੍ਹਾ ਚਿਹਰੇ 'ਤੇ ਗੌਰ ਕਰਨ 'ਤੇ ਪਤਾ ਲੱਗ ਜਾਂਦਾ ਸੀ। ਰੂਬੀ ਉਦੋਂ ਉਨ੍ਹਾਂ ਬਾਰੇ ਹੀ ਗੱਲ ਕਰ ਰਹੀ ਸੀ।

ਸਾਰੀ ਰਾਤ ਮੈਂ ਉਵੇਂ ਸੋਚਾਂ 'ਚ ਪਈ ਰਹੀ। ਰਾਜ ਨੇ ਵੀ ਰੂਬੀ ਵਾਂਗ ਗੱਲ ਕਰੀ ਸੀ। ਮੈਨੂੰ ਨੀਂਦ ਕਿੱਥੋਂ ਆਉਣੀ ਸੀ। ਸਵੇਰੇ ਉੱਠ ਕੇ ਵੇਖਿਆ ਇਹ ਸੈਰ ਲਈ ਨਿਕਲ ਗਏ ਸਨ। ਮੈਂ ਰਵੀਸ਼ਾ ਨਾਲ ਖੇਡੇ ਲੱਗੀ ਰਹੀ। ਇਹ ਬਾਗ 'ਚ ਚਲੇ ਗਏ। ਦੁਪਹਿਰੇ ਰੋਟੀ ਵੀ ਇਨ੍ਹਾਂ ਬਹਾਦਰ ਹੱਥੋਂ ਮੰਗਵਾ ਲਈ ਸੀ। ਬਹਾਦਰ ਨੂੰ ਵੇਖ ਮੈਨੂੰ ਗੁੱਸਾ ਤਾਂ ਆਇਆ ਪਰ ਮੈਂ ਅੰਦਰ ਹੀ ਪੀ ਗਈ। ਸ਼ਾਮ ਇਹ ਫਿਰ ਹਨੇਰੇ ਪਏ ਪਰਤੇ। ਚੁੱਪ-ਚੁੱਪ। ਮੇਰੇ ਤੋਂ ਰਿਹਾ ਨਾ ਗਿਆ-"ਕੀ ਗੱਲ ਚੁੱਪ ਬੜੇ ਹੋ?"

"ਨਹੀਂ, ਕੋਲ ਗੱਲ ਨਹੀਂ, ਬੱਸ ਊਂ ਈ।" ਇਹ ਮਸ੍ਹਾਂ ਹੀ ਬੋਲੇ ਸਨ।

"ਜੇ ਕੋਈ ਗੱਲ ਨਹੀਂ ਤਾਂ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖੋ ਤਾਂ...... ?" ਮੇਰੀ ਗੱਲ ਸੁਣਨ ਸਾਰ ਇਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਤੁਰੇ। ਮੇਰੇ ਤੋਂ ਵੇਖਿਆ ਨਾ ਗਿਆ।

"ਵੇਖੋ, ਜੇ ਕੋਈ ਦੁੱਖ ਹੈ ਤਾਂ ਮੈਨੂੰ ਦੱਸੋ....ਮੈਂ ਤੁਹਾਡੀ ਪਤਨੀ ਹਾਂ.....ਕੋਈ ਬਿਗਾਨੀ ਨਹੀਂ....ਦੁੱਖ-ਸੁੱਖ 'ਚ ਤੁਹਾਡਾ ਸਾਥ ਨਹੀਂ ਦੇਵਾਂਗੀ.....ਤਾਂ ਹੋਰ ਕੀ ਫਾਇਦਾ।....ਤੁਸੀਂ.....ਜੇ ਕੋਈ ਗੱਲ ਹੈ ਤਾਂ ਉਹਨੂੰ ਬਾਹਰ ਕੱਢੋ....ਦੱਸੇ ਨਾਲ ਹੀ ਮਨ ਅੰਦਰਲਾ ਭਾਰ ਹੌਲਾ ਹੁੰਦਾ ਹੈ।" ਮੇਰੇ ਅੰਦਰ ਵੀ ਖਲਬਲੀ ਜਿਹੀ ਮੱਚ ਉੱਠੀ ਸੀ।



"ਕਿੰਦਰ, ਅੱਜ ਮੈਂ ਬਾਗ 'ਚ ਬਹਾਦਰ ਨੂੰ ਮੇਰੇ ਬਾਰੇ ਕਿਸੇ ਹੋਰ ਨਾਲ ਗੱਲਾਂ ਕਰਦੇ ਸੁਣਿਐ....ਉਸ ਦੇ ਭਾਣੇ ਤਾਂ ਮੈਂ ਚਲਾ ਗਿਆ......ਪਰ ਮੈਂ ਉੱਥੇ ਹੀ ਕੋਨੇ 'ਚ ਖੜ੍ਹਾ ਸਾਂ। ਉਹ ਰਾਮੂ ਨਾਲ ਹੱਸ-ਹੱਸ ਗੱਲਾਂ ਕਰ ਰਿਹਾ ਸੀ ਮੇਰੇ ਬਾਰੇ......ਅਖੇ ਰਾਜ ਬਾਊ ਤੋ ਖੁਸਰਾ ਹੈ....ਮੁਝੇ ਤੋ ਨਾਮਰਦ ਲਗਤਾ ਹੈ......ਬਿਟੀਆਂ ਭੀ ਕਿਸੀ ਹੋਰ ਕੀ ਹੋਗੀ.....ਵੋਹ ਮਾਲਕਿਨ ਦੇਖੋਂ ਤੋ ਐਸੇ ਲਗਤੀ ਹੈ ਜੈਸੇ ਨਈਂ-ਨਈਂ ਸ਼ਾਦੀ ਹੁਈ ਹੋ....ਉਸਕੀ।" ਇਹ ਦੱਸਦਿਆਂ ਹੀ ਫਿਰ ਰੋਣ ਲੱਗ ਪਏ ਸਨ।

"ਤੁਸੀਂ ਲੋਕਾਂ ਦੀਆਂ ਗੱਲਾਂ ਵੱਲ ਧਿਆਨ ਹੀ ਕਿਉਂ ਦਿੰਦੇ ਹੋ.....ਭੌਂਕੀ ਜਾਣ ਜੋ ਵੀ ਭੌਂਕਦੇ ਨੇ।" ਮੈਂ ਕਹਿ ਤਾਂ ਦਿੱਤਾ ਪਰ ਇਹਨਾਂ ਕੋਈ ਬਹੁਤੀ ਢਾਰਸ ਨਾ ਮਹਿਸੂਸ ਕੀਤੀ। ਮਸ੍ਹਾਂ ਚੁੱਪ ਕਰਾਇਆ ਸੀ, ਇਹਨਾਂ ਨੂੰ। ਸੌਂ ਗਏ ਤਾਂ ਮੈਨੂੰ ਵੀ ਸੁਖਾਵਾਂ ਜਿਹਾ ਲੱਗਿਆ। ਸਾਰੀ ਰਾਤ ਇਹਨਾਂ ਬਾਰੇ ਸੋਚਦੀ ਰਹੀ। ਇਹਨਾਂ ਨੂੰ ਸੁੱਤੇ ਪਇਆਂ ਵੇਖਦੀ ਰਹੀ। ਔਰਤਾਂ ਦੇ ਵੀ ਤਾਂ ਦਾੜ੍ਹੀ ਮੁੱਛ ਆ ਜਾਂਦੀ ਹੈ ਤੇ ਜੇ ਆਦਮੀ 'ਚ ਕੁਝ ਫੀਮੇਲ ਜੀਨ ਆ ਗਏ ਤਾਂ ਕੀ ਹੋਇਆ। ਕੀ ਉਹਦੀ ਕੋਈ ਜ਼ਿੰਦਗੀ ਨਹੀਂ ਹੁੰਦੀ। ਇਹ ਸਮਾਜ ਕਿਉਂ ਨਹੀਂ ਜੀਣ ਦਿੰਦਾ ? ਕੀ ਅਜਿਹੇ ਮਨੁੱਖ ਨਹੀਂ ਹੁੰਦੇ ? ਆਖਰ ਕਿਉਂ ਹਮਦਰਦੀ ਦੀ ਅੱਖ ਨਾਲ ਨਹੀਂ ਵੇਖ ਸਕਦੇ ਲੋਕ ? ਮੈਨੂੰ ਅਜਿਹੇ ਤਮਾਸ਼ਬੀਨ ਲੋਕਾਂ ਬਾਰੇ ਸੋਚ ਬੜਾ ਗੁਸਾ ਆ ਰਿਹਾ ਸੀ। ਕਿਉਂ ਅਜਿਹੇ ਲੋਕ ਕਿਸੇ ਬੰਦੇ ਦੀ ਤਰੁੱਟੀ ਨੂੰ ਵੱਡਿਆਂ ਕਰਨ 'ਚ ਆਪਣਾ ਸ਼ੁਗਲ ਸਮਝਦੇ ਹਨ ?

ਕਿੰਨੇ ਸਵਾਲਾਂ ਦੇ ਚੱਕਰਵਿਊਆਂ 'ਚ ਘਿਰ ਗਈ ਸਾਂ ਮੈਂ।

"ਮਰਦ ਦੇ ਦਾੜ੍ਹੀ ਮੁੱਛ ਨਾ ਆਉਣ 'ਤੇ ਉਸ ਨੂੰ ਵਿਕਸਤ ਕਰਨਾ ਸਾਇੰਸਦਾਨਾਂ ਲਈ ਵੀ ਅਜੇ ਚੁਣੌਤੀ ਹੈ।.......ਸ਼ੁਕਰ ਐ ਦੀਪਿਕਾ ਮੈਡਮ ਔਰਤ ਨੇ।" ਰੂਬੀ ਦਾ ਚਿਹਰਾ ਫਿਰ ਸਾਹਮਣੇ ਆ ਗਿਆ ਸੀ। ਮੈਨੂੰ ਲੱਗਦਾ ਮੇਰੇ ਮੰਮੀ ਵੀ ਸ਼ਾਇਦ ਇਸੇ ਕਾਰਨ ਸਾਡੇ ਵਿਆਹ ਲਈ ਰਾਜੀ ਨਹੀਂ ਸਨ ਹੋਏ।

ਤੇ ਅਗਲੇ ਦਿਨ ਬਹਾਦਰ ਨੇ ਹੀ ਇਨ੍ਹਾਂ ਦੇ ਬੇਹੋਸ਼ ਹੋਣ ਬਾਰੇ ਆ ਦੱਸਿਆ ਸੀ। ਮੇਰੇ ਤਾਂ ਹੋਸ਼ ਉੱਡ ਗਏ। ਨੰਗੇ ਪੈਰੀਂ ਪਾਗਲਾਂ ਵਾਂਗ ਮੈਂ ਬਾਗ ਵੱਲ ਭੱਜੀ ਸਾਂ। ਬਹਾਦਰ ਨੇ ਟੈਕਸੀ ਕਰਾ ਇਨ੍ਹਾਂ ਨੂੰ ਜੀਪ 'ਚ ਬਿਠਾਇਆ। ਇਨ੍ਹਾਂ ਦੇ ਮੂੰਹ 'ਚੋਂ ਝੱਗ ਨਿਕਲ ਰਹੀ ਸੀ। ਅਜੇ ਹਸਪਤਾਲ ਦੇ ਨੇੜੇ ਹੀ ਪਹੁੰਚੇ ਸਾਂ ਕਿ ਇਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਤੇ ਮੂੰਹ ਅੱਡਿਆ ਰਹਿ ਗਿਆ। ਇਨ੍ਹਾਂ ਫਲਾਂ ਦੇ ਬੂਟਿਆਂ 'ਤੇ ਛਿੜਕਣ ਵਾਲੀ ਦਵਾ ਪੀ ਲਈ ਸੀ। ਵਾਪਸ ਘਰ ਲਾਸ਼ ਹੀ ਆਈ। ਪੁਲਸ ਨੂੰ ਪਤਾ ਨਹੀਂ ਕਿਸ ਨੇ ਦੱਸ ਦਿੱਤਾ, ਉਹ ਵੀ ਆ ਧਮਕੀ। ਇਨ੍ਹਾਂ ਦੀ ਕਮੀਜ ਦੀ ਜੇਬ 'ਚੋਂ ਕਾਗਜ਼ 'ਤੇ ਲਿਖਿਆ ਨੋਟਸ ਮਿਲ ਗਿਆ ਜਿਸ 'ਤੇ ਲਿਖਿਆ ਸੀ ਕਿ ਮੈਂ ਆਪਣੀ ਮੌਤ ਦਾ ਆਪ ਜ਼ਿੰਮੇਵਾਰ ਹਾਂ........ਮੇਰੇ ਪਰਿਵਾਰ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।

ਕਿੰਨੇ ਦਿਨ ਚੀਕ ਚਿਹਾੜਾ ਪਿਆ ਰਿਹਾ। ਸਾਰੇ ਰਿਸ਼ਤੇਦਾਰ ਇਕੱਠੇ ਹੋ ਗਏ। ਰਵੀਸ਼ਾ ਤਾਂ ਰੋ-ਰੋ ਪਾਗਲ ਹੋ ਗਈ ਸੀ। ਕੀ ਉਨ੍ਹਾਂ ਨੇ ਮੈਨੂੰ ਆਪਣੀ ਨਹੀਂ ਸਮਝਿਆ ? ਮੈਂ ਤਾਂ ਆਪਣੇ-ਆਪ ਨੂੰ ਸੂਲੀ 'ਤੇ ਲਟਕਾ ਉਮਰ ਭਰ ਲਈ ਉਨ੍ਹਾਂ ਨੂੰ ਆਪਣਾ ਸਾਥੀ ਸਮਝ ਲਿਆ ਸੀ। ਫਿਰ ਉਹਨਾਂ ਬੁਝਦਿਲਾਂ ਵਾਲਾਂ ਰਸਤਾ ਕਿਉਂ ਤੈਅ ਕੀਤਾ ? ਕਿੰਨੇ ਸਵਾਲ ਮਨ 'ਚ ਭਟਕਣ ਲੱਗ ਪਏ ਸਨ। ਪਰ ਇਹਨਾਂ ਦਾ ਜਵਾਬ ਤਾਂ ਉਹ ਆਪਣੇ ਨਾਲ ਹੀ ਲੈ ਗਏ ਸਨ।

"ਬੀਬੀ ਜੀ, ਕਯਾ ਹੂਆ ਆਪ ਰੋ ਰਹੀ ਹੈਂ ?" ਸ਼ੀਲਾ ਦੀ ਆਵਾਜ਼ ਨੇ ਸੋਚਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਮੈਂ ਅੱਥਰੂ ਪੂੰਝ ਉਸ ਵੱਲ ਵੇਖਿਆ ਹੈ, ਉਹ ਕਮਰੇ ਦੀ ਬਰੂਹ 'ਤੇ ਖੜ੍ਹੀ ਹੈ।

"ਕੋਈ ਗੱਲ ਨਹੀਂ....ਬੱਸ ਊਂ ਈ ਇਨ੍ਹਾਂ ਦੀ ਯਾਦ ਆ ਗਈ......।" ਮੈਂ ਫੋਟੋ ਰੈਕ 'ਚ

ਰੱਖਦਿਆਂ ਸ਼ੀਲਾ ਨੂੰ ਕਿਹਾ ਹੈ–"ਤੂੰ ਆਹ ਕੱਚ ਬਾਹਰ ਸੁੱਟ ਆ।"

"ਅਰੇ ਬੀਬੀ ਜੀ ਰੈਕ ਕਾ ਸ਼ੀਸ਼ਾ ਕੈਸੇ ਟੂਟ ਗਯਾ ?" ਉਹ ਡਸਟਬਿਨ ਚੁੱਕ ਸ਼ੋਅ ਕੇਸ ਵੱਲ ਵੇਖਦਿਆਂ ਬੋਲੀ ਸੀ।

"..........।" ਮੇਰੇ ਤੋਂ ਕੁਝ ਨਾ ਕਿਹਾ ਗਿਆ।

ਮੈਨੂੰ ਚੁੱਪ ਵੇਖ ਉਹ ਡਸਟਬਿਨ ਲੈ ਬਾਹਰ ਚਲੀ ਗਈ ਹੈ। ਮੈਂ ਵੀ ਸ਼ੁਕਰ ਮਨਾਇਆ ਹੈ। ਨਹੀਂ ਇਹਨੇ ਕਈ ਸਵਾਲ ਹੋਰ ਕਰਨ ਲੱਗ ਪੈਣੇ ਸਨ।

ਮੇਰੀ ਨਜ਼ਰ ਦੁਬਾਰਾ ਫਿਰ ਸ਼ੋਅ ਕੇਸ 'ਚ ਪਈਆਂ ਫੋਟੋਆਂ 'ਤੇ ਚਲੀ ਗਈ ਹੈ। ਖਾਲੀ ਫਰੇਮ ਰਵੀਸ਼ਾ ਨੇ ਹੀ ਚੰਡੀਗੜ੍ਹੋਂ ਲਿਆਂਦਾ ਸੀ। ਇਸ ਵਿੱਚ ਪਹਿਲਾਂ ਮਨਿਕ ਦੀ ਫੋਟੋ ਹੁੰਦੀ ਸੀ। ਮਨਿਕ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗ ਪਿਆ ਹੈ। ਮੇਰੇ ਤੋਂ ਖੜ੍ਹਿਆ ਨਹੀਂ ਜਾ ਰਿਹਾ। ਫਰੇਮ ਤੋਂ ਨਜ਼ਰ ਹਟਾ ਬੈੱਡ 'ਤੇ ਲੇਟ ਗਈ ਹਾਂ।

ਰਵੀਸ਼ਾ ਦੀ ਨਰਾਜ਼ਗੀ ਦਾ ਕਾਰਨ ਮਨਿਕ ਹੀ ਤਾਂ ਹੈ। ਜਦੋਂ ਉਹਨੇ ਆਪਣੇ ਲਵ ਕਰਨ ਬਾਰੇ ਪਹਿਲੀ ਵਾਰ ਮੈਨੂੰ ਦੱਸਿਆ ਸੀ ਤਾਂ ਮੈਂ ਖ਼ੁਸ਼ੀ ਨਾਲ ਝੂਮ ਉੱਠੀ ਸਾਂ। ਆਖਰ ਦੁੱਖ ਵਾਲੀ ਗੱਲ ਹੀ ਕਿਹੜੀ ਸੀ। ਨੌਜਵਾਨ ਮੁੰਡਾ-ਕੁੜੀ ਜੇ ਇਕ-ਦੂਜੇ ਨੂੰ ਪਸੰਦ ਕਰਦੇ ਹਨ, ਇਕ-ਦੂਜੇ ਨੂੰ ਸਮਝਦੇ ਹਨ ਤਾਂ ਕਿਸੇ ਵੀ ਮਾਂ-ਪਿਉ ਨੂੰ ਕਿਸ ਗੱਲ ਦਾ ਦੁੱਖ। ਮੈਂ ਵੀ ਝੱਟ ਹਾਂ ਕਰ ਦਿੱਤੀ ਸੀ ਉਸਨੂੰ। ਅਗਲੀ ਵਾਰ ਉਸਨੇ ਮਨਿਕ ਦੀ ਤਸਵੀਰ ਵਾਲਾ ਫਰੇਮ ਮੈਨੂੰ ਵਿਖਾਉਂਦਿਆਂ ਕਿਹਾ-"ਮੰਮੀ ਵੇਖੋ.....ਇਹ ਹੈ ਮੇਰੀ ਪਸੰਦ......ਧਿਆਨ ਨਾਲ ਵੇਖਣਾ.....ਇਹ ਕਲੀਨ ਸ਼ੇਵ ਨਹੀਂ.......ਸਗੋਂ ਡੈਡੀ ਵਾਂਗ ਇਨ੍ਹਾਂ ਦੇ ਵੀ ਦਾੜ੍ਹੀ-ਮੁੱਛ ਨਹੀਂ ਆਈ......ਮੰਮੀ ਵਧੀਆ ਗੱਲ ਹੈ ਨਾ, ਸ਼ੇਵ ਦੇ ਪੈਸੇ ਬਚਣਗੇ।" ਉਹ ਖਿੜਖਿੜਾ ਕੇ ਹੱਸ ਪਈ ਸੀ।

ਪਰ ਮੇਰੇ ਅੰਦਰ ਤਾਂ ਜਿਵੇਂ ਜਵਾਲਾ ਮੁੱਖੀ ਫੱਟ ਗਿਆ ਹੋਵੇ। ਬੀਤੇ ਦੇ ਕਿੰਨੇ ਦ੍ਰਿਸ਼ ਭਾਰੂ ਹੋ ਗਏ ਸਨ। ਬੁਰੇ ਖਿਆਲ ਦੁੜੰਗੇ ਮਾਰਨ ਲੱਗੇ। ਇਨ੍ਹਾਂ ਦਾ ਚਿਹਰਾ ਅੱਖਾਂ ਮੂਹਰੇ ਆ ਹੱਸਣ ਲੱਗਾ। ਆਪਣੇ ਦਾੜ੍ਹੀ-ਮੁੱਛ ਦੇ ਨਾ ਆਉਣ ਦੇ ਕੰਪਲੈਕਸ 'ਚ ਹੀ ਇਨ੍ਹਾਂ ਆਤਮ-ਹੱਤਿਆ ਜਿਹਾ ਘਿਨਾਉਣਾ ਕਦਮ ਚੁੱਕਿਆ ਸੀ। ਕੁਝ ਵੀ ਨਾ ਸੋਚਿਆ ਮੇਰੇ ਤੇ ਰਵੀਸ਼ਾ ਬਾਰੇ।

"ਨਹੀਂ ਰਵੀਸ਼ਾ ਨਹੀਂ, ਤੇਰੀ ਸ਼ਾਦੀ ਮਨਿਕ ਨਾਲ ਨਹੀਂ ਹੋ ਸਕਦੀ।" ਮੈਂ ਵੀ ਅੰਤਮ ਫੈਸਲਾ ਸੁਣਾ ਦਿੱਤਾ ਸੀ। ਉਹ ਰੁੱਸ ਕੇ ਦੂਜੇ ਕਮਰੇ 'ਚ ਚਲੀ ਗਈ। ਸਾਰੀ ਰਾਤ ਉਹਨੇ ਮੇਰੇ ਨਾਲ ਕੋਈ ਗੱਲ ਨਾ ਕੀਤੀ। ਸਵੇਰੇ ਹੁੰਦਿਆਂ ਉਹ ਮਨਿਕ ਦੀ ਫੋਟੋ ਲੈ ਚੰਡੀਗੜ੍ਹ ਚਲੀ ਗਈ। ਮੁੜ ਕੇ ਕੋਈ ਫੋਨ ਵੀ ਨਾ ਕੀਤਾ ਉਸਨੇ।

ਟਰਨ.......ਟਰਨ.........ਟਰਨ

"ਅਰੇ ਬੀਬੀ ਜੀ, ਫੋਨ ਕੀ ਗੰਟੀ ਬਜ ਰਹੀ ਹੈ। ਆਪ ਉਠਾ ਕਿਉਂ ਨਹੀਂ ਰਹੀ।" ਸ਼ੀਲਾ ਮੈਨੂੰ ਹਲੂਣਦਿਆਂ ਬੋਲੀ ਹੈ। ਮੈਂ ਫੋਨ ਵੱਲ ਤੁਰ ਪਈ ਹਾਂ। ਰਿੰਗ ਵੱਜੀ ਜਾ ਰਹੀ ਹੈ। ਰਵੀਸ਼ਾ ਦਾ ਹੀ ਫੋਨ ਹੋਵੇਗਾ। ਲੱਗਦੈ ਉਹਨੇ ਮੇਰੀ ਗੱਲ ਮੰਨ ਲਈ ਹੋਣੀ ਹੈ। ਮੈਂ ਕਾਹਲੀ ਨਾਲ ਫੋਨ ਚੁੱਕ ਹੈਲੋ ਕਿਹਾ ਹੈ।

"ਮੰਮੀ ਜੀ, ਤੁਸੀਂ ਬੜ੍ਹੇ ਜ਼ਿੱਦੀ ਨਿਕਲੇ.........ਪਰ ਮੈਂ ਵੀ ਤੁਹਾਡੀ ਬੇਟੀ ਹਾਂ.....ਤੁਸੀਂ ਮਨਿਕ ਨੂੰ ਪਸੰਦ ਨਹੀਂ ਕਰਦੇ ਤਾਂ ਨਾ ਸਹੀ.....ਮੈਂ ਤਾਂ ਉਹਦੇ ਬਿਨ੍ਹਾਂ ਜੀ ਨਹੀਂ ਸਕਦੀ....ਤੁਹਾਡੇ ਬਗੈਰ ਵੀ ਸ਼ਾਦੀ ਹੋ ਸਕਦੀ ਹੈ.....ਅਸੀਂ ਕੋਰਟ ਮੈਰਿਜ ਕਰਵਾ ਰਹੇ ਹਾਂ!"

ਆਵਾਜ਼ ਸੁਣ ਮੇਰੇ ਹੱਥੋਂ ਰਸੀਵਰ ਡਿੱਗ ਪਿਆ ਹੈ।





# ਲਾਲ ਸਿੰਘ ਦਿਲ ਦੀਆਂ ਤਿੰਨ ਕਵਿਤਾਵਾਂ

## ਸਮੇਂ ਦੇ ਤਿੰਨ ਸੂਰਬੀਰ

ਸਾਇਕਲ
ਇਹ ਇਨਕਲਾਬਾਂ ਦਾ
ਮੋਹਰੀ ਰਿਹਾ ਹੈ
ਉਹ ਬਰਫ਼ ਦੀਆਂ ਝੀਲਾਂ ਲੰਘਿਆ
ਵਾਹੇ ਖੇਤਾਂ ਨੂੰ ਪਾਰ ਕੀਤਾ
ਸ਼ਿਕਾਰੀ ਕੁੱਤਾ
ਪੂਰਬੀ ਤਾਰਾ
ਰੌਬਿਨ ਹੁੱਡ ਆਦਿ
ਵਿਸ਼ੇਸ਼ਣਾਂ ਤੋਂ ਪਹਿਲਾਂ
ਇਹ ਕਾਠ ਦਾ ਘੋੜਾ ਹੁੰਦਾ ਸੀ
ਫਿਰ ਫੌਲਾਦੀ ਘੋੜਾ
ਦਰਿਆਈ ਘੋੜਾ
ਇਹ ਪਹਿਲਾ ਸੂਰਬੀਰ ਹੈ।
ਦੂਜੇ ਖੁਸ਼ਬੂ ਦਾਰ ਸਿਖਰ ਦੁਪੱਤੀ
ਚਿੱਟੀ ਚਮੇਲੀ
ਯਾਨੀ ਕਿ ਚਾਹ
ਇਨਸਾਨ ਦੇ ਲੱਖਾਂ ਦੁੱਖ ਟੁੱਟੇ
ਖਿਆਲ ਦਮ ਕੇ
ਕਿਤਾਬਾਂ 'ਚ ਰੁਝੇ ਰਹਿਣ ਦੀ
ਲਗਨ ਵਧੀ
ਜੋ ਚਾਹ ਨਹੀਂ ਪੀਂਦੇ
ਉਹ ਬਹੁਤ ਜ਼ਿਆਦਾ ਸੌਂਦੇ ਨੇ
ਇਸਨੇ ਮੁਲਕ ਨੂੰ
ਘੁਮਿਆਰ ਦੇ ਚੱਕ ਵਾਂਗ
ਘੁੰਮਾ ਦਿੱਤਾ
ਸਭਿਆਚਾਰ ਸਾਂਝੇ ਹੋਣ ਲੱਗੇ।
ਤੀਜੇ ਉੱਡਣ ਪਰੀ
ਦੌੜਾਕ
ਪੀ. ਟੀ. ਊਸ਼ਾ
ਮੈਂ ਉਸ ਨੂੰ ਤਸਵੀਰਾਂ ਵਿੱਚ ਹੀ
ਦੇਖ ਸਕਿਆ ਹਾਂ
ਉਸਨੇ ਜਿਵੇਂ
ਦਿਨਾਂ ਨੂੰ ਰੰਗ ਦਿੱਤਾ
ਮੈਨੂੰ ਉਹ ਆਪਣੀ ਹੀ
ਕਵਿਤਾ ਲਗਦੀ ਰਹੀ
ਜੇ ਉਹ ਸਵੀਕਾਰ ਕਰੇ
ਤਾਂ ਮੈਂ ਉਸਨੂੰ
ਵਿਸ਼ਵ ਮਹਾਂ ਸੁੰਦਰੀ ਦਾ
ਖਿਤਾਬ ਦਿੱਤਾ।

## ਸੱਚ

ਜਦ ਕੋਈ ਸਦੀਵੀ ਸੱਚ
ਹੈ ਹੀ ਨਹੀਂ
ਤਾਂ ਫਿਰ ਮੇਰੇ ਸੱਚ ਤੋਂ
ਭਾਵ ਹੈ
ਮੇਰਾ ਸੱਚ
ਤੇਰੇ ਸੱਚ ਤੋਂ ਭਾਵ ਹੈ
ਤੇਰਾ ਸੱਚ।

## ਬਰਸੀ ਕਾਰਲ ਮਾਰਕਸ

ਢਹਿੰਦੀ ਨੂੰ ਧਰਵਾਸ ਦਿੰਦਾ ਕੌਣ ਹੈ।
ਕੁਈ ਆਸੇ ਤੇ ਵਿਸ਼ਵਾਸ ਦਿੰਦਾ ਕੌਣ ਹੈ॥

ਕਿਹੜਾ ਹੈ ਧਰਮਾਤਮਾ ਕੁਈ ਏਹੋ ਜਿਹਾ।
ਕੁਈ ਚੰਦਨਾਂ ਦੀ ਬਾਸ ਦਿੰਦਾ ਕੌਣ ਹੈ॥

ਦੇ ਰਿਹਾ ਏ ਹੌਂਸਲਾ ਡੁੱਬਣ ਵਾਲੇ ਨੂੰ।
ਦੇਖੀਏ ਇਹ ਕਿ ਹੁਲਾਸ ਦਿੰਦਾ ਕੌਣ ਹੈ।

ਕਹਿੰਦਾ ਹੈ ਜੋ ਬਿਹਤਰੀ ਦੀ ਆਸ ਰੱਖ,
ਜੁਗਨੂੰ ਜਿਉਂ ਜਗਿਆਸ ਦਿੰਦਾ ਕੌਣ ਹੈ।

ਸੁਲ੍ਹਾ ਹੈ ਜੋ ਤੀਰਗੀ ਆਉਧ ਨੂੰ ਪੁੱਜੀ,
ਤਾਰਾ ਇਹ ਸੁਨੇਹਾ ਖ਼ਾਸ ਦਿੰਦਾ ਕੌਣ ਹੈ।

## ਮੈਂ ਗੀਤ ਲਿਖਣੇ ਹਨ/ਦੇਵਿੰਦਰ ਬਿਮਰਾ

ਸੋਹਣੀ ਸਰਕਾਰ ਦੇ ਮਾੜੇ ਕਾਰਨਾਮਿਆਂ ਦੇ
ਗੀਤ ਲਿਖਾਂ ਸਿਫ਼ਤਾਂ ਕਰਾਂ
ਜਾਂ
ਮਾੜੇ ਕਾਰਨਾਮਿਆਂ ਨੂੰ ਦੇਖਕੇ
ਅਫ਼ਸੋਸ 'ਚ ਸਿਰ ਝੁਕਾਕੇ ਬੈਠਾ ਰਹਾਂ

ਸਮਝ ਨਹੀਂ ਆਉਂਦਾ ਕੀ ਲਿਖਾਂ ਜਾਂ ਕੀ ਕਰਾਂ
ਕੀ ਪੁਲਿਸ ਦੇ ਉਨ੍ਹਾਂ ਛਾਪਿਆਂ ਤੇ ਮਾਣ ਕਰਾਂ
ਕਿ ਉਨ੍ਹਾਂ ਨੇ ਬੇਦੋਸ਼ੇ ਲੋਕਾਂ ਨੂੰ ਫੜ੍ਹ ਲਿਆ ਹੈ
ਜਿਨ੍ਹਾਂ ਨੂੰ ਫੜ੍ਹ ਕੇ ਉਹ ਆਪਣੀ ਧੋਈ ਵਰਦੀ ਤੇ
ਤਗਮੇ ਲਗਵਾਉਣਾ ਚਾਹੁੰਦੇ ਹਨ
ਜਾਂ ਉਨ੍ਹਾਂ ਤੇ ਮਾਣ ਕਰਾਂ
ਜਿਹੜੇ ਦੋਸ਼ੀ ਹੋ ਕੇ ਵੀ ਕਾਮਯਾਬੀ ਨਾਲ
ਨਿਰਦੋਸ਼ ਹੋ ਕੇ ਹੋਰ ਨਿਰਦੋਸ਼ਾਂ ਤੇ ਰੋਅਬ ਪਾਉਂਦੇ ਹਨ।

ਦੇਖੋ ਜੀ ਗੀਤ ਤਾਂ ਮੈਂ ਲਿਖਣਾ ਹੈ ਜ਼ਰੂਰ
ਸੱਚਾ ਲਿਖਾਂ ਜਾਂ ਝੂਠ
ਸੱਚ ਲਿਖਾਂ ਤਾਂ ਹੋ ਸਕਦਾ ਹੈ ਮੈਨੂੰ
ਦੋਸ਼ੀ ਕਹਿਕੇ ਬਣਾ ਲਿਆ ਜਾਵੇ ਬੰਦੀ
ਤੇ ਝੂਠ ਤੇ ਮੈਨੂੰ ਮਿਲ ਜਾਣ
ਇਨਾਮਾਂ ਦੇ ਭੰਡਾਰ
ਤੇ ਸਨਮਾਨਾਂ ਦੀਆਂ ਕਈ ਸ਼ਾਲਾਂ
ਮੈਂ ਆਪਣੇ ਤੋਂ ਵੱਡਿਆਂ ਦੀ ਰੀਸ ਕਰਾਂ
ਜਾਂ ਆਪਣਾ ਅਲਗ ਬਣਾਵਾਂ ਇਕ ਮੁਕਾਮ
ਇੰਜ ਹੋਇਆ ਤਾਂ ਮੇਰੇ ਉਹ ਵੱਡੇ
ਵੱਢ ਖਾਣ ਨੂੰ ਪੈਣਗੇ
ਕਿਉਂਕਿ ਜਿਹੜੇ ਕੰਮਾਂ ਤੋਂ ਉਹ ਸਾਨੂੰ ਵਰਜਦੇ ਹਨ
ਉਹੀ ਕੰਮ ਕਰਕੇ ਉਹ ਵੱਡੇ ਹਨ
ਤੇ ਭੁੱਲ ਗਏ ਹਨ ਆਪਣੇ ਧੋਖਿਆਂ ਅਤੇ ਹੋਰ
ਵਿਲੱਖਣ ਕਾਰਨਾਮਿਆਂ ਨੂੰ
ਸਾਨੂੰ ਪੁੱਠੇ-ਸਿੱਧੇ ਸੁਨੇਹੇ, ਹੁਕਮ ਤੇ ਸਲਾਹਾਂ ਦੇ ਕੇ



ਉਹ ਸਾਨੂੰ ਚਾਹੁੰਦੇ ਹਨ ਦੱਸਣਾ ਕਿ
ਕੰਮ ਕਰਨਾ ਜ਼ਰੂਰੀ ਨਹੀਂ
ਸਰਕਾਰ ਚਾਹੁੰਦੀ ਹੈ
ਕੰਮ ਮੁਕੰਮਲ ਹੋਇਆ ਦਰਸਾਉ
ਹੈ ਜਾਂ ਨਹੀਂ
ਇਹ ਤਾਂ ਇੰਜ ਹੋਇਆ ਕਿ
ਆਖਿਆ ਜਾਵੇ
ਫਲਾਂ ਬਿਮਾਰੀ ਤੇ ਕਾਬੂ ਪਾ ਲਿਆ ਹੈ
ਬਿਨਾਂ ਸਹੂਲਤਾਂ ਤੋਂ
ਤੇ ਲੋਕ ਭਾਵੇਂ ਮਰ-ਮੁਕ ਜਾਣ
ਨਹੀਂ, ਮੈਂ ਕਿਵੇਂ ਲਿਖ ਸਕਦਾ ਹਾਂ
ਜਾਂ ਗਾ ਸਕਦਾ ਹਾਂ।
ਸੋਹਣੀ ਸਰਕਾਰ ਦੇ ਮਾੜੇ ਕਾਰਨਾਮਿਆਂ ਦੇ ਗੀਤ

ਮੈਂ ਤਾਂ ਗੀਤ ਲਿਖਣੇ ਹਨ
ਸੁਹਿਰਦ ਲੋਕਾਂ ਦੇ
ਦੁੱਖ-ਦਰਦ ਸੁਣਦੇ ਲੋਕਾਂ ਦੇ
ਤਕਲੀਫ਼ਾਂ ਸਹਿ ਕੇ ਤਕਲੀਫ਼ ਦੂਰ ਕਰਦੇ ਲੋਕਾਂ ਦੇ
ਦਰਦ ਹੰਢਾ ਰਹੇ ਲੋਕਾਂ ਨਾਲ ਇੱਕ-ਮਿੱਕ ਹੋਏ ਲੋਕਾਂ ਦੇ
ਥੁੜ੍ਹਾਂ, ਭੁੱਖਾਂ ਨਾਲ ਲੜਦੇ ਲੋਕਾਂ ਦੇ
ਅਤੇ ਉਨ੍ਹਾਂ ਨੇਤਾਵਾਂ ਦੇ
ਜੋ ਸੱਚਮੁਚ ਸਾਡੇ ਹਨ, ਸਾਡੇ ਆਮ ਲੋਕਾਂ ਦੇ
ਮੈਂ ਉਨ੍ਹਾਂ ਦੇ ਨਾਲ ਮਿਲ ਕੇ
ਉੱਚੀ-ਉੱਚੀ ਗੀਤ ਗਾਉਣਾ ਚਾਹੁੰਦਾ ਹਾਂ
ਜਿਹੜੇ ਸਾਡੇ ਵਿਚਕਾਰ ਖੜ੍ਹਕੇ
ਸਾਡੇ ਨਗਮਿਆਂ ਦੀ ਰਮਜ਼ ਪਛਾਨਣ
ਪਰ ਮੈਂ ਉਹ ਗੀਤ ਨਹੀਂ ਲਿਖਣੇ
ਉਹ ਗੀਤ ਨਹੀਂ ਗਾਉਣੇ ਜਿਹੜੇ
ਸਾਡੇ ਨਾ ਹੋਣ
ਪਰਾਏ ਹੋਣ।

# ਪੰਜਾਬੀ ਨਾਵਲ ਵਿੱਚ - ਸਮਾਜਿਕ ਸਪੇਸ ਅਤੇ ਕੁਦਰਤੀ ਸਪੇਸ ਦਾ ਤਣਾਓ

**/ਡਾ ਪਰਮਿੰਦਰ ਸਿੰਘ**

ਬਸਤੀਵਾਦੀ ਅਧਿਐਨ ਵਿੱਚ ਸਦਾ ਹੀ ਸਮਾਜਿਕ ਸਪੇਸ ਅਤੇ ਕੁਦਰਤੀ ਸਪੇਸ ਦਾ ਤਣਾਅ ਬਣਿਆ ਰਹਿੰਦਾ ਹੈ। ਸਮਾਜਿਕ ਸਪੇਸ ਬਸਤੀਕ੍ਰਿਤ ਹੋਇਆ ਕਰਦੀ ਹੈ ਕਿਉਂਕਿ ਇਸ ਉੱਪਰ ਬਸਤੀਕਾਰ ਦਾ ਗਲਬਾ ਹੁੰਦਾ ਹੈ। ਬਸਤੀਵਾਦੀ ਸਮਾਜਿਕ ਸਪੇਸ ਅੰਦਰ ਕਾਰਜਾਂ, ਅਰਥਾਂ ਅਤੇ ਕੀਮਤਾਂ ਦਾ ਜਟਿਲ ਖੇਤਰ ਸਿਰਜਣ ਲਈ ਵਿਸ਼ਾ ਬਦਲੂ ਬਣਤਰਾਂ ਕਾਰਜਗਤ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਯੂਰਪੀਅਨ ਆਪੇ ਨੂੰ ਉੱਤਮ ਅਤੇ ਗ਼ੈਰ-ਯੂਰਪੀਅਨ ਨੂੰ ਨਿਮਨ ਪਰ ਜ਼ਰੂਰੀ ਵਜੋਂ ਸਥਾਪਿਤ ਕੀਤਾ ਜਾਂਦਾ ਹੈ। ਉਪਰੋਕਤ ਆਪੇ ਦੇ ਵਿਰੋਧੀ ਜੁੱਟ ਵਿੱਚ ਦੂਜੇ (Other)ਦੀ ਧਾਰਨਾ ਸਿਰਜੀ ਜਾਂਦੀ ਹੈ ਆਪੇ ਅਤੇ ਦੂਜੇ ਦੀਆਂ ਉਪਰੋਕਤ ਮੈਟਰੋਪੌਲੀਟਨ ਉਸਾਰੀਆਂ ਵਿਸ਼ਵ ਵਿੱਚ ਯੂਰਪੀਅਨ ਤਾਕਤ ਦੇ ਖੇਤਰੀ, ਸੈਨਿਕ, ਰਾਜਨੀਤਿਕ ਅਤੇ ਆਰਥਿਕ ਵਿਸਥਾਰਾਂ ਨਾਲ ਜੁੜੀਆਂ ਹੋਈਆਂ ਹਨ। ਇਸ ਪ੍ਰਕਿਰਿਆ ਨੂੰ ਹੀ ਅਸੀਂ ਸਾਮਰਾਜੀ ਜਾਂ ਬਸਤੀਵਾਦੀ ਸਪੇਸ ਦਾ ਨਾਮ ਦਿੰਦੇ ਹਾਂ।1

*ਐਡਵਰਦ ਸੈੱਦ ਅਨੁਸਾਰ ਪਹਿਚਾਣ ਦੀ ਸਮਾਜਿਕ ਉਸਾਰੀ ਦੀਆਂ ਪ੍ਰਕਿਰਿਆਵਾਂ ਕੇਵਲ ਸਧਾਰਨ ਮਾਨਸਿਕ ਕਾਰਜ ਹੀ ਨਹੀਂ ਕਰਦੀਆਂ ਬਲਕਿ ਇਹ ਤਾਂ ਤੀਬਰ ਸਮਾਜਿਕ ਮੁਕਾਬਲਿਆਂ ਨੂੰ ਸ਼ਾਮਿਲ ਕਰਦੇ ਸਥੂਲ ਰਾਜਨੀਤਿਕ ਮੁੱਦੇ ਹਨ ਜਿਨ੍ਹਾਂ ਵਿੱਚ ਖ਼ਾਸ ਕਰ ਹਿੰਸਾ, ਕਾਨੂੰਨ ਅਤੇ ਨੀਤੀ ਆਦਿ ਸ਼ਾਮਿਲ ਹਨ। ਇਹਨਾਂ ਦੁਆਰਾ ਕਾਰਜਗਤ ਕੀਤੇ ਸਮਾਜਿਕ ਉਸਾਰ, ਅਰਥ ਅਤੇ ਕਾਰਜ ਸਾਮਰਾਜੀ ਦੁਨੀਆਂ ਦੇ ਰਾਜਨੀਤਕ ਧਰਾਤਲਾਂ ਅਤੇ ਅਸਮਾਨ ਪਦਾਰਥ ਦੇ ਦਿਲ ਹਨ।2*

ਇਸ ਪ੍ਰਕਾਰ ਬਸਤੀਵਾਦੀ ਸਮਾਜਿਕ ਸਪੇਸ ਦੇ ਅੰਤਰਗਤ ਤਾਕਤ ਅਤੇ ਪਹਿਚਾਣ ਦੇ ਧੁਰਿਆਂ ਦੁਆਲੇ ਕਾਰਜ ਨੂੰ ਵਿਆਖਿਅਤ ਕੀਤਾ ਗਿਆ ਹੈ। ਇਸ ਨਾਲ ਹੋਰ ਵੀ ਬਹੁਤ ਸਾਰੇ ਦੂਹਰੇ ਸੰਕਲਪਾਤਮਕ ਜੁੱਟ ਸਾਹਮਣੇ ਆਏ ਹਨ ਜਿਹੜੇ ਕਿ ਇਸ ਤਾਕਤ ਦੇ ਆਧਾਰ ਭੂਤ ਵਿੱਚ ਉਲਝੇ ਹੋਏ ਹਨ। ਇਹਨਾਂ ਦੂਹਰੇ ਸੰਕਲਪਾਂ ਵਿੱਚ ਕੇਂਦਰ ਅਤੇ ਕਿਨਾਰਾ, ਅੰਦਰੂਨੀ ਅਤੇ ਬਾਹਰੀ ਉੱਤਰ ਨੂੰ ਦੱਖਣ ਸ਼ਾਮਿਲ ਹਨ ਜੋ ਕਿ ਹਾਈ ਬ੍ਰੈਡਟੀ, ਡਾਇਸਪੋਰਕ, ਕਰਿਓਲੀਕਰਣ ਤੇ ਉੱਤਰ ਬਸਤੀਵਾਦਿਤਾ ਦੀ ਟਰਮ ਵਜੋਂ ਆਪੇ ਵਿੱਚ ਬਸਤੀਵਾਦੀ ਬਣਤਰਾਂ ਨੂੰ ਇਕੱਠਿਆਂ ਕਰਦੇ ਹਨ।

ਬਸਤੀਵਾਦੀ ਸਪੇਸ ਦੀਆਂ ਉਸਾਰੀਆਂ ਕੇਵਲ ਉਸ ਭੂਤਕਾਲ ਨਾਲ ਹੀ ਨਹੀਂ ਜੁੜੀਆਂ ਹੋਈਆਂ ਜਿਹੜਾ ਕਿ ਵਰਤਮਾਨ ਦੇ ਵਿਪਰੀਤ ਵਰਤਿਆ ਜਾਂਦਾ ਹੈ ਬਲਕਿ ਇਹ ਉਸ ਭੂਤਕਾਲ ਨਾਲ ਵੀ ਸਬੰਧਿਤ ਹਨ ਜਿਹੜਾ ਹਸਰਤ ਨਾਲ ਪੁਨਰ ਕਾਰਜਗਤ ਕੀਤਾ ਜਾਣ ਵਾਲਾ ਅਤੇ ਵਰਤਮਾਨ ਅੰਦਰ ਚਲਣਯੋਗ ਸਿਰਜਣਾ ਵਾਲਾ ਹੋਵੇ।



ਸੈੱਦ ਅਨੁਸਾਰ ਸਾਮਰਾਜਵਾਦ ਭੂਗੋਲਿਕ ਹਿੰਸਾ ਦਾ ਕਾਰਜ ਸੀ ਜਿਸ ਨੇ ਅਧੀਨ ਦੁਨੀਆਂ ਦੀ ਹਰ ਸਪੇਸ ਨੂੰ ਤਲਾਸ਼ਿਆ, ਤਰਾਸ਼ਿਆ ਅਤੇ ਕਬਜ਼ੇ ਥੱਲੇ ਲਿਆਂਦਾ। ਸਾਮਰਾਜੀ ਵਿਸਥਾਰਾਂ ਨੇ ਖ਼ਾਸ ਇਲਾਕਾਈ ਸਪੇਸ ਵਿੱਚ ਪ੍ਰਬੰਧਨ ਸਥਾਪਿਤ ਰਾਜਨੀਤੀ ਨਾਲ ਸਬੰਧਿਤ ਪਦਾਰਥਕਤਾ ਵਾਲੀਆਂ ਸਪੇਸਾਂ, ਆਰਥਿਕ ਨਿਰਭਰਤਾ ਇਮਾਰਤਸਾਜੀ ਅਤੇ ਦ੍ਰਿਸ਼ ਦੇ ਬਦਲਾਅ ਨੂੰ ਲਾਗੂ ਕੀਤਾ ਹੈ। ਸਪੇਸੀਕਰਨ ਵਿੱਚ ਨਾਮ ਨਿਰਧਾਰਣ ਦਾ ਵਿਸ਼ੇਸ਼ ਰੋਲ ਰਿਹਾ ਹੈ। ਬਸਤੀਕਾਰੀ ਵਿਵਸਥਾ ਦੇ ਅਧੀਨ ਨਕਸ਼ਾ ਨਿਰਮਾਣ ਕਾਰਜ ਨੂੰ ਉਸ ਸਥਿਰ ਅਤੇ ਜਾਨਣ ਯੋਗ ਸੱਚ ਦੀ ਪ੍ਰਤੀਨਿਧਤਾ ਅਣਜਾਣੇ ਖੇਤਰਾਂ ਵਜੋਂ ਮਸ਼ਹੂਰ ਹਨ।3

ਬਸਤੀਆਂ ਦੀਆਂ ਸਪੇਸਾਂ ਵਿੱਚ ਸ਼ਹਿਰ ਬਣਾਏ ਜਾਂਦੇ ਹਨ। ਇਹ ਸ਼ਹਿਰ ਬਸਤੀਵਾਦੀ ਪ੍ਰਬੰਧ, ਖੇਤਰੀ ਪੈਦਾਵਾਰ ਦੀ ਖਪਤ ਤੇ ਸਮਾਨੇਸੇਵਾਵਾਂ ਦੇ ਪ੍ਰਵਾਹ ਲਈ ਵਹਿਣੀ ਵਜੋਂ ਕੰਮ ਕਰਦੇ ਹਨ। ਇਸ ਪ੍ਰਕ੍ਰਿਆ ਦੇ ਅੰਤਰਗਤ ਬਸਤੀਵਾਦੀ ਗਲਬੇ ਲਈ ਬਸਤੀ ਨੂੰ ਯੂਰਪੀਅਨ ਇਮਾਰਤਸਾਜ਼ੀ ਤੇਪਲਾਨ ਪ੍ਰਦਾਨ ਕਰਨ ਦੀ ਇੱਛਾ ਕੀਤੀ ਜਾਂਦੀ ਹੈ। ਸਾਮਰਾਜੀ ਮਮਿੱਕਰੀ ਦੀ ਤਰਜ਼ ਤੇ ਉਸਾਰੇ ਇਹ ਉਸ ਤਕਨੀਕ ਦੇ ਰੱਖ ਰਖਾਅ ਅਤੇ ਤੈਨਾਤੀ ਲਈ ਵੀ ਢੁਕਵੀਆਂ ਸਪੇਸਾਂ ਹਨ ਜਿਸ ਰਾਹੀਂ ਨੇਟਿਵ ਜਨਤਾ ਦੀ ਸ਼੍ਰੇਣੀ ਵੰਡ ਕਰਕੇ ਉਹਨਾਂ ਨੂੰ ਕਾਬੂ ਵਿੱਚ ਰੱਖਿਆ ਜਾਂਦਾ ਹੈ। ਏਥੇ ਸਫਾਈ, ਸੱਭਿਅਕ ਵਿਵਸਥਾ ਅਤੇ ਅਧੁਨਿਕਤਾ ਦੇ ਬਸਤੀਵਾਦੀ ਨਿਆਂਇਕ ਮੈਕਾਨਿਜ਼ਮ ਧਰਤੀ ਉੱਪਰ ਦੇਖੇ ਜਾ ਸਕਦੇ ਹਨ। ਇਸ ਪ੍ਰਕਾਰ ਇੱਕ ਆਦਰਸ਼ਕ ਬਸਤੀਵਾਦੀ ਸ਼ਹਿਰੀ ਸਪੇਸ ਦੇ ਨਾਮ ਥੱਲੇ ਖੇਤਰਵਾਦ ਅਤੇ ਵੱਖਵਾਦ ਦੀਆਂ ਕਠੋਰ ਬਸਤੀਵਾਦੀ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ।4

ਦੂਜੇ ਪਾਸੇ ਇਸ ਬਸਤੀਵਾਦੀ ਸਪੇਸ ਦੀ ਕਰੂਰਤਾ ਤੋਂ ਪਾਰ ਜਾਣ ਦੀ ਲੋਚਾਂ ਦਾ ਜ਼ਿਕਰ ਹੈ। ਮੂਲਵਾਸੀ ਕੁਦਰਤੀ ਸਪੇਸ ਵਿਚ ਰਹਿਣ ਲਈ ਤਤਪਰ ਹੁੰਦਾ ਹੈ। ਬਹੁਤ ਸਾਰੇ ਬਸਤੀਵਾਸੀ ਬਿਰਤਾਂਤਾਂ ਵਿੱਚ ਸਾਨੂੰ ਇਸ ਕੁਦਰਤੀ ਸਪੇਸ ਦੇ ਝਲਕਾਰੇ ਮਿਲ ਜਾਂਦੇ ਹਨ।

ਬਸਤੀਕ੍ਰਿਤ ਸਮਾਜਿਕ ਸਪੇਸ ਵਿੱਚ ਮਾਨਵਵਾਦ ਜਿਹੀ ਭੁਲੇਖਾ ਪਾਊ ਟਰਮ ਥੱਲੇ ਬਹੁਤ ਸਾਰੇ ਅਤਿਆਚਾਰ ਕੀਤੇ ਜਾਂਦੇ ਹਨ। ਸਿੱਖਿਆ ਤੰਤਰ ਨਿਆਂਇਕ ਤੰਤਰ, ਅਤੇ ਧਾਰਮਿਕ ਤੰਤਰ ਵੱਡੇ ਵਿਕਾਰਾਂ ਅਤੇ ਦਰਜੇਬੰਦੀਆਂ ਨੂੰ ਜਨਮ ਦਿੰਦੇ ਹਨ ਜਦ ਕਿ ਕੁਦਰਤੀ ਸਪੇਸ ਵਿੱਚ ਇੱਕ ਸੰਤੁਲਨ ਅਤੇ ਸਮਰੂਪਤਾ ਸਦਾ ਕਾਇਮ ਰਹਿੰਦੀ ਹੈ। ਕੁਦਰਤੀ ਸਪੇਸ ਆਪਣੀ ਜੜ੍ਹੀ ਬੂਟੀ ਦੀ ਚਕਿਤਸਾ ਦੁਆਰਾ ਅਤੇ ਕੁਦਰਤੀ ਨਿਯਮਾਂ ਦੀ ਅਟੱਲਤਾ ਦੁਆਰਾ ਵੀ ਬਸਤੀਵਾਦੀ ਸਪੇਸ ਅੱਗੇ ਚੁਣੌਤੀ ਪੇਸ਼ ਕਰਦੀ ਹੈ। ਜਦੋਂ ਵਿਅਕਤੀ ਦੇ ਮੂਲ ਰੁਝਾਨਾਂ ਨੂੰ ਦਬਾਇਆ ਜਾਂਦਾ ਹੈ ਤਾਂ ਕੁਦਰਤੀ ਅਤੇ ਸਮਾਜਿਕ ਸਪੇਸ ਵਿੱਚ ਇੱਕ ਤਣਾਅ ਵਿਕਸਤ ਹੋਣਾ ਸ਼ੁਰੂ ਹੋ ਜਾਂਦਾ ਹੈ।

ਬਸਤੀਕ੍ਰਿਤ ਸਮਾਜਿਕ ਸਪੇਸ ਵਿੱਚ ਔਰਤ ਨੂੰ ਦੂਹਰੇ ਮਾਨਦੰਡਾਂ ਦਾ ਸ਼ਿਕਾਰ ਬਣਨਾ ਪੈਂਦਾ ਹੈ। ਉਹ ਬਾਹਰੀ ਸਮਾਜ ਵਿੱਚ ਬਸਤੀਕਾਰ ਦਾ ਦਮਨ ਸਹਿੰਦੀ ਹੈ ਅਤੇ ਘਰ ਦੀ ਸਪੇਸ ਵਿੱਚ ਉਸ ਲਈ ਮਰਦ ਦਾ ਬਸਤੀਵਾਦ ਸਾਹ ਘੁਟਵੀਂ ਹਾਲਤ ਪੈਦਾ ਕਰਦੇ ਹਨ। ਉਹ ਕੁਦਰਤੀ ਨਿਯਮਾਂ ਅਨੁਸਾਰ ਮਾਨਵ ਜੀਵਨ ਦੀ ਇਕਾਈ ਵਜੋਂ ਵਿਚਰਨਾ ਲੋੜਦੀ ਹੈ

ਕਿਉਂਕਿ ਪੱਛਮੀ ਮੁਲਕਾਂ ਦਾ ਨਾਰੀਵਾਦ ਤੀਜੀ ਦੁਨੀਆਂ ਦੀ ਔਰਤ ਲਈ ਬਸਤੀਵਾਦੀ ਤੋਂ ਜ਼ਿਆਦਾ ਹੋਰ ਕੁਝ ਨਹੀਂ5, ਨਵੀਂ ਨੀਤੀ ਦੀ ਆਜ਼ਾਦੀ ਉਸਨੂੰ ਨਵੀਆਂ ਕੈਦਾਂ ਅਤੇ ਹੱਥਕੜੀਆਂ ਵਿੱਚ ਜਕੜ ਦਿੰਦੀ ਹੈ। ਇਸ ਸਮੇਂ ਉਹ ਕੁਦਰਤੀ ਸਪੇਸ ਵਿੱਚ ਸਮਾਜ ਦਾ ਅੱਧਾ ਹਿੱਸਾ ਹੁੰਦੀ ਹੋਈ ਆਪਣੇ ਲਈ ਬਰਾਬਰ ਹੱਕਾਂ ਦੀ ਮੰਗ ਕਰਦੀ ਹੈ। ਇਸ ਨਾਲ ਵੀ ਸਮਾਜਿਕ ਤੇ ਕੁਦਰਤੀ ਸਪੇਸ ਵਿੱਚ ਤਣਾਅ ਕਾਇਮ ਹੋ ਜਾਂਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਚਰਚਿਤ ਰਹੇ ਜੱਟ ਬਾਣੀਏ ਦੇ ਝਗੜੇ ਵਿੱਚ ਅਸੀਂ ਜਿਨਸ ਨੂੰ ਪੈਦਾ ਕਰਨ ਵਾਲੇ ਬਲਦ ਦੀ ਹਾਲਤ ਨੂੰ ਦ੍ਰਿਸ਼ਟੀਗੋਚਰ ਕਰਕੇ ਦੇਖਦੇ ਹਾਂ। ਖੇਤ ਜੋ ਕਿ ਦੁਦਰਤੀ ਸਪੇਸ ਦਾ ਸੂਚਕ ਹੈ, ਉਥੇ ਉਹ ਆਪਣੀ ਹੀ ਪੈਦਾਵਾਰ ਨੂੰ ਆਸਾਨੀ ਨਾਲ ਅਤੇ ਸਹਿਜ ਨਾਲ ਖਾ ਸਕਣ ਦੇ ਵਧੇਰੇ ਸਮੱਰਥ ਹੁੰਦਾ ਹੈ ਪਰ ਜਿਉਂ ਹੀ ਉਹ ਬਾਣੀਏ ਦੀ ਆੜ੍ਹਤ ਵਿੱਚ ਜਾਕੇ ਅਜਿਹਾ ਕਰਦਾ ਹੈ ਤਾਂ ਉਸ ਨੂੰ ਜਬਰੀ ਅਜਿਹਾ ਕਰਨ ਤੋਂ ਰੋਕ ਦਿੱਤਾ ਜਾਂਦਾ ਹੈ। ਬਾਣੀਏ ਦੀ ਆੜ੍ਹਤ ਇੱਕ ਬਸਤੀਕ੍ਰਿਤ ਸਮਾਜਿਕ ਸਪੇਸ ਹੈ ਜਿੱਥੇ ਕਿ ਪੈਦਾਵਾਰ ਪੈਦਾ ਕਰਨ ਵਾਲੇ ਤੋਂ ਦੂਰ ਕਰ ਦਿੱਤੀ ਗਈ ਹੈ। ਇਸ ਪ੍ਰਕਾਰ ਹੀ ਭਾਈ ਵੀਰ ਸਿੰਘ ਅਤੇ ਦੂਜੇ ਮੁਢਲੇ ਪੰਜਾਬੀ ਨਾਵਲਕਾਰਾਂ ਦੁਆਰਾ ਸਿੰਘਾਂ ਨੂੰ ਜੰਗਲਾਂ ਵਿੱਚ ਘੋੜਿਆਂ ਦੀਆਂ ਕਾਠੀਆਂ ਉੱਪਰ ਰਾਤਾਂ ਗੁਜ਼ਾਰਦਿਆਂ ਅਤੇ ਕੰਦਮੂਲ ਖਾਂਦਿਆਂ ਵੀ ਅਤਿਅੰਤ ਸੁਖੀ ਦਿਖਾਇਆ ਗਿਆ ਹੈ। ਜੰਗਲੀ ਸਪੇਸ ਵਿੱਚ ਉਹਨਾਂ ਦਾ ਜੀਵਨ ਨਿਰਬਾਹ ਬਹੁਤ ਸੁਖ਼ਾਲਾ ਹੈ ਪਰ ਜਿਉਂ ਹੀ ਉਹ ਸਮਾਜਿਕ ਸਪੇਸ ਵਿੱਚ ਪ੍ਰਵੇਸ਼ਿਤ ਹੁੰਦੇ ਹਨ ਇਸ ਸਪੇਸ ਨਾਲ ਉਹਨਾਂ ਦੀ ਸਿੱਧੀ ਟੱਕਰ ਹੁੰਦੀ ਹੈ ਕਿਉਂਕਿ ਉਹ ਸੰਜਮੀ ਮਨੁੱਖ ਹਨ ਪਰ ਬਸਤੀਵਾਦੀ ਸਮਾਜਿਕ ਸਪੇਸ ਕੇਵਲ ਹਿਰਸੀ ਮਨੁੱਖਾਂ ਨੂੰ ਹੀ ਆਪਣੇ ਵਿੱਚ ਰਹਿ ਸਕਣ ਦੀ ਆਗਿਆ ਦਿੰਦੀ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖ ਧਰਮ ਦੇ ਸਦਾਚਾਰਕ ਸੰਕਲਪਾਂ ਰਾਹੀਂ ਧਾਰਮਿਕ ਪ੍ਰੇਰਿਕਤਾ ਦੁਆਰਾ ਮਨੁੱਖੀ ਉਦਾਤੀਕਰਨ ਹੋਇਆ ਹੈ। ਇਹਨਾਂ ਨਾਵਲਾਂ ਵਿਚ ਸਮਾਜਕ ਸਪੇਸ ਮਨੁੱਖੀ ਦਮਨ ਦਾ ਜ਼ਰੀਆ ਬਣਦੀ ਹੈ, ਜਦਕਿ ਕੁਦਰਤੀ ਸਪੇਸ ਵਿਚ ਇਹ ਮਨੁੱਖ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਕਰਦਿਆਂ ਸਿੱਖ ਧਰਮ ਤੋਂ ਪ੍ਰੇਰਿਕਤਾ ਲੈਕੇ ਕੁਦਰਤੀ ਸਪੇਸ ਵਰਗਾ ਸੁਰਖਿਅਤ ਸਮਾਜ ਸਿਰਜਣ ਲਈ ਹਰ ਤਰ੍ਹਾਂ ਦੇ ਸਮਾਜਕ, ਧਾਰਮਕ, ਰਾਜਨੀਤਿਕ ਅਤੇ ਆਰਥਕ ਸ਼ੋਸ਼ਣ ਦਾ ਮੁਕਾਬਲਾ ਕਰਨ ਦੀ ਤਾਕਤ ਗ੍ਰਹਿਣ ਕਰਦੇ ਹਨ।

ਉਦਾਹਰਨ ਵਜੋਂ 'ਸੁੰਦਰੀ' ਨਾਵਲ ਵਿਚ ਸੰਦਰ ਦਾ ਮੁਗਲ ਹਾਕਮ ਦੀ ਕੈਦ ਪੈਣਾ ਅਤੇ ਅੰਦਰ ਪਰਮਾਤਮਾ ਪਾਸ ਰੱਖਿਆ ਅਤੇ ਤਾਕਤ ਲਈ ਅਰਦਾਸ ਕਰਨਾ ਅਤੇ ਪਰਮਾਤਮਾ ਦੁਆਰਾ ਉਸਦੀ ਸ਼ਰਧਾ ਦੀ ਲਾਜ ਰੱਖਦਿਆਂ ਉਸਦੇ ਸਿੱਖ ਭਰਾ ਬਲਵੰਤ ਸਿੰਘ ਨੂੰ ਮੁਸ਼ਕਲ ਸਮੇਂ ਉਸ ਲਈ ਭੇਜਣਾ ਸੰਜਮੀ ਮਨੁੱਖਾਂ ਪ੍ਰਤੀ ਕੁਦਰਤ ਦੇ ਹਾਂ ਪੱਖੀ ਰਵਈਏ ਨੂੰ ਰੂਪਮਾਨ ਕਰਦਾ ਹੈ।6 'ਸਤਵੰਤ ਕੌਰ' ਨਾਵਲ ਵਿਚ ਵੀ ਸੱਚਾਈ ਅਤੇ ਸ਼ੁੱਧਤਾ ਇਕ ਪਾਸੇ ਹਨ ਅਤੇ ਮਕਾਰੀ ਅਤੇ ਜਾਬਰ ਦੂਜੇ ਪਾਸੇ, ਇਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਦਿਖਾਈ ਦਿੰਦੇ ਹਨ। 'ਬਾਬਾ ਨੌਧ ਸਿੰਘ' ਨਾਵਲ ਵਿਚ ਗਰੀਬ ਵਿਧਵਾ ਬਾਬੇ ਦੇ ਘਰ ਪਹੁੰਚ ਕੇ ਆਪਣੇ ਆਪ ਨੂੰ ਅਭਾਗਣ



ਤੋਂ ਸੁਭਾਗ ਹੋਈ ਮੰਨਦੀ ਹੈ ਕਿਉਂਕਿ ਗੁਰਮਤਿ ਮਰਿਯਾਦਾ ਵਾਲੇ ਇਸ ਘਰ ਵਿਚ ਬਾਹਰੀ ਸੰਸਾਰ ਦੇ ਲੋਭ ਲਾਲਚ ਦੀ ਥਾਂ ਕੁਦਰਤੀ ਸਪੇਸ ਵਰਗਾ ਵਾਤਾਵਰਨ ਹੈ। ਗਰੀਬ ਵਿਧਵਾ ਬਾਹਰੀ ਸੰਸਾਰ ਬਾਰੇ ਭਾਵਪੂਰਤ ਟਿੱਪਣੀ ਕਰਦੀ ਹੈ ਕਿਉਂਕਿ ਉਸ ਲਈ ਇਹ ਦੁਨੀਆਂ ਅਜਨਬੀ ਹੈ-

*ਸਭ ਲੋਭ ਹੈ। ਕਿਤੇ ਮਾਯਾ ਦਾ ਕਿਤੇ ਰੂਪ ਦਾ । ਜੋ ਦਿਸਦੇ ਹਨ ਉਹ ਚੰਮ ਦੇ ਤੇ ਚੇਮਾ ਦੇ ਬੇਲੀ ਹਨ ਦੁਖੀ ਅਤੇ ਦਰਦ ਰੰਞਾਣੇ ਦਾ ਕੋਈ ਨਹੀਂ, ਦੁਖੀਏ ਤੇ ਸਿੱਧੇ ਦਾ ਤਾਂ ਏਥੇ ਥਾਂ ਹੀ ਨਹੀਂ।7*

ਨਾਵਲਕਾਰ ਅਨੁਸਾਰ ਬਾਬਾ ਨੌਧ ਸਿੰਘ ਵਰਗੇ ਧਾਰਮਿਕਤਾ ਦੇ ਪੈਰੋਕਾਰ ਦਾ ਪਿੰਡ ਇਸ ਕੁਦਰਤੀ ਸਪੇਸ ਵਰਗਾ ਹੈ ਜਿਸ ਵਿਚ ਕਸ਼ਟ ਰਹਿਤ ਜੀਵਨ ਬਸਰ ਕੀਤਾ ਜਾ ਸਕਦਾ ਹੈ। ਭਾਵੇਂ ਪਿੰਡ ਵਿਚ ਸੀਮਤ ਸਾਧਨ ਹਨ ਪਰ ਮਾਨਸਿਕ ਅਤੇ ਸਰੀਰਿਕ ਪੱਖੋਂ ਪਿੰਡ ਦੇ ਲੋਕ ਬਹੁਤ ਸੁਖੀ ਵਸਦੇ ਹਨ।

*ਇਸ ਪਿੰਡ ਦੇ ਵਾਸੀ ਤਾਂ ਕਫਾਇਤ ਸ਼ੁਮਾਰ (ਸੰਜਮੀ) ਹਨ। ਜੱਥੇਬੰਦੀ ਏਨੀ ਕੁ ਰੱਖਦੇ ਹਨ ਕਿ ਸਾਰੇ ਸੁਖੀ ਵਸਦੇ ਹਨ। ਆਪੇ ਵਿਚ ਹਮਦਰਦ ਵੀ ਹਨ, ਕੁਦਰਤ ਦੇ ਜਲ ਪੌਣ ਵੀ ਸੁਥਰਾ ਦਿੱਤਾ ਹੈ।8*

ਕਲੋਨੀਅਲ ਸਪੇਸ ਵਿਚ ਸ਼ਹਿਰ ਅੰਦਰਲੀ ਸਥਿਤੀ ਹੋਮੀ ਭਾਬਾ ਦੇ ਵਿਚਾਰ ਨਾਲ ਮੇਲ ਖਾਂਦੀ ਹੈ। ਹੋਮੀ ਭਾਬਾ ਅਨੁਸਾਰ ਬਸਤੀਕਾਰ ਬਸਤੀਕ੍ਰਿਤ ਪਾਸੋਂ ਇਹ ਮੰਗ ਕਰਦਾ ਹੈ ਕਿ ਉਹ ਕਾਬਜ਼ ਤਾਕਤਾਂ ਦੀਆਂ ਬਾਹਰੀ ਕਿਸਮਾਂ, ਅੰਦਰੂਨੀ ਕਦਰਾਂ-ਕੀਮਤਾਂ ਅਤੇ ਆਚਾਰ-ਵਿਹਾਰ ਨੂੰ ਬਾਹਰੀ ਹੀ ਨਹੀਂ ਬਲਕਿ ਅੰਦਰੂਨੀ ਤੌਰ ਤੇ ਵੀ ਗ੍ਰਹਿਣ ਕਰੇ ਇਸ ਕਰਕੇ ਨਕਲਚੀ ਸੱਭਿਆਚਾਰਕ ਦੇ ਮਹਾਂਕਾਵਿਕ ਪ੍ਰੋਜੈਕਟ ਨੂੰ ਵਿਆਖਿਅਤ ਕੀਤਾ ਗਿਆ ਹੈ ਤਾਂ ਕਿ ਇਹ ਬਸਤੀਕਾਰ ਦੇ ਸੱਭਿਆਚਾਰ ਦੀ ਕਾਪੀ ਦਾ ਦਹਰਾਅ ਬਣ ਸਕੇ।9 ਬਾਬਾ ਨੌਧ ਸਿੰਘ ਇਸ ਸਮਾਜਕ ਸਪੇਸ ਤੋਂ ਕਿਨਾਰਾਕਸ਼ੀ ਕਰਨ ਵਿੱਚ ਵਿਸ਼ਵਾਸ ਨਹੀਂ ਰੱਖਦਾ ਕਿਉਂਕਿ ਸਮਾਜਕ ਸਪੇਸ ਵਿਚ ਵੀ ਚੰਗੇ ਗੁਣਾਂ ਵਾਲੇ ਮਨੁੱਖਾਂ ਦੀ ਹੋਂਦ ਹੈ।ਉਹ ਸਾਂਝਾ ਜੁਜ ਬਨਾਉਣ ਦੀ ਤਾਕੀਦ ਕਰਦਾ ਹੈ।

*ਇਸ ਲੋਭ ਲਹਿਰ ਅਤੇ ਤ੍ਰਿਸ਼ਨਾ ਦੇ ਰੇਤ ਥੱਲੇ ਵਿਚ*
*ਕਿਤੇ ਠੰਢੀ ਝੰਗੀ ਹਮਦਰਦੀ ਦੀ ਅਤੇ ਪਿਆਰ ਦੇ ਮਿੱਠੇ ਪਾਣੀਆਂ ਦੇ ਬੀ ਹਨ——। ਸਾਰੇ ਸੰਸਾਰ ਨਾਲ ਤਿਆਗ ਕਰਕੇ ਤਾਂ ਭਲਿਆਂ*
*ਨਾਲ ਭੀ ਤਿਆਗ ਹੋ ਜਾਵੇਗਾ———ਪੱਛੋਂ ਵਾਲਿਆਂ ਦਾ ਸਭ ਕੁਝ ਬਾਹਰੋਂ ਹੈ——- ਅਤੇ ਸਾਡਾ ਸਭ ਕੁਝ ਅੰਦਰੋਂ——— ।।10*

ਇਸ ਪ੍ਰਕਾਰ ਪੂਰਬੀ ਅਤੇ ਪੱਛਮੀ ਸੱਭਿਆਚਾਰਕ ਮੁੱਲਾਂ ਦੇ ਟਕਰਾਅ ਦੁਆਰਾ ਵੀ ਕੁਦਰਤੀ ਅਤੇ ਸਮਾਜਿਕ ਸਪੇਸ ਵਿਚਲੀ ਤਣਾਅ ਗ੍ਰਸਤ ਸਥਿਤੀ ਨੂੰ ਰੂਪਮਾਨ ਕੀਤਾ ਗਿਆ ਹੈ।

ਭਾਈ ਮੋਹਨ ਸਿੰਘ ਵੈਦ ਦੇ ਵਿਭਿੰਨ ਨਾਵਲੀ ਬਿਰਤਾਂਤਾਂ ਵਿਚ ਨਾਵਲੀ ਕਥਾ

ਦੇ ਵੱਖ-ਵੱਖ ਪਸਾਰ ਸਿਰਜੇ ਗਏ ਹਨ ਜਿਹੜੇ ਕਿ ਸੱਤਾ ਕਾਮਨਾ ਅਤੇ ਹਿਰਸ ਵਾਲੀਆਂ ਬਸਤੀਵਾਦੀ ਮਨੁੱਖ ਦੀਆਂ ਰੁਚੀਆਂ ਅਤੇ ਹੱਕ, ਸੱਚ, ਸਬਰ, ਸੰਤੋਖ ਵਾਲੀਆਂ ਸੰਜਮੀ ਮਨੁੱਖ ਦੀਆਂ ਰੁਚੀਆਂ ਨੂੰ ਰੂਪਮਾਨ ਕਰਦੇ ਹਨ। ਉਸਦੇ ਨਾਵਲ 'ਇੱਕ ਸਿੱਖ ਘਰਾਣਾ' ਵਿਚ ਬਸਤੀਵਾਦੀ ਸਿੱਖਿਆ ਪ੍ਰਣਾਲੀ ਦੇ ਔਗੁਣਾਂ ਦੀ ਪੈਦਾਇਸ਼ ਨਰਾਇਣ ਸਿੰਘ ਅਤੇ ਉਸਦੀ ਸੰਜਮੀ ਬਹੁਗੁਣੀ ਪਤਨੀ ਰਤਨ ਕੌਰ ਦੇ ਪ੍ਰਤੀਕ ਉਪਰੋਕਤ ਕਥਨ ਦੀ ਪੁਸ਼ਟੀ ਕਰਦੇ ਹਨ। ਨਾਵਲਕਾਰ ਦੇ ਆਪਣੇ ਅਗਲੇ ਨਾਵਲ 'ਦੰਪਤੀ ਪਿਆਰ' ਵਿਚ ਕੁਦਰਤੀ ਸਪੇਸ ਵਿਚ ਵਿਚਾਰਨ ਵਾਲੇ ਗੁਰਮੁਖ ਸਿੰਘ, ਉਸਦੀ ਪਤਨੀ ਸਰੂਪ ਕੌਰ, ਉਸਦੀ ਮਾਂ ਤੇ ਉਸਦੇ ਪੁੱਤਰ ਨੂੰ ਵੱਖ-ਵੱਖ ਬਸਤੀਵਾਦੀ ਏਜੰਸੀਆਂ ਦੁਆਰਾ ਸਿਦਕ ਤੋਂ ਡਲਾਉਣ ਦੇ ਯਤਨ ਕਰਦਿਆਂ ਦਿਖਾਇਆ ਹੈ ਪਰ ਉਹ ਇਹਨਾਂ ਹਿਰਸੀ ਗਤੀਵਿਧੀਆਂ ਤੋਂ ਦੂਰ ਹਨ। ਸਰੂਪ ਕੌਰ ਵੱਖ-ਵੱਖ ਘਰਾਂ ਵਿਚ ਇਹਨਾਂ ਲੋਕਾਂ ਹੱਥੋਂ ਤੰਗੀ ਮਹਿਸੂਸ ਕਰਦੀ ਹੈ ਪਰ ਜੰਗਲੀ ਵਾਤਾਵਰਨ ਵਿਚ ਉਸਦਾ ਸੁਰਖਿਅਤ ਰਹਿਣਾ ਅਤੇ ਇਕ ਸਿੱਖ ਜਗਜੀਵਨ ਸਿੰਘ ਪਾਸ ਉਸਦੇ ਪਿੰਡ ਵਿੱਚ ਜਾਕੇ ਮਾਣ ਭਰਿਆ ਜੀਵਨ ਜਿਉਣਾ ਕੁਦਰਤੀ ਸਪੇਸ ਦੇ ਇਸ਼ਤਿਆਰੇ ਹਨ ਕਿਉਂਕਿ ਸਿੱਖ ਧਰਮ ਦੇ ਧਾਰਨੀ ਜਗਜੀਵਨ ਸਿੰਘ ਤੇ ਸਿੱਖ ਬਾਬੇ ਵਿਚ ਬਸਤੀਵਾਦੀ ਸਪੇਸ ਵਿਚਲੀਆਂ ਬੁਰਾਈਆਂ ਸੱਤਾ, ਕਾਮਨਾ ਅਤੇ ਹਿਰਸ ਨਹੀਂ ਹਨ।

ਨਾਵਲਕਾਰ ਨੇ 'ਇੱਕ ਸਿੱਖ ਘਰਾਣਾ' ਨਾਵਲ ਵਿੱਚ ਗੁਰਮਤਿ ਆਸ਼ੇ ਵਾਲੀ ਨਿਆਂ ਪ੍ਰਣਾਲੀ ਨੂੰ ਤਰਜੀਹ ਦਿੱਤੀ ਹੈ ਜਿਹੜੀ ਕਿ ਫ਼ਰਜ਼ੀ ਅਤੇ ਤਜਾਰਤੀ ਬਸਤੀਵਾਦੀ ਨਿਆਂ ਪ੍ਰਣਾਲੀ ਦੇ ਮੁਕਾਬਲੇ ਮਾਨਸਿਕ ਅਤੇ ਸਰੀਰਕ ਸ਼ੁੱਧੀਕਰਨ ਵੱਲ ਰੁਚਿਤ ਹੈ। ਇਸ ਤਰ੍ਹਾਂ 'ਸ੍ਰੇਸ਼ਟ ਕੁਲਾਂ ਦੀ ਚਾਲ' ਨਾਵਲ ਵਿੱਚ ਬਾਬੂ ਸਰਨ ਸਿੰਘ ਅਤੇ ਉਸਦਾ ਮਿੱਤਰ ਗਿਰਧਾਰੀ ਸਿੰਘ ਸ਼ੁੱਧ ਦੇਸੀ ਕਾਰੋਬਾਰੀ ਢੰਗ ਤਰੀਕਿਆਂ ਦੀ ਵਕਾਲਤ ਕਰਦੇ ਹਨ। ਉਹ ਦੇਸੀ ਚਕਿਤਸਾ ਦੇ ਪੱਖੀ ਹਨ ਜੋ ਕਿ ਰੋਗਾਂ ਨੂੰ ਜੜ੍ਹੋਂ ਖਤਮ ਕਰ ਦਿੰਦੀ ਹੈ।11

ਚਰਨ ਸਿੰਘ ਸ਼ਹੀਦ ਆਪਣੇ ਨਾਵਲਾਂ ਵਿਚ ਸਿੱਖ ਧਰਮ, ਸਦਾਚਾਰ ਅਤੇ ਅਧਿਆਤਮਕਤਾ ਦੇ ਪ੍ਰਸੰਗ ਵਿਚ ਦੂਹਰੀ ਬਸਤੀਵਾਦੀ ਗੁਲਾਮੀ ਨੂੰ ਝੱਲ ਰਹੀ ਔਰਤ ਦਾ ਨਵਾਂ ਗਲਪੀ ਬਿੰਬ ਪੇਸ਼ ਕਰਦਾ ਹੈ। ਪਰ ਉਹ ਅਖੌਤੀ ਨਾਰੀਵਾਦੀ ਵਿਦਰੋਹ ਪੱਛਮੀ ਨਾਰੀਵਾਦੀ ਸਿਧਾਂਤਾਂ ਅਨੁਸਾਰ ਕੇਵਲ ਵਿਚਾਰ ਤੀਕ ਹੀ ਸੀਮਿਤ ਹੋ ਕੇ ਨਹੀਂ ਰਹਿ ਜਾਂਦਾ ਬਲਕਿ ਉਹ ਸੰਜਮੀ ਜੀਵਨ ਬਸਰ ਕਰਦਿਆਂ ਕੁਦਰਤੀ ਗੁਣਾਂ ਨਾਲ ਵੀ ਸਰਸ਼ਾਰ ਰਹਿੰਦੀ ਹੈ। ਇਹੀ ਸੰਜਮੀ ਸੰਘਰਸ਼ਮਈ ਜੀਵਨ ਉਸਦਾ ਮੁਕਤੀ ਮਾਗਰ ਬਣਦਾ ਹੈ

*ਵਰਗ ਇਕ ਬਹੁਤ ਨੀਵੀਂ ਜਗ੍ਹਾ ਹੈ ਜਿਸ ਵਿਚ ਵਾਸ਼ਨਾ ਵੱਸ ਹੋਏ ਮਨੁੱਖਾਂ ਨੂੰ ਉਹਨਾਂ ਦੀ ਵਾਸ਼ਨਾ ਦੇ ਅਨੁਸਾਰ ਭੋਗ ਮਿਲਦੇ ਹਨ। ਸਵਰਗ ਤੋਂ ਬਹੁਤ ਉਚੇਰੀ ਇਕ ਜਗ੍ਹਾ ਹੈ ਜਿਸ ਨੂੰ ਅਸੀਂ ਲੋਕ ਮੁਕਤੀ ਅਤੇ ਫ਼ਾਰਸੀ ਵਾਲੇ ਨਜਾਤ ਆਖਦੇ ਹਨ ਸੋ ਜਦ ਤੁਹਾਡੇ ਹਰ ਕੰਮ ਵਿਚ ਸਵਰਗ ਦੇ ਭੋਗਾਂ ਦੀ ਲਾਲਸਾ ਹੀ ਭਰੀ ਹੁੰਦੀ ਹੈ ਤਾਂ ਤੁਹਾਡੇ ਖ਼ਿਆਲ ਮੁਜਬ*



*ਤੁਹਾਨੂੰ ਸਵਰਗ ਵਿਚ ਥਾਂ ਮਿਲੇਗੀ ਪਰ ਅਸਲੀ ਅਤੇ ਅਮੋਲਕ ਚੀਜ਼ ਮੁਕਤੀ ਤੋਂ ਤੁਸੀਂ ਵਿਰਵੇ ਰਹਿ ਜਾਵੋਗੇ।12*

ਇਥੇ ਸਵਰਗ ਦੇ ਭੋਗ ਵਿਲਾਸਾਂ ਦੀ ਕਾਮਨਾ ਹਿਰਸੀ ਮਨੁੱਖ ਦੇ ਬਿੰਬ ਨੂੰ ਰੇਖਾਂਕਤ ਕਰਦੀ ਹੈ ਜਦਕਿ ਦਲੇਰ ਕੌਰ ਸਿੱਖ ਧਰਮ ਦੇ ਮੁਕਤੀ ਮਾਰਗ ਦੀ ਰਾਹਗੀਰ ਹੈ।

ਨਾਨਕ ਸਿੰਘ ਦੇ ਨਾਵਲਾਂ ਵਿੱਚ ਜਿੱਥੇ ਬਸਤੀਵਾਦੀ ਸਮਾਜਿਕ ਸਪੇਸ ਵਿੱਚ ਬਹੁਤ ਸਾਰੀਆਂ ਬੇਤਰਤੀਬੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਉਥੇ ਕੁਦਰਤੀ ਸਪੇਸ ਵਿੱਚ ਇੱਕਸਾਰਤਾ ਅਤੇ ਇਕਰੂਪਤਾ ਦੀ ਝਲਕ ਵੀ ਦਿਖਾਈ ਦਿੰਦੀ ਹੈ। ਕੁਦਰਤੀ ਸਪੇਸ ਜਿਵੇਂ ਜੰਗਲੇਨਦੀ ਆਦਿ ਵਿੱਚ ਗੁਰਦੇਈ ਅਤੇ ਉਸਦੀ ਬੱਚੀ ਪੂਰਨ ਰੂਪ ਵਿੱਚ ਸੁਰੱਖਿਅਤ ਹਨ ਪਰ ਸਮਾਜਿਕ ਸਪੇਸ ਉਹਨਾਂ ਦਾ ਸੰਘਾਰ ਕਰਦੀ ਹੈ। ਨਾਨਕ ਸਿੰਘ ਨੇ ਇਸ ਨਾਵਲ 'ਚਿੱਟਾ ਲਹੂ' ਵਿੱਚ ਲੱਛੋ ਬਾਂਦਰੀ ਨੂੰ ਕੁਦਰਤੀ ਸਪੇਸ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ ਜੋ ਨੰਨ੍ਹੀ ਬੱਚੀ ਨੂੰ ਸਮਾਜਿਕ ਸਪੇਸ ਦੇ ਖ਼ਤਰਿਆਂ ਤੋਂ ਸੁਰੱਖਿਅਤ ਰੱਖਦੀ ਹੈ।13

'ਇੱਕ ਮਿਆਨ ਦੋ ਤਲਵਾਰਾਂ' ਨਾਵਲ ਵਿਚਲੇ ਅਜ਼ਾਦੀ ਸੰਗਰਾਮੀਏ ਵੀ ਰਾਤ ਦੇ ਹਨੇਰੇ ਵਿਚ ਹੀ ਆਪਣੀਆਂ ਗਤੀਵਿਧੀਆਂ ਚਲਾਉਂਦੇ ਹਨ। ਇਹ ਹਨੇਰਾ ਉਹਨਾਂ ਦੀ ਕਰਮਭੂਮੀ ਵੀ ਹੈ ਅਤੇ ਸੁਰੱਖਿਆਣ ਵੀ। ਸਮਾਜਿਕ ਸਪੇਸ ਦੁਆਰਾ ਝੰਬਿਆ ਵਿਅਕਤੀ ਕੁਦਰਤੀ ਸਪੇਸ ਵਿੱਚ ਕੁਦਰਤੀ, ਨਦੀਆਂ, ਨਾਲਿਆਂ ਨਾਲ ਆਪਣਾ ਦੁੱਖ ਸਾਂਝਾ ਕਰਦਾ ਆਮ ਦਿਖਾਈ ਦਿੰਦਾ ਹੈ। 'ਖੂਨ ਦੇ ਸੋਹਲੇ' ਦੀ ਨਾਇਕਾ ਸੀਮਾ ਵੀ ਸੂਹਾਂ ਨਾਲ, ਹੋ ਚੁੱਕੇ ਕਤਲਿਆਮ ਦਾ ਰੁਦਨ ਸਾਂਝਾ ਕਰਦੀ ਹੈ।14

ਨਾਵਲਕਾਰ ਇਹਨਾਂ ਦੋਨਾਂ ਸਪੇਸਾਂ ਵਿਚਲੇ ਤਣਾਅ ਨੂੰ ਚਿੰਨ੍ਹਾਤਮਕ ਤੌਰ ਤੇ ਪੇਸ਼ ਕਰਦਾ ਹੈ। ਮਿਸਾਲ ਵਜੋਂ ਨਾਵਲ 'ਗਗਨ ਦਮਾਮਾ ਬਾਜਿਆ' ਨੂੰ ਲਿਆ ਜਾ ਸਕਦਾ ਹੈ। ਨਾਵਲ ਦੇ ਅੰਤ ਵਿਚ ਜਦੋਂ ਮੋਤੀ ਅਤੇ ਸਮਦੂ ਇੱਕੋ ਖਿੱਤੇ ਨਾਲ ਸਬੰਧਿਤ ਹੋਣ ਦੇ ਬਾਵਜੂਦ ਵੀ ਭਾਰਤ ਅਤੇ ਪਾਕਿਸਤਾਨ, ਦੋ ਵਿਰੋਧੀ ਗੁਟਾਂ ਵੱਲੋਂ ਲੜਦਿਆਂ ਜ਼ਖਮੀ ਹਾਲਤ ਵਿਚ ਜ਼ਮੀਨ ਉੱਪਰ ਵੱਖ-ਵੱਖ ਦੇਸ਼ਾਂ ਦੀ ਪਹਿਚਾਣ ਖੋ ਦੇਣ ਦਾ ਇਸ਼ਤਿਆਰਾ ਕੁਦਰਤੀ ਸਪੇਸ ਨੂੰ ਦ੍ਰਿਸ਼ਟਮਾਨ ਕਰਦਾ ਹੈ, ਅਤੇ ਡਾਕਟਰ ਦੁਆਰਾ ਇੱਕ ਕੰਪਾਊਡਰ ਨੂੰ ਇਹ ਆਖਣਾ ਕਿ ਸਾਡੇ ਜਵਾਨ ਨੇ ਮਰਦਿਆਂ ਵੀ ਗਲ੍ਹਾ ਘੁੱਟ ਕੇ ਦੁਸ਼ਮਣ ਨੂੰ ਪਾਰ ਬੁਲਾ ਦਿੱਤਾ, ਸਾੜਿਆਂ, ਕੀਨਿਆਂ ਅਤੇ ਦਰਜੇਬੰਦੀਆਂ ਵਿੱਚ ਵਿਭਾਜਤ ਸਮਾਜਿਕ ਸਪੇਸ ਦੀ ਕਰੂਰਤਾ ਨੂੰ ਉਜਾਗਰ ਕਰ ਜਾਂਦਾ ਹੈ।15

ਯਤੀਸ਼ 'ਕੋਈ ਹਰਿਆ ਬੂਟ ਰਹਿਓ ਰੀ' ਵੀ ਆਪਣੀ ਮੰਗੇਤਰ ਨਾਲ ਕੁਦਰਤੀ ਵਾਤਾਵਰਣ ਵਿਚ ਜਿਉਣ ਲਈ ਆਪਣੇ ਬਾਪ ਦੇ ਮਹਿਲ ਨੂੰ ਲੱਤ ਮਾਰ ਕੇ ਨਿੱਕਲ ਤੁਰਦਾ ਹੈ। ਪਰ ਕੁਦਰਤੀ ਸਪੇਸ ਜ਼ਿਆਦਾ ਦੇਰ ਤੀਕ ਸਮਾਜਿਕ ਸਪੇਸ ਤੋਂ ਦੂਰ ਨਹੀਂ ਰਹਿ ਸਕਦੀ। ਯਤੀਸ਼ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਕਾਬਲੀਅਤ ਦੇ ਬਾਵਜੂਦ ਉਹ

ਦੁਰਕਾਰਿਆ ਅਤੇ ਫਿਟਕਾਰਿਆ ਜਾਂਦਾ ਹੈ। ਸਮਾਜਿਕ ਸਪੇਸ ਵਿਚਲਾ ਭ੍ਰਿਸ਼ਟਾਚਾਰ ਉਸਦੇ ਸੁਪਨਿਆਂ ਨੂੰ ਢਹਿ-ਢੇਰੀ ਕਰ ਦਿੰਦਾ ਹੈ।

ਨਾਨਕ ਸਿੰਘ ਕੁਦਰਤੀ ਅਸਮਾਨਤਾਵਾਂ ਨੂੰ ਸਮਾਨ ਹੁੰਦੀਆਂ ਦਿਖਾ ਕੇ ਸਿਰਾਪੀਆਂ ਰੂਹਾਂ ਨਾਵਲ ਵਿੱਚ ਸਮਾਜਿਕ ਅਸਮਾਨਤਾਵਾਂ ਦੇ ਅਸਮਾਨ ਰਹਿਣ ਨੂੰ ਵਿਅੰਗਾਤਮਕ ਰੂਪ ਵਿੱਚ ਉਜਾਗਰ ਕਰਦਾ ਹੈ। ਨਾਥੀ ਅਤੇ ਮਿਸ ਪ੍ਰੀਤਮ (ਅੰਨ੍ਹੇ) ਅਤੇ (ਕੁੱਬੀ) ਹੋਣ ਦੇ ਬਾਵਜੂਦ ਪਿਆਰ ਦੇ ਰੰਗ ਵਿੱਚ ਪੂਰਨ ਹੋ ਜਾਂਦੇ ਹਨ ਜਦ ਕਿ ਇਸ ਸਮਾਜਿਕ ਵਿਵਸਥਾ ਵਿੱਚ ਉਹਨਾਂ ਪ੍ਰਤੀ ਬਹੁਤ ਹੀ ਤਨਜੀਆ ਅਤੇ ਗੈਰ-ਜਿੰਮੇਵਾਰੀ ਵਾਲਾ ਵਤੀਰਾ ਧਾਰਨ ਕੀਤਾ ਜਾਂਦਾ ਹੈ।16 ਇਸੇ ਪ੍ਰਕਾਰ 'ਪਵਿੱਤਰ ਪਾਪੀ' ਨਾਵਲ ਵਿੱਚ ਕੁਦਰਤੀ ਪਿਆਰ ਜਜ਼ਬੇ ਅਤੇ ਸਮਾਜਿਕ ਰਿਸ਼ਤਾ ਵਿਧਾਨ ਵਿਚਲੇ ਤਣਾਅ ਦੀ ਪੇਸ਼ਕਾਰੀ ਕੀਤੀ ਗਈ ਹੈ।

ਸਮੁੱਚੇ ਰੂਪ ਵਿੱਚ ਤੀਜੀ ਦੁਨੀਆਂ ਦੇ ਇਨ੍ਹਾਂ ਬਿਰਤਾਂਤਾਂ ਵਿੱਚ ਕੁਦਰਤੀ ਦੇਵੀ ਦੇਵਤਿਆਂ ਦੀ ਪੂਜਾ, ਕੁਦਰਤੀ ਦ੍ਰਿਸ਼ਾਂ ਦਾ ਵਰਣਨ ਅਤੇ ਕੁਦਰਤੀ ਨਾਤਾ ਵਿਧਾਨ ਆਦਿ ਇੱਕ ਪਾਸੇ ਦਿਖਾਈ ਦਿੰਦੇ ਹਨ ਅਤੇ ਪਦਾਰਥ, ਸਹੂਲਤਾਂ, ਵਿਅਕਤੀਤਵ ਆਦਿ ਦੂਜੇ ਪਾਸੇ। ਇਸ ਪ੍ਰਕਾਰ ਕੁਦਰਤੀ ਸਪੇਸ ਅਤੇ ਸਮਾਜਿਕ ਸਪੇਸ ਵਿਚਲੇ ਤਣਾਅ ਦੀ ਇਹ ਸਥਿਤੀ ਸੰਜਮੀ ਮਨੁੱਖ ਅਤੇ ਹਿਰਸੀ ਮਨੁੱਖ ਦੇ ਬਿੰਬਾਂ ਰਾਹੀਂ ਵੀ ਸਾਕਾਰ ਹੁੰਦੀ ਦਿਖਾਈ ਗਈ ਹੈ। ਇਹ ਸਾਰੇ ਨਾਵਲਕਾਰ ਹੀ ਆਪਣੇ ਆਪਣੇ ਪ੍ਰਾਕਿਰਤਕ ਅਤੇ ਸਮਾਜਿਕ ਚੁਗਿਰਦੇ ਅਨੁਸਾਰ ਸਬੰਧਿਤ ਖਿੱਤਿਆਂ ਦੇ ਹਾਲਾਤਾਂ ਨੂੰ ਰੂਪਮਾਨ ਕਰਦੇ ਹਨ। ਅਜਿਹਾ ਕਰਦਿਆਂ ਉਹਨਾਂ ਦਾ ਮੁੱਖ ਮੰਤਵ ਕੁਦਰਤੀ ਸਪੇਸ ਵਰਗੀ ਅਵਸਥਾ ਕਾਇਮ ਕਰਦਿਆਂ ਸਮਕਾਲੀ ਜਬਰਕਾਰੀ ਪ੍ਰਬੰਧ ਤੋਂ ਪਾਰ ਜਾਣਾ ਹੁੰਦਾ ਹੈ।

### ਹਵਾਲੇ ਅਤੇ ਟਿਪਣੀਆਂ

2 । 1 Jane M Jackobs, Post-Colonial Spaces, (Research Paper), p.4 Ibid, p.3 Ibid, p.7 Ibid, p.4 Gayatri Spivak, Outside in the Teaching Machine, New York and London, Routledge, 1993, p.40 ਭਾਈ ਵੀਰ ਸਿੰਘ, ਸੁੰਦਰੀ, ਨਵੀਂ ਦਿੱਲੀ , ਭਾਈ ਵੀਰ ਸਿੰਘ ਸਾਹਿਤ ਸਦਨ 1997, ਪੰ. 9 ਉਹੀ, ਬਾਬਾ ਨੌਧ ਸਿੰਘ, ਅੰਮ੍ਰਿਤਸਰ, ਖਾਲਸਾ ਸਮਾਚਾਰ, 1949, ਪੰ. 13 ਉਹੀ ਪੰ.13 Homi K. Bhaba, Nation and Narration, London, Routledge, 1990, p.121 ਭਾਈ ਵੀਰ ਸਿੰਘ, ਬਾਬਾ ਨੌਧ ਸਿੰਘ, ਪੰ.15 ਭਾਈ ਮੋਹਨ ਸਿੰਘ ਵੈਦ।, ਸ਼੍ਰੇਸ਼ਟ ਕੁਲਾਂ ਦੀ ਚਾਲ਼, ਅੰਮ੍ਰਿਤਸਰ, ਭਾਈ ਕਿਰਪਾਲ ਸਿੰਘ ਬਲਵੀਰ ਸਿੰਘ ਪੁਸਤਕਾਂ ਵਾਲੇ, ਪੰ.124-125 ਚਰਨ ਸਿੰਘ ਸ਼ਹੀਦ, ਦਲੇਰ ਕੌਰ, ਅੰਮ੍ਰਿਤਸਰ, ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ, 1960, ਪੰ.81 ਨਾਨਕ ਸਿੰਘ, ਚਿੱਟਾ ਲਹੂ, ਨਵੀਂ ਦਿੱਲੀ ਨਵਯੁਗ ਪਬਲਿਸ਼ਰਜ਼, 1997, ਸੈੱਚੀ-8, ਪੰ.373 ਨਾਨਕ ਸਿੰਘ, ਖ਼ੂਨ ਦੇ ਸੁਹਲੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪੰ.187 ਨਾਨਕ ਸਿੰਘ, ਗਗਨ ਦਮਾਮਾ ਬਾਜਿਆ, ਨਵੀਂ ਦਿੱਲੀ ਨਵਯੁਗ ਪਬਲਿਸ਼ਰਜ਼, 1997, ਸੈਂਚੀ-1, ਪੰ.169-171 ਉਹੀ, ਸਰਾਪੀਆਂ ਰੂਹਾਂ, ਉਹੀ, ਪੰ.585



## ਉਤਰਬਸਤੀਵਾਦ ਤੋਂ ਨਵਬਸਤੀਵਾਦ ਵੱਲ/ਡਾ. ਗੁਰਦੇਵ ਸਿੰਘ ਚੰਦੀ

ਉਤਰਬਸਤੀਵਾਦ ਦਾ ਨਾਮਕਰਣ ਅਤੇ ਸਿਧਾਂਤ ਜਾਂ ਸੰਕਲਪ ਦਾ ਨਿਰਧਾਰਣ ਪੱਛਮੀ, ਵਿਸ਼ੇਸ਼ਕਰ ਅਮਰੀਕਨ ਯੂਨੀਵਰਸਿਟੀਆਂ ਵਿਚ ਫੈਸ਼ਨ ਵਜੋਂ ਪ੍ਰਚਲਿਤ ਹੋਇਆ, ਜਿਸ ਦੇ ਪ੍ਰਚਲਣ ਵਿਚ ਪਰਵਾਸੀ ਭਾਰਤੀ ਬੁਧੀਜੀਵੀਆਂ ਨੇ ਵੀ ਯੋਗਦਾਨ ਪਾਇਆ ਅਤੇ ਸਾਹਿਤ ਸਿਧਾਂਤਾਂ ਦਾ ਨਵੀਨੀਕਰਣ ਕੀਤਾ। ਆਪਣੇ ਨਾਮਰਕਣ ਅਨੁਸਾਰ ਉਤਰਬਸਤੀਵਾਦ, ਬਸਤੀਵਾਦ ਦੇ ਖਾਤਮੇ ਤੋਂ ਬਾਅਦ ਦੀ ਵਿਚਾਰਧਾਰਕ ਅੰਤਰ ਦ੍ਰਿਸ਼ਟੀ ਹੈ। ਪੱਛਮੀ ਦੇਸ਼ਾਂ, ਜੋ ਬਸਤੀਕਰਤਾ ਸਨ ਅਤੇ ਉਹ ਦੇਸ਼ ਜੋ ਗੁਲਾਮ ਭਾਵ ਬਸਤੀਕ੍ਰਿਤ ਰਹੇ ਬਾਰੇ ਉਤਰਬਸਤੀਵਾਦ ਵਿਭੰਨ ਪ੍ਰਵਚਨ ਉਸਾਰਦਾ ਹੈ, ਜਿਸ ਵਿਚ ਬਸਤੀਕਰਤਾ ਦੇ ਧੌਂਸ ਪੂਰਣ ਵਰਤਾਰੇ ਅਤੇ ਬਸਤੀਕ੍ਰਿਤਾਂ ਦਾ ਵਿਰੋਧੀ ਰਵੱਈਆ, ਬੇਮੁਖੀ, ਬੇਗਾਨਗੀ ਦ੍ਰਿਸ਼ਟੀਗੋਚਰ ਹੁੰਦੇ ਹਨ। ਪਿਛਲੇ ਸਮੇਂ ਵਿਚ ਉਤਰਬਸਤੀਵਾਦ ਬਾਰੇ ਇਸ ਦੇ ਹਾਮੀਆਂ ਅਤੇ ਵਿਰੋਧੀਆਂ ਵਿਚਕਾਰ ਵਾਹਵਾ ਬਹਿਸ ਚਲਦੀ ਰਹੀ ਹੈ। ਲਿੰਡਾ ਹਚੀਅਨ, ਹੋਮੀ ਭਾਭਾ ਅਤੇ ਗਾਇਤਰੀ ਚੱਕਰਵਰਤੀ ਸਪਾਈਵਾਕ ਜਿਹੇ ਚਿੰਤਕ ਉਤਰਬਸਤੀਵਾਦੀ ਸਿਧਾਂਤ ਪ੍ਰਤੀ ਸ਼ੰਕਾਵਾਦੀ ਰਹੇ ਹਨ। ਲਿੰਡਾ ਹਚੀਅਨ1 ਦੀ ਦਲੀਲ ਹੈ ਕਿ, ਸਮੁੱਚਾ ਉਤਰਬਸਤੀਵਾਦੀ ਪ੍ਰਾਜੈਕਟ ਮਨੁੱਖੀ ਪਛਾਣ ਦੇ ਪਰਿਦੋਸ਼ ਮੁਕਤ **(uncontaminated)** ਹੋਣ ਦੀ ਅਸੰਭਵਤਾ ਦੇ ਤੱਥ ਨੂੰ ਮੰਨ ਕੇ ਚਲਦਾ ਹੈ ਕਿਉਂਕਿ ਉਹ ਯੂਰੋਸੈਂਟਰਰਿਕ ਕਲਚਰ ਦੀਆਂ ਅੰਦਰਲੀਆਂ ਪਰਤਾਂ ਦੇ ਪ੍ਰਵਚਨ ਨੂੰ ਪਲਟਾਅ ਦੇਣ ਦੀ ਵਕਾਲਤ ਕਰਦਾ ਹੈ। ਸਪਾਈਵਾਕ2 ਸਥਾਨਕ ਅਬਾਦੀਆਂ ਲਈ ਉਪਯੁਕਤ ਸਿਧਾਂਤ ਘੜਨ ਦੀ ਬਜਾਏ ਬੀਤੀਆਂ ਕੁਝ ਸਦੀਆਂ ਦੇ ਇਤਿਹਾਸਕ ਯੋਗਦਾਨ ਨੂੰ ਨਜਰਅੰਦਾਜ਼ ਕਰਕੇ ਵੈਲਿਯੂ ਕੋਡਿੰਗ ਕਰਨ ਵਾਲੇ ਸਾਜੋ-ਸਮਾਨ ਨੂੰ ਬਦਲਾਉਣ, ਉਲਟਾਉਣ ਅਤੇ ਕਾਬੂ ਕਰਨ ਵਾਲੀ ਪਰਿਯੋਜਨਾ ਦਾ ਸਮਰਥਨ ਕਰਦੀ ਹੈ। ਹੋਮੀ ਭਾਭਾ3 ਦਾ ਚਿੰਤਨ ਵਖਰੀ ਪ੍ਰਕਾਰ ਦਾ ਹੈ। ਉਹ ਬਾਇਨਰੀ ਸਟ੍ਰਕਚਰ ਤੋਂ ਅਗਾਂਹ, ਬਸਤੀਕਰਤਾ ਅਤੇ ਬਸਤੀਕ੍ਰਿਤ ਵਿਚਲੇ ਝਗੜੇ ਤੋਂ ਅਗਲੇਰੀ ਕਿਸੇ ਤੀਜੀ ਜਗ੍ਹਾ ਤੇ ਧਿਆਨ ਕੇਂਦਰਿਤ ਕਰਨ ਦੀ ਸਿਫਾਰਸ਼ ਕਰਦਾ ਹੈ। ਉਹ ਦੈਰਿਦਾ ਦੇ 'ਡਿਫਰੈਂਸ' ਨੂੰ ਉਤਰਬਸਤੀਵਾਦੀ ਖੇਤਰਾਂ ਤੇ ਲਾਗੂ ਕਰਕੇ ਵੇਖਦਾ ਹੈ। ਉਹ ਇਸ ਨੂੰ ਹੁਣ ਤਕ ਦੇ ਅਣਗੌਲੇ ਖੇਤਰ, ਦੁਚਿਤੀ 'ਚ ਵਿਚਰਦੇ ਸਭਿਆਚਾਰ, ਬਸਤੀਕ੍ਰਿਤ ਇਲਾਕਿਆਂ ਦੇ ਨਵਨਿਰਮਾਣ ਅਤੇ ਬਸਤੀਵਾਦੀ ਪ੍ਰਵਚਨ ਦੇ ਧੌਂਸ ਵਿਰੋਧੀ ਯਤਨ ਨੂੰ ਪ੍ਰਗਟਾਉਣ ਵਾਲੇ ਬ੍ਰਿਤਾਂਤਾਂ ਹਿਤ ਤਬਦੀਲ ਕਰਨ ਦਾ ਹਾਮੀ ਹੈ।

ਕੁਝ ਹੋਰ ਚਿੰਤਕ, ਜਿਵੇਂ ਐਨੇ ਮੈਕ ਕਲਿੰਟਕ **(Anne Mc Clintock)** ਅਲਾ ਸ਼ੋਹਤ **(Ella Shohat)** ਅਤੇ ਐਰਿਫ ਡਿਰਲਿਕ **(Arif Dirlic)** ਸਮਕਾਲੀ ਗਲੋਬਲ-ਸ਼ਕਤੀ-ਸਬੰਧਾਂ ਦੀ ਵਿਆਖਿਆ ਕਰਨ ਲਈ ਉਤਰਬਸਤੀਵਾਦੀ ਸੰਕਲਪ ਦੀ ਵਰਤੋਂ ਕਰਨੀ ਉਚਿਤ ਨਹੀਂ ਸਮਝਦੇ। ਕਲਿੰਟਕ4 ਇਸ ਸੰਕਲਪ ਨੂੰ ਬਸਤੀਵਾਦ ਦੇ ਅੰਤ ਵਜੋਂ ਵਰਤਣ ਨੂੰ ਸਮੇਂ ਤੋਂ ਪਹਿਲਾਂ ਦੀ ਗੱਲ ਸਮਝਦੀ ਹੈ। ਉਸ ਨੂੰ, ਇਸਦੀ ਅਕਾਦਮਿਕ ਬਜ਼ਾਰੂਕਰਣ ਜਿਹੀ ਵਪਾਰਕ ਸਥਿਤੀ ਉਪਰ ਵੀ ਇਤਿਰਾਜ਼ ਹੈ ਕਿਉਂਕਿ ਇਹ ਸੰਕਲਪ ਨਵਬਸਤੀਵਾਦ ਦੇ ਜਾਂ ਤੀਜੀ ਦੁਨੀਆਂ ਦੀ ਸਥਿਤੀ ਦੇ ਅਧਿਐਨ ਨਾਲੋਂ ਵਧ ਯੂਨੀਵਰਸਿਟੀ-ਬੁਧੀਜੀਵੀਆਂ ਦੀ ਫੈਸ਼ਨਪਰਕ ਪਸੰਦ ਹੈ। ਐਰਿਫ ਡਿਰਲਿਕ5 ਅਨੁਸਾਰ ਉਤਰਬਸਤੀਵਾਦੀ ਸੰਕਲਪ, ਉਤਰ ਆਧੁਨਿਕਤਾ ਦੀ ਹੀ ਉਪਜ ਹੈ ਅਤੇ ਉਤਰਬਸਤੀਵਾਦੀ ਆਲੋਚਕਾਂ ਦਾ ਵੱਧ ਤੋਂ ਵੱਧ ਅਜੇ ਤਕ ਦਾ ਯੋਗਦਾਨ, ਤੀਜੀ ਦੁਨੀਆਂ ਦੀਆਂ ਪੁਰਾਣੀਆਂ ਸਮਸਿਆਵਾਂ ਨੂੰ ਉਤਰਸੰਰਚਨਾਵਾਦੀ ਭਾਸ਼ਾ ਵਿਚ ਵਿਅਕਤ ਕਰਨਾ ਹੀ ਹੈ ਪਰ ਅਜਿਹਾ ਕਰਦਿਆਂ ਉਹ ਉਤਰਬਸਤੀਵਾਦ ਅਤੇ ਵਿਸ਼ਵ-ਪੂੰਜੀਵਾਦ ਵਿਚਲੇ ਸਬੰਧਾਂ ਦੀ ਪੁਣਛਾਣ ਕਰਨੀ ਭੁੱਲ ਗਏ ਹਨ। ਐਰਿਫ ਉਤਰਬਸਤੀਵਾਦੀ ਆਲੋਚਕਾਂ ਵਲੋਂ ਦਬਾਉ-ਯੁਕਤ ਜਾਂ ਧੌਂਸਪੂਰਣ

ਵਿਚਾਰਧਾਰਾ ਦੀਆਂ ਵਕਤ ਵਿਹਾਅ ਚੁੱਕੀਆਂ ਧਾਰਨਾਵਾਂ ਦੀ ਫਜ਼ੂਲ ਆਲੋਚਨਾ ਦੀ ਆਲੋਚਨਾ ਕਰਨ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਤਤਕਾਲੀਨ ਸਮਾਜਕ, ਰਾਜਨੀਤਕ ਅਤੇ ਸਭਿਅਚਾਰਕ ਦਬਾਅ ਨੂੰ ਘੱਟ ਜਾਂ ਕਾਬੂ ਕਰਨ ਵਾਲੀ ਮਿਲੀ-ਭੁਗਤ ਦਾ ਵੀ ਅਧਿਐਨ ਕਰਨ ਲਈ ਪਰੇਰਦਾ ਹੈ। ਅਲਾ ਸ਼ੋਹਤ6 ਉਤਰਬਸਤੀਵਾਦੀ ਟਰਮ ਨੂੰ ਬਸਤੀਵਾਦ ਦੇ ਖਾਤਮੇ ਨਾਲ ਜੋੜਨ ਲਈ ਤਿਆਰ ਨਹੀਂ ਹੈ। ਉਸ ਅਨੁਸਾਰ ਇਹ ਜਾਣੇ-ਅਣਜਾਣੇ ਦਬਾਯੁਕਤ ਵਿਸ਼ਵ-ਵਿਆਪੀ ਵਰਤਾਰੇ ਨੂੰ ਛੁਪਾਉਣ ਦਾ ਇਕ ਯਤਨ ਹੀ ਹੈ ਜੋ ਬਸਤੀਵਾਦੀ ਪ੍ਰਸ਼ਾਸਨਾਂ ਦੇ ਬਦਲੇ ਜਾਣ ਦੇ ਬਾਵਜੂਦ ਅਜੇ ਵੀ ਪ੍ਰਭਾਵਕਾਰੀ ਹੈ। ਉਹ ਉਤਰਬਸਤੀਵਾਦ ਦੇ ਉਦਭਵ, ਵਿਰੋਧਤਾਵਾਂ ਅਤੇ ਰਾਜਨੀਤਕ ਪੱਖ ਤੋਂ ਨਾਕਾਮਯਾਬ ਰਹਿਣ ਦੀਆਂ ਸਮਸਿਆਵਾਂ ਦੀ ਬੜੀ ਸੂਖਮ ਘੋਖ-ਪੜਤਾਲ ਕਰਦੀ ਹੈ। ਅਲਾ ਸ਼ੋਹਤ ਅਨੁਸਾਰ: **"The term postcolonial fails to address the issues of contemporary power relations. The term lakes a political content that could account for U.S. imperialism in the eighties and ninties. Inspite of differences and contradictions among and within third-word countries, she prefers the term, 'Third world' because it contains a common project of allied resistances to neocolonialism, usefully evoking structural commonalities of struggles among diverse people" (P-III)**

ਇਸ ਤੋਂ ਇਸ ਸ਼ੱਕ ਦੀ ਵੀ ਝਲਕ ਪੈਂਦੀ ਪ੍ਰਤੀਤ ਹੁੰਦੀ ਹੈ ਕਿ ਉਤਰਬਸਤੀਵਾਦ ਦਾ ਸੰਕਲਪ ਨਵਬਸਤੀਵਾਦ ਦੀ ਪਛਾਣ ਵਧਾਉਣ ਲਈ ਵਰਤਿਆ ਜਾ ਰਿਹਾ ਹੈ। ਉਂਜ ਇਨ੍ਹਾਂ ਵਿਦਵਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇਕਰ ਉਤਰਬਸਤੀਵਾਦ ਨਹੀਂ ਤਾਂ ਉਤਰ-ਉਤਰਬਸਤੀਵਾਦ ਜ਼ਰੂਰੀ ਨਵਬਸਤੀਵਾਦ ਦੀ ਸੰਭਾਵਨਾ ਦਾ ਅਧਾਰ ਬਣ ਸਕਦਾ ਹੈ। ਗਿਆਨ ਪ੍ਰਕਾਸ਼7 ਦਾ ਮਤ ਹੈ ਕਿ ਉਤਰਬਸਤੀਵਾਦੀ ਆਲੋਚਨਾ, ਬਸਤੀਵਾਦ ਅਧਾਰਿਤ ਪੱਛਮੀ ਪ੍ਰਭੁਤਵ ਦੁਆਰਾ ਸੰਚਾਲਤ ਦੇਸ਼ਾਂ ਦੀ ਸਮਾਜਕ ਪਛਾਣ ਅਤੇ ਗਿਆਨ ਦੀਆਂ ਵੱਖ ਵੱਖ ਪਰਤਾਂ ਬਾਰੇ ਪੁਨਰ ਵਿਚਾਰ ਕਰਨ ਲਈ ਮਜ਼ਬੂਰ ਕਰਦੀ ਹੈ। ਇਸ ਤਰ੍ਹਾਂ ਉਤਰਬਸਤੀਵਾਦ, ਬਸਤੀਵਾਦ ਤੋਂ ਬਾਦ ਦਾ ਹੋਂਦਮੂਲਕ ਵਰਤਾਰਾ ਹੈ।

ਇਤਿਹਾਸਕ ਪਰਿਪੇਖ ਵਿਚ ਉਤਰਬਸਤੀਵਾਦੀ ਰਾਜਨੀਤਕ ਸਭਿਆਚਾਰ ਦੀ ਆਤਮਨਿਸ਼ਠਤਾ ਦੇ ਮੁੜ-ਉਸਾਰ ਬਾਰੇ ਜਾਨਣਾ ਜ਼ਰੂਰੀ ਬਣ ਜਾਂਦਾ ਹੈ, ਜਿਸ ਵਿਚ ਵਿਸ਼ਾ ਅਤੇ ਉਦੇਸ਼ ਰਲਗਡ ਕਰ ਦਿੱਤੇ ਗਏ ਮਹਿਸੂਸ ਹੁੰਦੇ ਹਨ। ਬਸਤੀਵਾਦੀ ਅਤੇ ਅਰਧਬਸਤੀਵਾਦੀ ਖੇਤਰਾਂ ਵਿਚ ਉਤਰਬਸਤੀਵਾਦੀ ਵਿਚਾਰ ਚਰਚਾ ਨੂੰ ਸਥਿਰਤਾ ਸਹਿਤ ਸਥਾਪਤ ਕਰਨ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਬਸਤੀਵਾਦੀ ਪ੍ਰਦੂਸ਼ਣ ਤੋਂ ਮੁਕਤ ਹੋਣ ਲਈ, ਜਿਹੜੇ ਦੂਜਿਆਂ ਨੂੰ ਹਾਸ਼ੀਆਕ੍ਰਿਤ ਕਰਦੇ ਹਨ, ਕੋਈ ਵਿਸ਼ੇਸ਼ ਸਿਧਾਂਤ ਜਾਂ ਪ੍ਰੋਗਰਾਮ ਹੋਣਾ ਚਾਹੀਦਾ ਹੈ। ਉਤਰਬਸਤੀਵਾਦ, ਬਸਤੀਵਾਦ ਦਾ ਮੁਲਾਂਕਣ ਕਰਕੇ ਦਮਿਤ ਹੋਏ ਸਭਿਆਚਾਰਾਂ ਦੀ ਪੁਨਰ ਉਸਾਰੀ ਹਿਤ ਕਾਰਜਸ਼ੀਲ ਯਤਨ ਹੈ। ਪੱਛਮੀ ਸਾਮਰਾਜੀਆਂ ਵਲੋਂ ਉਲਟਾਅ ਦਿਤੇ ਗਏ ਸਿਧਾਂਤਾਂ, ਸੰਕਲਪਾਂ ਦੇ ਸਨਮੁਖ, ਇਹ ਵਾਦ ਸੰਸਾਰ ਦੇ ਇਤਿਹਾਸ ਨੂੰ ਮੁੜ ਵਿਚਾਰਨ ਦੀ ਪੱਧਤੀ ਹੈ।

ਵੀਹਵੀਂ ਸਦੀ ਦੇ ਅਠਵੇਂ ਦਹਾਕੇ ਵਿਚ ਉਤਰਬਸਤੀਵਾਦ ਦੀ ਥਾਂ 'ਤੀਜੀ ਦੁਨੀਆਂ' ਸ਼ਬਦ ਪ੍ਰਚਲਿਤ ਹੋਣਾ ਸ਼ਹਇਆ। ਸ਼ਬਦ ਉਤਰਬਸਤੀਵਾਦ, ਤਿੰਨ ਸੰਸਾਰਾਂ ਦੇ ਸਿਧਾਂਤ ਦੇ ਸੰਕਟ ਤੋਂ ਬਚਣ ਲਈ ਹੀ ਹੋਂਦ ਵਿਚ ਲਿਆਂਦਾ ਗਿਆ ਸੀ। ਇਸ ਤਬਦੀਲੀ ਦੇ ਸਹੀ ਸਿਧ ਹੋਣ ਦਾ



ਕਾਰਨ, ਨਾ ਕੇਵਲ ਕਿਸੇ ਤੀਜੀ ਦੁਨੀਆਂ ਜਿਹੇ ਸੰਕਲਪ ਦੀ ਸਿਧਾਂਤਕ ਸੰਗਤੀ ਦਾ ਨਾ ਹੋਣਾ ਸੀ ਬਲਕਿ ਗਲਬਲ-ਸ਼ਕਤੀ ਸਬੰਧਾਂ ਦੇ ਅਧਾਰਭੂਤ ਸਰੂਪ ਦੁਆਰਾ ਇਤਿਹਾਸ ਦੇ ਅਧਾਰ ਮੂਲਕ ਵਿਭਿੰਨ ਬ੍ਰਿਤਾਂਤਾਂ ਦਾ ਹੋਣਾ ਸੀ। 'ਤੀਜੀ ਦੁਨੀਆਂ' ਦਾ ਸੰਕਲਪ ਬਸਤੀਵਾਦ ਵਿਰੁੱਧ ਉਠੀ ਲਹਿਰ ਦੀ ਯਾਦ ਦਿਵਾਉਂਦਾ ਹੈ, ਜਦੋਂ ਗੁਲਾਮ ਦੇਸ਼ਾ ਦੇ ਲੋਕਾਂ ਨੇ ਅਜ਼ਾਦੀ ਪ੍ਰਾਪਤੀ ਵਾਸਤੇ ਹਿੰਸਕ, ਅਹਿੰਸਕ ਜਦੋ-ਜਹਿਦ ਸ਼ਕੀਤੀ। ਇਸ ਸ਼ਬਦ ਦੀ ਪਹਿਲੀ ਵਾਰ ਵਰਤੋਂ 1955 ਦੀ ਬੈਡੰਗ ਕਾਨਫਰੰਸ ਵਿਚ ਕੀਤੀ ਗਈ ਸੀ। ਫਿਰ ਇਹ ਟਰਮ ਜਲਦੀ ਹੀ ਅਕਾਦਮਿਕ ਅਤੇ ਰਾਜਨੀਤਕ ਖੇਤਰਾਂ ਵਿਚ ਪ੍ਰਚਲਿਤ ਹੋ ਗਈ, ਵਿਸ਼ੇਸ਼ਕਰ ਪੰਜਾਹਵਿਆਂ ਅਤੇ ਸੱਤਰਵਿਆਂ ਵਿਚ ਚਲੀ ਬਸਤੀਵਾਦ ਵਿਰੋਧੀ, ਰਾਸ਼ਟਰਵਾਦੀ ਲਹਿਰ ਦੌਰਾਨ, ਪਰ ਹੁਣ ਘਟਨਾਵਾਂ ਦੀ ਰੂਪ ਰੇਖਾ ਬਦਲ ਚੁੱਕੀ ਹੈ। ਤੀਜੀ ਦੁਨੀਆਂ ਦੇ ਰਾਸ਼ਟਰਵਾਦੀ ਸੰਘਰਸ਼ ਦਾ ਉਸ ਤਰ੍ਹਾਂ ਦਾ ਪ੍ਰਭਾਵਕਾਰੀ ਰੋਲ, ਅਠਵੇਂ, ਨੌਵੇਂ ਦਹਾਕਿਆਂ ਦੌਰਾਨ, ਬਸਤੀਵਾਦ ਪ੍ਰਤੀ ਟਕਰਾਅ ਦੇ ਅਧਿਐਨ ਦਾ ਅਧਾਰ ਗੁਆ ਚੁੱਕਾ ਸੀ। ਮੁੱਢਲੇ ਤੌਰ ਤੇ ਬਸਤੀਵਾਦ ਦਾ ਵਿਰੋਧ ਅਸਲ ਵਿਚ ਆਰਥਿਕ ਅਤੇ ਰਾਜਨੀਤਕ ਅਜ਼ਾਦੀ ਵਾਸਤੇ ਪੈਦਾ ਹੋਈ ਰਾਸ਼ਟਰਵਾਦੀ ਲਹਿਰ ਸੀ, ਜਿਸ ਦੇ ਫਲਸਰੂਪ ਪ੍ਰਬੰਧਕ ਢਾਂਚਾ ਢਹਿ-ਢੇਰੀ ਹੋ ਗਿਆ ਅਤੇ ਬਸਤੀਵਾਦੀ ਖੇਤਰਾਂ ਵਿਚ ਨਵੀਂ— ਰਾਜ-ਪ੍ਰਣਾਲੀ ਉਭਰ ਆਈ ਸੀ ਪਰ ਬਸਤੀਵਾਦੀ ਪ੍ਰਭਾਵ ਨੂੰ ਮੂਲੋਂ ਖਤਮ ਨਹੀਂ ਕੀਤਾ ਜਾ ਸਕਿਆ। ਬਹੁ ਗਿਣਤੀ ਚਿੰਤਕਾਂ ਦਾ ਮਤ ਹੈ ਕਿ ਗੁਲਾਮ ਦੇਸ਼ਾਂ ਨੂੰ ਪ੍ਰਾਪਤ ਹੋਈ ਅਜ਼ਾਦੀ ਦਾ ਮਤਲਬ 'ਫਸਟ ਵਰਲਡ' ਦੇ ਦਬਾਯੁਕਤ ਪ੍ਰਭਾਵ ਦਾ ਸੰਪੂਰਣ ਖਾਤਮਾ ਨਹੀਂ ਹੈ। ਪੱਛਮੀ ਦੇਸ਼ਾਂ ਵਲੋਂ ਗੁਲਾਮ ਦੇਸ਼ਾਂ ਨੂੰ ਅਜ਼ਾਦ ਕਰ ਦੇਣ ਦੇ ਬਾਦ ਵੀ ਉਹ ਉਨ੍ਹਾਂ ਉਪਰ ਬੌਧਿਕ ਅਤੇ ਨੈਤਿਕ ਪੱਖੋਂ ਅਜੇ ਤਕ ਰਾਜ ਕਰਦੇ ਆ ਰਹੇ ਹਨ। ਹੁਣ ਫਿਰ ਉਹੀ ਦੇਸ਼ ਆਪਣੀਆਂ ਪਹਿਲੀਆਂ ਬਸਤੀਆਂ ਨੂੰ ਵਖਰੇ ਢੰਗ ਨਾਲ ਗੁਲਾਮ ਬਣਾਉਣ ਦੀ ਪ੍ਰਕਿਰਿਆ ਦੇ ਰਾਹ ਪਏ ਹੋਏ ਹਨ, ਜਿਸ ਨੂੰ ਨਵਬਸਤੀਵਾਦ ਦਾ ਨਾਂ ਦਿੱਤਾ ਜਾ ਰਿਹਾ ਹੈ। ਨਵਬਸਤੀਵਾਦ, ਬਸਤੀਵਾਦ ਦਾ ਹੀ ਪੁਨਰਜਨਮ ਹੋਵੇਗਾ ਜੋ ਪੱਛਮੀ ਅਮੀਰ ਮੁਲਕਾਂ ਦੀ ਉਨਤ ਤਕਨਾਲੋਜੀ, ਆਰਥਿਕਤਾ ਅਤੇ ਵਿਚਾਰਧਾਰਕ ਦਬਾਅ ਦਾ ਨਤੀਜਾ ਹੈ। ਪੱਛਮੀ ਸਭਿਆਚਾਰ ਆਪਣੀਆਂ ਤਮਾਮ ਆਰਥਿਕ ਅਤੇ ਤਕਨੀਕੀ ਸਰਵੁਚਤਾਵਾਂ ਸਹਿਤ ਤੀਜੀ ਦੁਨੀਆਂ ਅਤੇ ਦੂਸਰੇ, ਪਹਿਲਾਂ ਗੁਲਾਮ ਰਹਿ ਚੁੱਕੇ ਦੇਸ਼ਾਂ ਦੀ ਨੈਤਿਕਤਾ, ਸਮੁੱਚੇ ਕੀਮਤ-ਪ੍ਰਬੰਧ, ਸੰਸਥਾਵਾਂ ਅਤੇ ਖਾਸ ਤੌਰ ਤੇ ਉਤਪਾਦਨ ਪ੍ਰਕਿਰਿਆ ਵਿਚ ਦਖਲ ਅੰਦਾਜ਼ੀ ਕਰ ਰਿਹਾ ਹੈ। ਸਰਮਾਏਦਾਰ ਦੇਸ਼ਾਂ ਨੇ ਆਪਣੇ ਭੂਤਪੂਰਵ ਪ੍ਰਾਧੀਨ ਦੇਸ਼ਾਂ ਦੇ ਉਤਪਾਦਨ ਸਾਧਨਾਂ ਨੂੰ ਤਬਾਹ ਕਰਕੇ ਉਨ੍ਹਾਂ ਨੂੰ ਨਿਰੋਲ ਮੰਡੀਆਂ ਬਣਾ ਕੇ ਰੱਖ ਦਿੱਤਾ ਹੈ ਅਤੇ ਹੁਣ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਨੂੰ ਪੂੰਜੀ ਪ੍ਰਭਾਵੀ ਕੀਮਤ-ਪ੍ਰਬੰਧ ਦੁਆਰਾ ਤਹਿਸ਼ ਨਹਿਸ਼ ਕੀਤਾ ਜਾ ਰਿਹਾ ਹੈ। ਅਜਿਹੇ ਨਵਬਸਤੀਵਾਦੀ ਹਮਲੇ ਨਵੀਂ, ਅਦਿਸ, ਸਮਾਜ-ਰਾਜਸੀ ਗੜਬੜ ਅਤੇ ਅਸ਼ਾਂਤੀ ਫੈਲਾਅ ਰਹੇ ਹਨ।

ਸੋਵੀਅਤ ਸੰਘ ਦੇ ਟੁੱਟਣ ਬਾਦ ਬਰਾਬਰ ਦੇ ਧੜੇ ਵਾਲੀ ਟੱਕਰ ਖਤਮ ਹੋ ਗਈ ਹੈ। ਇਸ ਨਾਲ 'ਸੈਕਿੰਡ ਵਰਲਡ' ਦਾ ਸੰਕਲਪ ਵੀ ਟੁੱਟ ਗਿਆ ਹੈ। ਪੱਛਮੀ ਪੂੰਜੀ ਅਤੇ ਤਕਨਾਲੋਜੀ ਹੁਣ ਦੁਨੀਆਂ ਦਾ ਵਿਸ਼ਵ ਪੱਧਰੀ ਬਸਤੀਕਰਣ ਕਰ ਰਹੀ ਹੈ। ਇਸੇ ਹੀ ਲੜੀ ਵਿਚ ਸੋਵੀਅਤ ਸੰਘ ਦੇ ਟੁਕੜੇ ਹੋਏ ਦੇਸ਼ ਵੀ ਇਸ ਦੀ ਚਪੇਟ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਹਨ। 'ਸੈਕਿੰਡ ਵਰਲਡ' ਦੀ ਫਨਾਹੀ ਤੋਂ ਬਾਦ ਪਹਿਲੀ ਅਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚਕਾਰ ਸ਼ੇਰ ਬੱਕਰੀ ਵਾਲੀ ਸਥਿਤੀ ਬਣੀ ਹੋਈ ਹੈ। ਦਿਲਚਸਪ ਪਹਿਲੂ ਇਹ ਹੈ ਕਿ ਪਹਿਲੀ ਦੁਨੀਆਂ ਦੇ ਦੇਸ਼ਾਂ ਦੇ ਸ਼ੋਸ਼ਣਕਾਰੀ ਵਤੀਰੇ ਦੇ ਫਲਸਰੂਪ ਤੀਜੀ ਦੁਨੀਆਂ ਦੇ ਵਾਸੀ ਮੁਸੀਬਤਾਂ ਦੇ ਸਤਾਏ, ਇਨ੍ਹਾਂ ਪਹਿਲੀ ਦੁਨੀਆਂ ਭਾਵ ਸਰਮਾਏਦਾਰ ਮੁਲਕਾਂ ਵਿਚ ਇੰਮੀਗਰੇਟ ਹੋ ਰਹੇ ਹਨ। ਇਸ ਤਰ੍ਹਾਂ ਫਸਟ ਵਰਲਡ ਦੀ ਥਰਡ ਵਰਲਡਲਿੰਗ ਅਤੇ ਥਰਡ ਵਰਲਡ ਦੀ ਫਸਟ ਵਰਲਡਲਿੰਗ ਇਕਸਮੇਂ ਲਗਾਤਾਰਤਾ ਸਹਿਤ ਹੋ ਰਹੀ ਹੈ। ਵਿਸ਼ਵ-

ਸ਼ਕਤੀ-ਸਬੰਧਾਂ ਵਿਚ ਪਿਛਲੇ ਸਮਿਆਂ ਵਿਚ ਅਧਾਰਮੂਲਕ ਤਬਦੀਲੀਆਂ ਵਾਪਰੀਆਂ ਹਨ। ਜਿਵੇਂ:-

1. ਸੋਵੀਅਤ ਸੰਘ ਦੀ ਆਰਥਿਕ, ਰਾਜਨੀਤਕ ਅਤੇ ਫੌਜੀ ਸ਼ਕਤੀ ਵਜੋਂ ਸਰਵੁਚਤਾ ਦਾ ਟੁੱਟਣਾ।
2. ਜਪਾਨ ਦਾ ਆਰਥਿਕ ਪੱਖੋਂ ਸੁਪਰ ਪਾਵਰ ਵਜੋਂ ਸਥਾਪਤ ਹੋਣਾ।
3. ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਦੇ ਮਹੱਤਵ ਦਾ ਉਭਾਰ।
4. ਤੀਜੀ ਦੁਨੀਆਂ ਦੇ ਦੇਸ਼ਾਂ ਉਪਰ ਅਮਰੀਕਾ, ਜਪਾਨ ਅਤੇ ਯੋਰਪੀਨ ਦੇਸ਼ਾਂ ਦੀਆਂ ਬਹੁ-ਕੌਮੀ ਕੰਪਨੀਆਂ ਵਲੋਂ ਆਰਥਿਕ ਆਕਰਮਣ।

ਨਵਬਸਤੀਵਾਦ ਨੂੰ ਬਹੁ-ਕੌਮੀ ਕੰਪਨੀਆਂ ਦਾ ਪੂੰਜੀ ਅਧਾਰਤ ਸਭਿਆਚਾਰਵਾਦ ਕਿਹਾ ਜਾ ਸਕਦਾ ਹੈ। ਫਰੈਡਰਿਕ ਜੇਮਸਨ8 ਅਨੁਸਾਰ, "ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਅਕੀਦੇ ਅਨੁਸਾਰ ਬਹੁ-ਕੌਮੀ ਸਰਮਾਇਆਕਾਰੀ, ਉਦਯੋਗਿਕ ਤਰੱਕੀ ਅਤੇ ਖੇਤੀ ਅਧਾਰਿਤ ਹਰਾ ਇਨਕਲਾਬ, ਨਵਬਸਤੀਵਾਦ ਦੀ ਹੋਂਦ ਅਤੇ ਪੈਰ-ਪਸਾਰ ਦਾ ਨਤੀਜਾ ਹੈ, ਜੋ ਆਪਣੇ ਬਸਤੀਕ੍ਰਿਤ ਦੇਸ਼ਾਂ ਦੇ ਪੁਰਾਣੇ ਸਾਮਰਾਜਵਾਦੀ ਸਬੰਧਾਂ ਨੂੰ ਮੰਡੀ ਵਿਚ ਪਰਿਵਰਤਿਤ ਕਰ ਰਿਹਾ ਹੈ। ਇਹ ਅਬਾਦੀਆਂ ਦੇ ਪਰੰਪਰਾਵਾਦੀ ਸਮਾਜਕ ਜੀਵਨ ਨੂੰ ਤਬਾਹ ਕਰਨ ਦੇ ਨਾਲ ਨਾਲ ਨਵਾਂ ਮਜ਼ਦੂਰ-ਪੂਲ ਅਤੇ ਲੁੰਪਨ ਪਰਲੇਤਾਰੀ ਵਰਗ ਪੈਦਾ ਕਰ ਰਿਹਾ ਹੈ।" ਜੇਮਸਨ ਦੇ ਨਵਬਸਤੀਵਾਦ ਨੂੰ ਜਨ ਮੁਹੰਮਦ9 ਧੌਂਸਪੂਰਣ ਬਸਤੀਵਾਦ ਦਾ ਹੀ ਨਵਾਂ ਰੂਪ ਕਹਿੰਦਾ ਹੈ: "Throughout the dominant phase, which spans the period from the earliest European conquest to the moment at which a colony is granted ,independence', European colonizers exercise direct and continuous bureaueratic control and military coercion of the natives." (P-61).

ਸਾਮਰਾਜਵਾਦ ਆਪਣੇ ਧੌਂਸਪੂਰਣ ਦੌਰ ਵਿਚ ਮੁਖ ਤੌਰ ਤੇ ਤੇਜ਼ਤਰਾਰ ਅਤੇ ਦਬਾਯੁਕਤ ਸਵੀਕ੍ਰਿਤੀ ਕਰਾਉਣ ਵਾਲੀ ਨੀਤੀ ਤੇ ਨਿਰਭਰ ਸੀ, ਜਿਸ ਦੇ ਪਿਛੋਕੜ ਵਿਚ ਫੌਜੀ ਦਾਬਾ ਵੀ ਕਾਰਜਸ਼ੀਲ ਹੁੰਦਾ ਸੀ। ਇਸ ਤਰ੍ਹਾਂ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਰਾਜਨੀਤਕ ਰਾਸ਼ਟਰਵਾਦੀ ਏਜੰਡਾ ਵੀ ਸੁਖਦ ਨਹੀਂ ਸੀ ਕਿਉਂਕਿ ਉਭਰ ਰਹੇ ਰਾਜਾਂ ਨੂੰ ਭਾਵੇਂ ਉਨ੍ਹਾਂ ਦੀ ਸਹਿਮਤੀ ਨਾਲ ਹੀ ਸਹੀ—, ਦਬਾਇਆ ਜਾ ਰਿਹਾ ਸੀ। ਇਸ ਦੇ ਮਦੇਨਜਰ, ਤੀਜੀ ਦੁਨੀਆਂ ਦੇ ਪ੍ਰਸੰਗ ਵਿਚ ਵੀ ਉਤਰਬਸਤੀਵਾਦ ਨੂੰ ਨਕਾਰਿਆ ਨਹੀਂ ਜਾ ਸਕਦਾ, ਐਨ ਉਸੇ ਤਰ੍ਹਾਂ ਜਿਵੇਂ ਆਖਰੀ ਪੜਾਅ ਦੇ ਬਸਤੀਵਾਦੀ ਪੂੰਜੀਵਾਦ ਨੇ ਵਿਰੋਧੀ ਸਭਿਆਚਾਰਾਂ ਨੂੰ ਦਬਾਉਣ ਲਈ ਵਧੇਰੇ ਕਾਰਗਰ ਅਤੇ ਸੂਖਮ ਨੀਤੀਆਂ ਘੜ ਲਈਆਂ ਸਨ। ਨਵਬਸਤੀਵਾਦ ਵੀ ਆਪਣੇ ਆਰਥਿਕ ਅਤੇ ਤਕਨੀਕੀ ਇਨਕਲਾਬ ਦੇ ਰੂਪ ਵਿਚ, ਪੂਰਵਬਸਤੀਵਾਦੀ ਖੇਤਰਾਂ ਨੂੰ ਮੁੜ ਕਾਬੂ ਕਰਨ ਲਈ ਯਤਨਸ਼ੀਲ ਹੈ। ਇਸ ਪ੍ਰਕਿਰਿਆ ਦੌਰਾਨ ਅਮੀਰ ਮੁਲਕ (ਯੌਰਪ ਅਤੇ ਅਮਰੀਕਾ) ਅਥਾਹ ਸ਼ਕਤੀ ਹਾਸਲ ਕਰ ਲੈਣਗੇ। ਇਸੇ ਇੱਛਾ ਅਧੀਨ ਪੱਛਮੀ ਸਾਮਰਾਜਵਾਦ ਵਲ ਆਪਣੇ ਇਤਿਹਾਸਕ ਬ੍ਰਿਤਾਂਤਾਂ ਨੂੰ ਮੰਡੀ-ਦੇਸ਼ਾਂ ਵਿਚ ਇਲੈਕਟਰੋਨਿਕ ਮੀਡੀਏ ਦੀ ਸਹਾਇਤਾ ਨਾਲ ਪ੍ਰਚਾਰਿਆ, ਪ੍ਰਸਾਰਿਆ ਜਾ ਰਿਹਾ ਹੈ। ਪੱਛਮੀ ਸਮਾਜ ਆਪਣੇ ਉਤਮ ਹੋਣ ਦੀ ਮਾਨਸਿਕਤਾ ਸਦਕਾ ਤੀਜੀ ਦੁਨੀਆਂ ਦੇ ਸਭਿਆਚਾਰ ਨੂੰ ਨੀਵਾਂ ਸਿਧ ਕਰਦਿਆਂ, ਆਪਣੀ ਸਭਿਆਚਾਰਕ ਰਹਿੰਦ-ਖੂੰਦ ਜਾਂ ਕੂੜੇ-ਕਰਕਟ ਨੂੰ ਪ੍ਰਸਾਰ ਰਹੇ ਹਨ। ਤੀਜੀ ਦੁਨੀਆਂ ਦੇ ਲੋਕਾਂ ਦੀ ਸਮਸਿਆ ਇਹ ਹੈ ਕਿ ਉਹ ਆਪਣੀਆਂ ਮੁਸੀਬਤਾਂ ਦੇ ਕਾਰਨਾਂ ਜਿਵੇਂ ਹੱਦੋਂ ਵੱਧ ਜਨ-ਸੰਖਿਆ, ਕੁਰੱਪਸ਼ਨ, ਨਿਕੰਮਾਪਨ, ਸੁਸਤੀ, ਕੰਮ ਦੀ ਘੱਟ ਰਫਤਾਰ, ਸਾਇੰਸ-ਤਕਨਾਲੋਜੀ ਦੀ ਘਾਟ, ਹਿੰਸਕ ਰੁਚੀਆਂ, ਬੰਦ-ਸਮਾਜੀ ਹਾਲਤਾਂ ਨੂੰ ਜਾਨਣ, ਸਮਝਣ ਅਤੇ ਸੁਧਾਰਨ ਭਾਵ ਹਾਲਾਤ ਅਨੁਸਾਰ



ਤਬਦੀਲ ਕਰਨ, ਢਾਲਣ ਦੀ ਥਾਂ ਸਰਮਾਏਦਾਰ ਦੇਸ਼ਾਂ ਦੀ ਚਕਾ-ਚੌਂਧ ਪੂਰਨ ਤਰੱਕੀ ਅਤੇ ਸੁਖ-ਸੁਵਿਧਾਵਾਂ ਦੀ ਲਲਕ ਹਿਤ, ਆਪਣਾ ਚੰਗਾ ਵੀ ਨਕਾਰ ਕੇ, ਪੱਛਮੀ ਮੰਦੇ ਨੂੰ ਬਿਨਾਂ ਸੋਚੇ ਸਮਝੇ ਅਪਣਾਈ ਜਾ ਰਹੇ ਹਨ। ਇਹ ਨਵਬਸਤੀਵਾਦ, ਬਹੁ-ਕੌਮੀ ਕੰਪਨੀਆਂ ਅਤੇ ਮੁਦਰਾ ਕੋਸ਼ ਦੀ ਸਹਾਇਤਾ ਨਾਲ ਗੈਰ ਪੱਛਮੀ ਦੇਸ਼ਾਂ ਵਿਚ ਐਲ.ਪੀ.ਜੀ.ਭਾਵ ਲਿਬਰਲਾਈਜੇਸ਼ਨ, ਪ੍ਰਾਈਵੇਟਾਈਜੇਸ਼ਨ ਅਤੇ ਗਲੋਬਲਾਈਜੇਸ਼ਨ ਦੀ ਧਾਰਨਾ ਅਧੀਨ ਪੱਛਮੀ ਸਭਿਆਚਾਰ ਨੂੰ ਨਿਰਵਿਰੋਧ ਸਵੀਕਾਰ ਕਰਵਾਕੇ, ਯੂਰੋਸੈਂਟਰਿਕ ਵਿਚਾਰਧਾਰਾ ਨੂੰ ਮੁੜ ਉਪਜਾਅ ਅਤੇ ਲਾਗੂ ਕਰਵਾ ਰਿਹਾ ਹੈ। ਦੀਪੇਸ਼ ਚਕਰਾਬਾਰਤੀ10 ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਾ ਹੈ ਕਿ ਨਵਬਸਤੀਵਾਦੀ ਵਿਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਲਾਗੂ ਕਰਾਉਣ ਵਿਚ ਗੈਰ ਪੱਛਮੀ ਦੇਸ਼ਾਂ ਦੀ ਮਿਲੀ-ਭੁਗਤ ਵੀ ਸ਼ਾਮਿਲ ਹੈ । ਆਧੁਨਿਕਤਾ ਨਾਲ ਸਬੰਧਿਤ ਪ੍ਰਮੁੱਖ ਪੱਛਮੀ ਬ੍ਰਿਤਾਂਤ ਹੀ ਸਮੁਚੇ ਵਿਸ਼ਵ ਵਿਚ ਜਕੜ ਨਹੀਂ ਵਧਾ ਰਹੇ ਬਲਕਿ ਸਾਮਰਾਜਵਦੀਆਂ ਦੀ ਰਾਜਨੀਤਕ ਅਤੇ ਫੌਜੀ ਘੁਸਪੈਠ ਨੂੰ ਗੈਰ ਸਾਮਰਾਜਵਾਦੀ ਦੇਸ਼ਾਂ ਦੇ ਲੋਕਾਂ ਵਲੋਂ ਸਵੀਕਾਰਨ ਤੋਂ ਵੀ ਸੰਕੋਚ ਨਹੀਂ ਕੀਤਾ ਜਾ ਰਿਹਾ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਸਾਮਰਾਜੀ ਪੰਜੇ ਦੀ ਜਕੜ ਤੋਂ ਬਚਣ ਦੇ ਸਾਰੇ ਹੀਲੇ ਨਾਕਾਮਯਾਬ ਹੋ ਗਏ ਹੋਣ। ਯੌਰਪ ਨੇ ਉਨ੍ਹੀਵੀਂ ਸਦੀ ਵਿਚ ਤਕਨੀਕੀ, ਪੂੰਜੀ ਅਤੇ ਫੌਜੀ ਦਬਾਵਾਂ ਦੁਆਰਾ ਜੋ ਨਾਇਕਤਵ ਸਥਾਪਤ ਕੀਤਾ ਸੀ, ਉਹ ਪਿਛਲੇ ਸਮਿਆਂ ਵਿਚ ਕਿਸੇ ਤਰ੍ਹਾਂ ਵੀ ਘਟਿਆ ਨਹੀਂ ਹੈ। ਐਡਵਰਡ ਸਈਦ ਅਤੇ ਕੋਨਰ ਬਰੇਨ **(Edward Said and conor cruise O'Brien)** ਜੋ 1985 ਵਿਚ ਉਤਰਬਸਤੀਵਾਦ ਉਪਰ ਹੋਈ ਵਿਚਾਰਚਰਚਾ ਵਿਚ ਸ਼ਾਮਿਲ ਹੋਏ ਸਨ, ਦੋਹਾਂ ਨੇ ਸ਼ਿਕਾਇਤ ਕੀਤੀ ਸੀ ਕਿ ਪੱਛਮੀ ਧੌਂਸ ਵਿਰੋਧੀ ਸੰਘਰਸ਼ ਪ੍ਰਤੀ ਅਰਬ ਅਤੇ ਅਫਰੀਕਨ ਬੁੱਧੀਜੀਵੀ ਚੁੱਪ ਅਤੇ ਨਿਸਲ ਹਨ। ਉਨ੍ਹਾਂ ਦੀ ਸਰਵੇ ਰੀਪੋਰਟ ਦਸਦੀ ਹੈ ਕਿ ਉਨ੍ਹੀਂ ਦਿਨੀਂ ਵੀ, ਅਰਬੀ ਅਤੇ ਅਫਰੀਕਰਨ ਯੂਨੀਵਰਸਿਟੀਆਂ ਵਿਚ ਬਹੁਤ ਪੁਰਾਣਾ, ਵਕਤ -ਵਿਹਾਅ ਚੁੱਕਾ ਅੰਗਰੇਜ਼ੀ ਕੋਰਸ ਪੜ੍ਹਾਇਆ ਜਾ ਰਿਹਾ ਸੀ ਜਦ ਕਿ ਅੰਗਰੇਜ਼ੀ ਸਾਹਿਤ ਦਾ ਬਸਤੀਵਾਦੀ ਪ੍ਰਕਿਰਿਆ ਵਿਚ ਵੱਡਾ ਯੋਗਦਾਨ ਰਿਹਾ ਹੈ। ਜਿਥੇ ਬਸਤੀਵਾਦ ਦੀ ਮਾਰ ਹੇਠ ਰਹੇ ਜਾਂ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਬੁੱਧੀਜੀਵੀ, ਨਵਬਸਤੀਵਾਦ ਦੇ ਝੱਖੜਾਂ ਦੀ ਤਬਾਹੀ ਪ੍ਰਤੀ ਗੈਰ ਸੰਜੀਦਾ ਹਨ, ਉਥੇ ਪੱਛਮੀਕਰਣ ਪ੍ਰਤੀ ਲਗਾਉ ਰੱਖਣ ਵਾਲੇ ਬੁਧੀਜੀਵੀ ਯੌਰਪੀ ਕੇਂਦਰੀਕਰਣ ਦੀ ਵਿਚਾਰਧਾਰਾ ਨੂੰ ਲਾਗੂ ਕਰਾਉਣ ਹਿਤ ਪੱਛਮੀ ਬੁਧੀਜੀਵੀਆਂ ਜਿੰਨੇ ਹੀ ਜਿੰਮੇਵਾਰ ਹਨ। ਇਸ ਤਰ੍ਹਾਂ ਉਤਰਬਸਤੀਵਾਦ, ਦਬਾਅ ਵਿਰੋਧੀ ਯਤਨਾਂ ਦੇ ਅਧਿਐਨ ਦਾ ਇਤਿਹਾਸਕ ਪ੍ਰਸੰਗ ਹੈ। ਉਤਰਬਸਤੀਵਾਦ, ਸਭਿਆਚਾਰਕ ਖੇਤਰ ਵਿਚ, ਸਾਮਰਾਜੀ ਜਕੜ ਨੂੰ ਤੋੜਨ ਵਾਲੇ ਇਰਾਦੇ ਦੀ ਪਕਿਆਈ ਦਾ ਸਮੱਰਥਨ ਕਰਦਾ ਹੈ । ਇਹ ਚਾਹੁੰਦਾ ਹੈ ਕਿ ਬਸਤੀਵਾਦੀ ਪ੍ਰਕਿਰਿਆ ਦੀ ਘੋਖ-ਪੜਤਾਲ ਅਤੇ ਆਲੋਚਨਾ ਹੁੰਦੀ ਰਹੇ। ਅਜਿਹਾ ਕਰਕੇ ਉਹ ਨਵਬਸਤੀਵਾਦ ਨੂੰ ਨੱਥ ਪਾਉਣ ਪ੍ਰਤੀ ਸੁਚੇਤ ਕਰਦਾ ਹੈ, ਕਿਉਂਕਿ ਬਸਤੀਵਾਦੀ ਨੇ ਅਬਾਦੀਆਂ ਦੇ ਸਥਾਨਕ ਸਭਿਆਚਾਰ ਨੂੰ ਢਾਹ ਲਾ ਕੇ, ਪੱਛਮੀ ਸਭਿਆਚਾਰ ਨੂੰ ਪ੍ਰਚਾਰਨ ਹਿਤ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਨੂੰ ਜਬਰਦਸਤੀ ਥੋਪਿਆ ਸੀ, ਜਿਸ ਨੇ ਜਾਤੀਵਾਦ ਨੂੰ ਸ਼ਹਿ ਦੇ ਕੇ ਬਸਤੀਵਾਦ ਦੀਆਂ ਨੀਹਾਂ ਪੱਕੀਆਂ ਕੀਤੀਆਂ ਸਨ। ਕਿਹਾ ਜਾ ਸਕਦਾ ਹੈ ਕਿ ਯੌਰਪ ਵਿਚ ਆਧੁਨਿਕਤਾ ਦੀ ਆਮਦ ਬਸਤੀਵਾਦ ਅਤੇ ਸਾਮਰਾਜਵਾਦ ਨਾਲ ਸਿਧੀ ਤਰ੍ਹਾਂ ਜੁੜੀ ਹੋਈ ਹੈ, ਜਿਸ ਦੀ ਸਪਸ਼ਟ ਉਦਾਹਰਣ ਗੋਰਿਆਂ ਦੀ ਕਾਲਿਆਂ ਪ੍ਰਤੀ ਨਸਲੀ ਨਫਰਤ ਹੈ ਜੋ ਇਸ ਦੌਰ ਦੇ ਨੁਮਾਇੰਦਿਆਂ ਦੇ ਕਾਰਜਾਂ, ਰਚਨਾਵਾਂ ਚੋਂ ਸਾਫ ਝਲਕਦੀ ਹੈ। ਰਸਕਿਨ, ਮਿਲ ਅਤੇ ਕਾਰਲਾਇਲ ਜਿਹੇ ਵਿਦਵਾਨਾਂ ਨੇ ਸਾਮਰਾਜ ਨੂੰ ਵਡਿਆਇਆ, ਸੁਧਾਰਿਆ ਅਤੇ ਉਭਾਰਿਆ ਸੀ। ਕਿਪਲਿੰਗ, ਡਿਕਨਜ਼, ਆਸਟਿਨ ਅਤੇ ਕਨਰਡ ਵਰਗੇ ਲੇਖਕਾਂ ਨੇ ਸਾਮਰਾਜ ਨੂੰ ਫੈਲਾਉਣ, ਮਨਾਉਣ ਅਤੇ ਮਨਵਾਉਣ ਸਬੰਧੀ ਮਹੱਤਵਪੂਰਨ ਯੋਗਦਾਨ ਪਾਇਆ ਸੀ। ਪੱਛਮੀ ਅਤੇ ਗੈਰ ਪੱਛਮੀ ਦੇਸ਼ਾਂ ਵਿਚ ਅਜੇ ਤਕ ਵੀ ਇਹ ਲੇਖਕ ਇਤਿਹਾਸ, ਦਰਸ਼ਨ ਅਤੇ ਸਾਹਿਤ ਦੇ ਅਨੁਸ਼ਾਸਨਾਂ

ਵਿਚ ਬੜੇ ਫਖਰ ਅਤੇ ਹੱਕ ਨਾਲ ਪੜ੍ਹੇ, ਪੜ੍ਹਾਏ ਜਾ ਰਹੇ ਹਨ। ਇਸ ਤਰ੍ਹਾਂ ਬਸਤੀਵਾਦ ਦਾ ਇਤਿਹਾਸ, ਪੱਛਮੀ ਸਭਿਅਤਾ ਦੇ ਚੋਤਰਫੇ ਪ੍ਰਚਾਰ ਅਤੇ ਪ੍ਰਸਾਰ ਦਾ ਇਤਿਹਾਸ ਹੈ। ਗੈਰ ਪੱਛਮੀ ਸੰਸਾਰ ਅਜੇ ਤਕ ਵੀ ਪੱਛਮ ਦੁਆਰਾ ਸੰਚਾਲਤ ਅਤੇ ਨਿਰਧਾਰਤ ਨੈਤਿਕਤਾ ਅਤੇ ਬੌਧਿਕਤਾ ਦਾ ਹੀ ਅਨੁਕਰਨ ਅਤੇ ਅਨੁਸਰਨ ਕਰੀ ਜਾ ਰਿਹਾ ਹੈ। ਉਤਰਬਸਤੀਵਾਦੀ ਪ੍ਰਵਚਨ ਨੇ ਸਭਿਆਚਾਰਕ ਖੇਤਰ ਵਿਚ ਨਵਗ੍ਰਾਮਸ਼ੀਅਨ ਰੂਪ ਵਿਚ ਲੰਬੀ ਦੂਰੀ ਤਹਿ ਕੀਤੀ ਹੈ, ਜਿਸ ਦੇ ਦੋ ਕਾਰਨ ਹਨ:-

1. ਸਭਿਆਚਾਰ ਹਮੇਸ਼ਾਂ ਬਸਤੀਵਾਦ ਵਿਰੋਧੀ ਸੰਘਰਸ਼ ਦਾ ਖੇਤਰ ਰਿਹਾ ਹੈ।

2. ਧੌਂਸਪੂਰਣ ਸਾਮਰਾਜਵਾਦ ਦੌਰਾਨ ਸਭਿਆਚਾਰ ਵਿਸ਼ੇਸ਼ ਅਧਿਕਾਰਮਈ ਬਣ ਜਾਂਦਾ ਹੈ।

ਟਰਡੀਮੈਨ (Terdiman) ਅਨੁਸਾਰ ਪ੍ਰਭਾਵਸ਼ਾਲੀ ਵਰਗ ਵਲੋਂ ਸਥਾਪਤ ਕੀਤਾ ਗਿਆ ਸਮਾਜਕ ਕੰਟਰੋਲ ਹੀ ਧੌਂਸਪੂਰਣ ਦਬਾਅ ਦਾ ਰੂਪ ਧਾਰ ਜਾਂਦਾ ਹੈ, ਜੋ ਕਈ ਹਾਲਤਾਂ ਵਿਚ ਵਿਚਾਰਧਾਰਕ ਸ਼ਕਤੀ ਇਖਤਿਆਰ ਕਰ ਲੈਂਦਾ ਹੈ,। ਫਿਰ ਵੀ ਅਜਕਲ੍ਹ ਮੁਕਾਬਲੇ ਜਾਂ ਚੁਨੌਤੀ ਦਾ ਪ੍ਰਵਚਨ ਵਧੇਰੇ ਉਚੇਚਪੂਰਨ ਬਣ ਗਿਆ ਹੈ। ਟਰਡੀਮੈਨ11 ਲਿਖਦਾ ਹੈ: **"The blockage of energy directed to structural change of the social information is an important condition of possibity for the textual revolution in which the intelligensia reinvested some of the dynamism of that sociohistorical revolution which never occured.'' (P-40)** ਟਰਡੀਮੈਨ ਦੀ ਪਾਠ ਕ੍ਰਾਂਤੀ ਨੇ ਸ਼ਾਇਦ ਉਤਰਬਸਤੀਵਾਦ ਦੀ ਸਭਿਆਚਾਰਕ ਕ੍ਰਾਂਤੀ ਨੂੰ ਪਹਿਲਾਂ ਹੀ ਚਿਤਵ ਲਿਆ ਸੀ। ਉਤਰਬਸਤੀਵਾਦ ਪਾਠ ਕ੍ਰਾਂਤੀ (textual revolution) ਨੇ ਪੱਛਮੀ ਸਭਿਆਚਾਰ ਦੀਆਂ ਅੰਤਰਵਰਤੀ ਪ੍ਰਵਿਰਤੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਨੇ ਗਿਆਨ ਦੇ ਯੂਰੋਸੈਂਟਰਿਕ ਸਾਮਰਾਜੀ ਰੂਪਾਂ ਅਤੇ ਸਾਮਰਾਜੀ ਦੁਫੇੜ ਦੇ ਕਾਰਨਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਖੋਜ ਕੀਤੀ ਹੈ । ਉਤਰਬਸਤੀਵਾਦੀ ਚਿੰਤਕਾਂ ਨੂੰ ਗੈਰ ਪੱਛਮੀ ਦੇਸ਼ਾਂ ਦੇ ਯੂਰੋਸੈਂਟਰਿਕ ਵਿਚਾਰਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਜੋ ਕਿਪਲਿੰਗ, ਕਨਰਡ ਅਤੇ ਗਰੀਨ ਦੀਆਂ ਲਿਖਤਾਂ ਵਿਚ ਉਪਲਬਧ ਹਨ ਅਤੇ ਨੀਵੀਆਂ ਜਾਂ ਘਟੀਆ ਸਮਝੀਆਂ ਗਈਆਂ ਜਾਤੀਆਂ ਵਿਚ ਬਸਤੀਵਾਦ ਦੇ ਫੈਲਾਅ ਨੂੰ ਵਿਚਾਰਨਾ ਚਾਹੀਦਾ ਹੈ ਜੋ ਰਸਕਿਨ, ਕਾਰਲਾਇਲ, ਆਸਟਿਨ, ਥੈਕਰੇ ਅਤੇ ਡਿਕਨਜ਼ ਦੀਆਂ ਰਚਨਾਵਾਂ ਵਿਚ ਪ੍ਰਸਤੁਤ ਹੈ। ਇਨ੍ਹਾਂ ਚਿੰਤਕਾਂ ਨੂੰ ਅਬਾਦੀਆਂ ਦੇ ਮਨਾਂ ਵਿਚ ਯੂਰੋਸੈਂਟਰਿਕ ਵਿਚਾਰਾਂ ਦੇ ਘਰ ਕਰ ਜਾਣ ਨੂੰ ਵੀ ਬਰਜ਼ਰੂਰ ਜਗ-ਜਾਹਿਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਉਤਰਬਸਤੀਵਾਦ, ਧੌਂਸ ਵਿਰੋਧੀ ਪ੍ਰਵਚਨ ਹੈ ਜੋ ਯੂਰੋਸੈਂਟਰਿਕ ਇਤਿਹਾਸਵਾਦ ਤੋਂ ਅਗੇ ਸਾਮਰਾਜੀ ਦੁਵੱਲਤਾਵਾਂ ਜਿਵੇਂ ਆਤਮ/ਅਨਾਤਮ, ਕੇਂਦਰ/ਹਾਸ਼ੀਆ, ਮਹਾਂਨਗਰ/ਦੇਸ਼ ਅਤੇ ਆਧੁਨਿਕ/ਰਵਾਇਤੀ ਤੋਂ ਵੀ ਅਗਾਂਹ ਨਿਕਲ ਜਾਂਦਾ ਹੈ। ਇਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਸਾਮਰਾਜਵਾਦ ਅਤੇ ਬਸਤੀਵਾਦ ਆਪਣੇ ਪੂਰਵਵਰਤੀ ਕਰੂਡ ਰਾਜਨੀਤਕ ਫੌਜੀ ਅਤੇ ਦਬਾਉ ਪੂਰਨ ਸਭਿਆਚਾਰਕ ਆਰਥਕ ਵਰਤਾਰੇ ਤੋਂ ਸਥਾਨਾਂਤਰਣ ਕਰ ਗਿਆ ਸੀ। ਹਕੀਕਤਨ ਸਮੁੱਚਾ ਸੰਸਾਰ ਕਈ ਸਦੀਆਂ ਤਕ ਬਸਤੀਵਾਦ ਦੇ ਭਾਰ ਥੱਲੇ ਦੱਬਿਆ ਰਿਹਾ ਹੈ। ਫਿਰ ਵੀ ਵਿਸ਼ਵ-ਵਿਆਪੀ ਯੂਰੋਸੈਂਟਰਿਕ ਗਿਆਨ ਰੂਪਾਂ ਦੇ ਸੁਧਰੇ ਬਿੰਬਾਂ ਅਤੇ ਸੰਕਲਪਾਂ ਦੀ ਪਛਾਣ ਨੂੰ ਸਥਾਪਤ ਕਰਨਾ ਕਾਫੀ ਮੁਸ਼ਕਲ ਹੈ। ਹੋਮੀ ਭਾਭਾ ਅਨੁਸਾਰ 'ਅਗਾਂਹ' (Beyond) ਵਿਚ ਰਹਿਣ, ਵੱਸਣ ਲਈ ਇਹ ਜ਼ਰੂਰੀ ਅਤੇ ਸੰਭਵ ਹੈ ਕਿ ਸੋਧ ਦੀ ਤੀਜੀ ਪਰਤ (Space) ਵੀ ਵੇਖ ਲਈ ਜਾਵੇ, ਜੋ ਨਾ ਤਾਂ ਬੀਤਿਆ ਹੋਇਆ ਸਵਦੇਸ਼ੀ ਹੋਵੇਗੀ ਤੇ ਨਾ ਹੀ ਬਸਤੀਕ੍ਰਿਤ ਵਰਤਮਾਨ। ਭਾਭਾਅਨੁਸਾਰ: **"Being in the 'beyond' then, is to inhabit an intervening**



**space , as any dictionary will tell you. But to dwell ,in the beyond, is also ... to be part of revisionary time, a return to the present to re-describe our cultural contemporaneity; to reinscribe our human, his-toric commonality, to touch the future on its hither side." (P-42)**

ਪਿਛਲੀਆਂ ਕੁਝ ਸਦੀਆਂ ਦੀ ਆਧੁਨਿਕਤਾ ਅਤੇ ਬਸਤੀਵਾਦ ਦੇ ਸਾਹਮਣੇ ਪ੍ਰਭਾਵਕਾਰੀ ਪ੍ਰਵਚਨ ਤੋਂ ਬਾਹਰ ਜਾ ਕੇ ਲਿਖਣਾ ਅਤੇ ਸੋਚਣਾ ਮੁਸ਼ਕਿਲ ਬਣਿਆ ਰਿਹਾ ਹੈ। ਸਮੁੱਚੇ ਵਿਸ਼ਵ ਦੇ ਸਭਿਆਚਾਰ ਦੇ ਹਰ ਅੰਗ ਵਿਚ ਆਧੁਨਿਕਤਾ ਦੀਆਂ ਸਮੂਹ ਵਿਚਾਰਧਾਰਾਵਾਂ ਨੇ ਦਖਲ ਅੰਦਾਜ਼ੀ ਕੀਤੀ ਹੈ। ਫਿਰ ਵੀ ਹੋਮੀ ਭਾਭਾ ਦਾ ਸੋਧਵਾਦੀ ਸਿਧਾਂਤ, 'ਅਗਾਂਹ', ਦਾ ਵਿਕਲਪ ਸ਼ਾਇਦ ਵਧੇਰੇ ਪ੍ਰਭਾਵਕਾਰੀ ਸਿਧ ਹੋ ਜਾਵੇ। ਬਸਤੀਕਰਤਾ ਅਤੇ ਬਸਤਕ੍ਰਿਤ ਦੇ ਮਿਲਾਪ-ਬਿੰਦੂ ਤੇ ਹੋਣ ਵਾਲੀ ਵਿਚਾਰ-ਵਿਮਰਸ਼ ਇਸ ਤੀਜੀ ਸਪੇਸ ਦੀ ਦੋਗਲੀ (Hybrid) ਦੁਚਿਤਤਾ ਅਤੇ ਵਿਸ਼ੇਸ਼ਤਾ ਦਾ ਵਿਚ-ਵਿਚਕਾਰਲਾ ਜਿਹਾ ਪ੍ਰਗਟਾਵਾ ਹੋਵੇਗਾ। ਇਹ ਤੀਜੀ ਸਪੇਸ ਸਵਦੇਸ਼ੀ ਅਤੇ ਯੌਰਪੀਅਨ, ਬਸਤੀਕਰਤਾ ਅਤੇ ਬਸਤੀਕ੍ਰਿਤ ਦੇ ਵਿਚਾਲੇ ਜਿਹੇ ਕਿਤੇ ਪੈਦਾ ਹੋ ਸਕਦੀ ਹੈ। ਇਹ ਪੱਛਮੀ ਅਤੇ ਗੈਰ ਪੱਛਮੀ ਦੋਹਾਂ ਸਭਿਆਚਾਰਕ ਸਪੇਸਜ਼ ਤੋਂ ਵਖਰੀ, ਨਵਨਿਰਮਤ ਸਿਧ ਹੋ ਹੋਵੇਗੀ।

ਆਧੁਨਿਕਤਾ ਦਾ ਦਬਾਯੁਕਤ ਪ੍ਰਵਚਨ ਆਪਣੇ ਇਤਿਹਾਸਕਾਰੀ ਬ੍ਰਿਤਾਂਤਾਂ ਦੀ ਬਣਤਰ ਦੇ ਸਮੂਹ ਵਿਸ਼ਿਆਂ ਦਾ ਦਮਨ ਕਰਕੇ, ਮਾਨਸਿਕਤਾ, ਭਾਵ- ਬਣਤਰ ਅਤੇ ਸੰਵੇਦਨਾਤਮਕ ਸਮਗਰੀ ਨੂੰ ਆਪਣੇ ਅਨੁਸਾਰ ਢਾਲਣ ਦਾ ਯਤਨ ਕਰਦਾ ਹੈ। ਅਜਿਹੀ ਸਥਿਤੀ ਵਿਚ ਸਭਿਆਚਾਰਕ ਸੋਧ ਅਧੀਨ ਵਿਚਰ ਰਹੀ ਪਰਜਾ ਅਤੇ ਧੌਂਸ ਵਿਰੋਧੀ ਉਤਰਬਸਤੀਵਾਦੀ ਵਰਤਾਰਾ, ਆਧੁਨਿਕਤਾ ਦੀ ਕ੍ਰਮਬਧ ਬਣਤਰ ਨੂੰ ਉਲਟਾਅ ਦੇਣ ਦਾ ਖਤਰਾ ਪੈਦਾ ਕਰ ਸਕਦੇ ਹਨ। ਇਸ ਤਰ੍ਹਾਂ ਅਜ਼ਾਦ ਹੋ ਰਹੇ ਦੇਸ਼ਾਂ ਦੇ ਲੋਕ ਆਧੁਨਿਕਤਾ ਦੇ ਪ੍ਰਭਾਵ ਅਧੀਨ ਆਉਂਦਿਆਂ ਕਈ ਵਾਰੀ ਆਧੁਨਿਕਤਾ ਦੇ ਹਾਸ਼ੀਏ ਤੇ ਵੀ ਚਲੇ ਜਾਂਦੇ ਹਨ। ਉਹ ਇਕਸਮੇਂ ਦਬਾਯੁਕਤ ਵਰਤਾਰੇ ਦੇ ਅੰਦਰ ਵੀ ਅਤੇ ਬਾਹਰ ਵੀ, ਵਿਚਰਨ ਲਗਦੇ ਹਨ। ਹੋਮੀ ਭਾਭਾ ਦਾ ਉਤਰਬਸਤੀਵਾਦੀ, ਧੌਂਸ ਵਿਰੋਧੀ ਸਿਧਾਂਤ, ਆਪਣੀ ਸੋਧ ਪੂਰਨ ਯੋਜਨਾ ਸਮੇਤ, ਨਾ ਕੇਵਲ ਸਾਮਰਾਜਵਾਦ ਜਾਂ ਸਾਮਰਾਜਵਾਦੀ ਭਵਿਖੀ ਸੰਭਾਵਨਾਵਾਂ ਦਾ ਵਿਰੋਧ ਕਰੇਗਾ, ਬਲਕਿ ਵਿਚਾਰ-ਵਿਮਰਸ਼ ਲਈ, ਨਵੀਂ ਜ਼ਮੀਨ ਵੀ ਤਿਆਰ ਕਰੇਗਾ।

ਉਤਰਬਸਤੀਵਾਦ ਬਾਰੇ ਕੁਝ ਵਿਦਵਾਨਦਾਂ ਦਾ ਮਤ ਹੈ ਕਿ ਭਾਵੇਂ ਇਸ ਦਾ ਰੋਲ ਬਸਤੀਵਾਦੀ ਪ੍ਰਕਿਰਿਆ ਦਾ ਖੰਡਨ ਕਰਨਾ ਹੈ ਪਰ ਅੰਦਰਖਾਤੇ ਵਰਤਮਾਨ ਸਮੇਂ ਵਿਚ ਤੀਜੀ ਦੁਨੀਆਂ ਦੇ ਲੋਕਾਂ ਉਪਰ ਸਰਮਾਏਦਾਰ ਦੇਸ਼ਾਂ ਵਲੋਂ ਕੀਤਾ ਜਾ ਰਿਹਾ ਸ਼ੋਸ਼ਣਕਾਰੀ ਦਮਨ, ਨਵਬਸਤੀਵਾਦ ਦਾ ਸਾਂਝੀਦਾਰ ਵੀ ਸਾਬਿਤ ਹੋ ਸਕਦਾ ਹੈ। ਇਸੇ ਪ੍ਰਸੰਗ ਵਿਚ ਚਿੰਤਕਾਂ ਨੇ ਉਤਰਬਸਤੀਵਾਦ ਦੇ ਨਵਬਸਤੀਵਾਦ ਨਾਲ ਸਬੰਧਾਂ ਬਾਰੇ ਕੁਝ ਸ਼ੰਕਾਵਾਦੀ ਧਾਰਨਾਵਾਂ ਵੀ ਪੇਸ਼ ਕੀਤੀਆਂ ਹਨ। ਮਿਨਾਕਸ਼ੀ ਮੁਖਰਜੀ12. ਦਾ ਮਤ ਹੈ ਕਿ ਪਹਿਲਾਂ ਬਸਤੀਵਾਦ ਹੰਢਾਂ ਚੁੱਕੇ ਦੇਸ਼ ਹੀ ਸਭ ਤੋਂ ਪਹਿਲਾਂ ਨਵਬਸਤੀਵਾਦ ਦੀ ਚਪੇਟ ਵਿਚ ਆਉਣਗੇ ਭਾਵੇਂ ਉਥੇ ਬਸਤੀਵਾਦ ਵਿਰੋਧੀ ਵਿਚਾਰਧਾਰਾ ਉਤਰਬਸਤੀਵਾਦੀ ਸੁਰ ਵਿਚ ਬਿਰਾਜਮਾਨ ਹੈ। ਇਸ ਵਾਰ ਸਰਮਾਏਕਾਰੀ ਦਾ ਵਧੇਰੇ ਜ਼ੋਰ ਸਭਿਆਚਾਰ ਉਪਰ ਰਹੇਗਾ ਕਿਉਂਕਿ ਗੁਲਾਮੀ ਦੇ ਦੌਰ ਵਿਚ ਅਬਾਦੀਆਂ ਦਾ ਸਥਾਨਕ ਸਭਿਆਚਾਰ ਹੀ ਬਸਤੀਵਾਦ ਦੇ ਵਿਰੋਧ ਵਿਚ ਥਿਰ ਬਣਿਆ ਸੀ। ਸਾਹਿਤ ਅਧਿਐਨ ਦੇ ਖੇਤਰ ਵਿਚ ਪੱਛਮੀ ਬੁਧੀਜੀਵੀਆਂ ਵਲੋਂ ਗੁਲਾਮ ਰਹਿ ਚੁੱਕੇ ਦੇਸ਼ਾਂ ਦਾ ਸਾਹਿਤ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਵੇਗਾ ਜੋਪ੍ਰੋਸੈਸਿੰਗ ਉਪਰੰਤ ਉਨ੍ਹਾਂ ਹੀ ਦੇਸ਼ਾਂ ਦੇ ਬੁਧੀਜੀਵੀਆਂ ਨੂੰ ਹਜ਼ਮ ਕਰਾਉਣ ਹਿਤ ਭੇਜ ਦਿਤਾ ਜਾਵੇਗਾ। ਇਸ ਪ੍ਰਸੰਗ ਵਿਚ ਦੂਸਰਾ ਮਤ ਇਹ ਹੈ ਕਿ ਉਤਰਬਸਤੀਵਾਦ, ਗੁਲਾਮ

ਰਹਿ ਚੁੱਕੇ ਦੇਸ਼ਾਂ ਦੇ ਸਾਹਿਤ ਦੀ ਪੱਤੀ-ਵੰਡ **(Ghetto)** ਪੇਸ਼ ਕਰਦਾ ਹੈ। ਅਰੁਨ ਮੁਖਰਜੀ13 ਅਨੁਸਾਰ ਪੱਛਮ ਦੁਆਰਾ ਨਿਰਧਾਰਤ ਉਤਰਬਸਤੀਵਾਦ ਕੁਝ ਕੁਝ ਉਧਾਲੂ ਬਿਰਤੀ ਵਾਲਾ ਹੈ ਜੋ ਖਾਸਕਰ ਅਫਰੀਕਾ, ਕੈਰੇਬੀਅਨ, ਦੱਖਣੀ ਏਸ਼ੀਆ ਅਤੇ ਕੈਨਡਾ ਦੇ ਲੇਖਕਾਂ ਦੀ ਸੈਗਰੀਗੇਸ਼ਨ ਕਰਦਾ ਹੈ ਜਦ ਕਿ ਜੌਨ ਮੇਕਲਿਓਡ14 (**John Mcleod**) ਉਤਰਬਸਤੀਵਾਦੀ ਸਾਹਿਤ ਨੂੰ ਵਡੇਰੇ ਪਰਿਪੇਖ ਵਾਲਾ ਹੋਣ ਦੀ ਸਿਫਾਰਸ਼ ਕਰਦਾ ਹੈ ਜੋ ਭੂਗੋਲਿਕ ਤੌਰ ਤੇ ਗਲੋਬਲ ਅਤੇ ਕਾਲਕ ਤੌਰ ਤੇ ਉਨ੍ਹੀਵੀ, ਵੀਹਵੀਂ ਸਦੀ ਤਕ ਦੇ ਸਾਹਿਤ ਨੂੰ ਘੇਰੇ ਵਿਚ ਲੈ ਲਵੇ। ਉਤਰਬਸਤੀਵਾਦ ਦੇ ਨਵਬਸਤੀਵਾਦ ਨਾਲ ਸਬੰਧਾਂ ਪ੍ਰਤੀ ਤੀਜੀ ਸਮਸਿਆ ਐਂਟੀਫਾਉਂਡੇਸ਼ਨੇਲਿਜ਼ਮ ਦਾ ਮੁੱਦਾ ਹੈ। ਐਰਿਫ ਡਿਰਲਿਕ ਦਸਦਾ ਹੈ ਕਿ ਐਂਟੀਫਾਉ—ਂਡੇਸ਼ਨੇਲਿਜ਼ਮ ਟਰਮ ਦੀ ਵਰਤੋਂ ਉਤਰ ਸੰਰਚਨਾਵਾਦੀ ਵਿਚਾਰਧਾਰਾ ਦਾ ਵਰਨਣ ਕਰਨ ਲਈ ਦੈਰਿਦਾ, ਫੂਕਅਤੇ ਲਿਉਤਾਰਦ ਜਿਹੇ ਚਿੰਤਕਾਂ ਨੇ ਕੀਤੀ ਸੀ। ਐਂਟੀਫਾਉ—ਂਡੇਸ਼ਨੇਲਿਜ਼ਮ ਚਿੰਤਕ ਭਾਸ਼ਾ ਨੂੰ ਮਾਧਿਅਮ ਸਮਝਣ ਦੀ ਬਜਾਏ, ਦਲੀਲ ਦਿੰਦੇ ਹਨ ਕਿ ਭਾਸ਼ਾ ਰੀਐਲਿਟੀ ਦਾ ਇਫੈਕਟ ਮਾਤਰ ਹੈ ਜਿਸ ਦੇ ਸਾਹਮਣੇ ਇਹ ਸਮੁੱਚਾ ਸੰਸਾਰ ਇਕ ਟੈਕਸਟ ਹੈ। ਐਂਟੀਫਾਉ—ਂਡੇਸ਼ਨਲ ਚਿੰਤਨ ਸਮਾਜਿਕ, ਆਰਥਿਕ ਹਾਲਤਾਂ ਨੂੰ ਅਣਗੌਲਿਆਂ ਕਰਦਾ ਹੈ, ਜੋ ਰੀਐਲਿਟੀ ਦਾ ਅਧਾਰ ਹੁੰਦੀਆਂ ਹਨ ਅਤੇ ਜੀਵਨ ਜਿਉਣ ਦੇ ਢੰਗ ਨਿਰਧਾਰਤ ਕਰਦੀਆਂ ਹਨ। ਉਤਰਬਸਤੀਵਾਦ ਦੀ ਨਵਬਸਤੀਵਾਦ ਪ੍ਰਤੀ ਨਿਰਪੱਖਤਾ ਕਿੰਨੀ ਕੁ ਹੈ ? ਹੈ ਜਾਂ ਨਹੀਂ ? ਇਹ ਚੌਥਾ ਵਿਚਾਰਨਯੋਗ ਮਸਲਾ ਹੈ। ਇਸ ਬਾਰੇ ਬੁਧੀਜੀਵੀਆਂ ਦਾ ਮਤ ਹੈ ਕਿ ਭਾਵੇਂ ਉਤਰਬਸਤੀਵਾਦ, ਨਵਬਸਤੀਵਾਦ ਨੂੰ ਸਿਧਾ ਸੰਬੋਧਨ ਨਹੀਂ ਪਰ ਇਹ ਵੀ ਮੰਨਣਯੋਗ ਹੈ ਕਿ ਉਤਰਬਸਤੀਵਾਦ, ਬਸਤੀਵਾਦੀ ਪ੍ਰਵਚਨ ਅਤੇ ਸਮਕਾਲੀ ਦੌਰ ਦੇ ਸ਼ਕਤੀ-ਸਬੰਧਾਂ ਵਿਚਲੀ ਸਾਂਝ ਨੂੰ ਪਛਾਨਣ ਅਤੇ ਪ੍ਰਗਟਾਉਣ ਦੇ ਸਮਰੱਥ ਹੈ। ਉਤਰਬਸਤੀਵਾਦ ਦੇ ਨਵਬਸਤੀਵਾਦ ਪ੍ਰਤੀ ਸਬੰਧਾਂ ਬਾਰੇ ਪੰਜਵਾਂ ਸ਼ੰਕਾ ਇਹ ਹੈ ਕਿ ਉਤਰਬਸਤੀਵਾਦ, ਪੱਛਮੀ ਪੂੰਜੀਵਾਦ ਦੇ ਵਿਸ਼ਵੀ ਅਤੇ ਬਹੁ-ਕੌਮੀ ਵਰਤਾਰੇ ਦੀ ਉਸੇ ਤਰ੍ਹਾਂ ਸਹਾਇਤਾ ਕਰਦਾ ਹੈ ਜਿਵੇਂ ਬਸਤੀਵਾਦ ਨੇ ਆਪਣੇ ਦੌਰ, ਦੌਰਾਨ ਪੂੰਜੀਵਾਦ ਦੇ ਫੈਲਾਅ ਨੂੰ ਸਹਿਯੋਗ ਦਿੱਤਾ ਸੀ। ਫਲਸਰੂਪ ਉਤਰਬਸਤੀਵਾਦ ਕੋਲ ਵਿਸ਼ਵ ਪੂੰਜੀਵਾਦ ਦੇ ਪਾਸਾਰ ਬਾਰੇ ਕਿੰਤੂ-ਪਰੰਤੂ ਕਰਨ ਲਈ ਕੋਈ ਠੋਸ ਦਲੀਲ ਨਹੀਂ ਹੈ। ਨਤੀਜਨ ਵਰਤਮਾਨ ਵਿਸ਼ਵ-ਵਿਆਪੀ ਆਰਥਿਕ ਹਾਲਤਾਂ ਸਬੰਧੀ ਉਤਰਬਸਤੀਵਾਦ ਦਾ ਰੋਲ ਇਕ ਯਾਦਕਰਵਾਊ ਵਾਲਾ ਹੈ ਜੋ ਬਸਤੀਵਾਦੀ ਅਤੇ ਬਾਦ ਦੇ ਸਮੇਂ ਦੇ ਸਾਹਿਤ ਵਿਚਲੇ ਜ਼ਬਰ ਅਤੇ ਵਿਰੋਧ ਦੋਹਾਂ ਪੱਖਾਂ ਦੀ ਨਿਸ਼ਾਨਦੇਹੀ ਕਰਵਾਉਂਦਾ ਅਤੇ ਅਧਿਐਨ ਵਿਸ਼ਲੇਸ਼ਣ ਲਈ ਉਕਸਾਉਂਦਾ ਰਹੇਗਾ। ਇਸੇ ਚਿੰਤਨ ਵਿਚਹੀ ਨਵਬਸਤੀਵਾਦ ਨੂੰ ਸਮਝਿਆ ਅਤੇ ਪੜਚੋਲਿਆ ਜਾਵੇਗਾ। ਨਵੀਆਂ ਦ੍ਰਿਸ਼ਦੀਆਂ, ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਉਣਗੀਆਂ।

**ਹਵਾਲਾ ਪੁਸਤਕਾਂ:-**


1 Linda Hutcheon, "Circling the Downspout of Empire", in *Past the Last Post*: *Theorising Postcolonialism and Postmodernism* ed. Ian Adam and Helen Tiffin (Harvester Wheatsheaf: Hemel Hempstead, 1991).

2 Gayatri Chakravorty Spivak, "Postculturalism, Marginality, Postcoloniality and values", *Literary Theory Today*, ed. Peter Collier and Helga Geyer-Ryan (London: Policy, 1990).

3 Homi Bhabha, *The Location of Culture* (London: Rutledge, 1994).

4 Anne Mc Clintock, "The Angel of Progress: Pitfalls of the Term 'Postcolonialism', *Social Text* (1992).

5 Arif Dirlik, "The Postcolonial Aura: Third world Criticism in the age of Global Capitalism", *Critical Inquiry* (1994).

6 Ella Shohat, "Notes on the Postcolonial", *Social Text*, 31/32 (1992).

7. Gyan Parkash, "Postcolonial Criticism and Indian Historiography". *Social Text*, 31/32 (1992).

8 Frederic Jameson, *Syntax of History* (Minneapolis: University of Minnesota Press, 1988).

9. Abdul R. Jan Mohamed, "The Economy of Manichean Allegory: The Function of Racial Difference in colonialist Literature". *Critical Inquiry*, 12 (1985).

10. Dipesh Chakrabarty, "Postcoloniality and the Artifice of History: Who Speaks for Indian Pasts? *Representations*, 37 (Winter, 1992).

11. Richard Tradiman, *Discourse/Counter Discourse*, (Ithaca, NY; Cornell Uniersity Press, 1985).

12. Meenakshi Mukherjee and Harish Trivedi (eds). *Interrogating postcolonialism*: *Theory, Text and Contest*. (Indian Institute of Advanced Studies, Simla, 1996).

13. Arun P. Mukherjee, ,Interrogating Postcolamilism: Some Uneasy conjunctures`, (Book noted above at serial no. 12.

14. John Mc Leod, *Beginning Postcolonial*, (Manchester University Pres, 2000).

## ਪੈਰਾਂ ਹੇਠਲੀ ਧਰਤੀ/ਬਲਜੀਤ ਕੌਰ ਬੱਲੀ

**-ਡਾ. ਕੰਵਲਪ੍ਰੀਤ ਕੌਰ**

ਬਲਜੀਤ ਕੌਰ ਬੱਲੀ ਪੰਜਾਬੀ ਗਲਪ ਦੇ ਖੇਤਰ ਵਿੱਚ ਇਕ ਚਰਚਿਤ ਨਾਂ ਹੈ। 'ਪੈਰਾਂ ਹੇਠਲੀ ਧਰਤੀ' ਉਸਦਾ ਪੰਜਵਾਂ ਨਾਵਲ ਹੈ। ਇਸ ਨਾਵਲ ਵਿੱਚ ਤਿੰਨ ਪੀੜ੍ਹੀਆਂ ਦੀ ਕਿਸਾਨੀ ਦੀ ਜਦੋ-ਜਹਿਦ, ਖ਼ੁਸ਼ੀਆਂ-ਗ਼ਮੀਆਂ, ਰਿਸ਼ਤੇ-ਨਾਤੇ ਤੇ ਇਨ੍ਹਾਂ ਰਿਸ਼ਤਿਆਂ ਦੇ ਉਸ ਸੰਤਾਪ ਦੀ ਗਾਥਾ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਪੁਰਖਿਆਂ ਦੇ ਸਾਂਝੇ ਪਰਿਵਾਰ ਤੇ ਸਾਂਝੀ ਖੇਤੀ ਦੇ ਸੁਪਨੇ ਤਹਿਸ-ਨਹਿਸ ਹੋ ਜਾਂਦੇ ਹਨ ਤੇ ਸਾਰਾ ਭਾਈਚਾਰਾ ਤੀਲਾ-ਤੀਲਾ ਹੋ ਕੇ ਬਿਖਰਣ ਲਈ ਮਜ਼ਬੂਰ ਹੋ ਜਾਂਦਾ ਹੈ। ਪੁਰਖੇ ਵਧੇਰੇ ਧਰਤੀ 'ਤੇ ਖੁਸ਼ਹਾਲ ਜੀਵਨ ਦੇ ਸੁਪਨੇ ਲੈ ਕੇ ਜੱਦੀ ਜ਼ਮੀਨ ਛੱਡ ਕੇ ਘੱਗਰ ਦਰਿਆ ਪਾਰ ਦੀ ਬੇਆਬਾਦ ਜ਼ਮੀਨ ਨੂੰ ਆਪਣੇ ਖ਼ੂਨ ਪਸੀਨੇ ਨਾਲ ਸਿੰਜ ਕੇ ਵਾਹੀ ਯੋਗ ਬਣਾ ਕੇ ਸੁਨਹਿਰੇ ਭਵਿੱਖ ਦਾ ਸੁਪਨਾ ਬੁਣਦੇ ਹਨ ਪਰ ਅਗਲੀ ਪੀੜ੍ਹੀ ਉਨ੍ਹਾਂ ਦੇ ਸੁਪਨੇ ਨੂੰ ਖੇਰੂੰ-ਖੇਰੂੰ ਕਰ ਦਿੰਦੀ ਹੈ। ਜ਼ਮੀਨ ਨਾਲ ਜੁੜੇ ਸਰੋਕਾਰ, ਅਨਪੜ੍ਹਤਾ, ਹਉਮੈਂ,ਦਾਰੂ ਸਭਿਆਚਾਰ, ਦੇਹਵਾਦੀ ਉਲਾਰੂ ਬਿਰਤੀਆਂ ਤੇ ਇਸ ਸਭ ਦੇ ਉੱਪਰ ਆਰਥਿਕ ਹਾਲਤਾਂ ਉੱਤੇ ਸੰਜਮ ਦੀ ਅਣਹੋਂਦ ਤੇ ਉਸ ਵਿੱਚੋਂ ਨਿਕਲਦੀਆਂ ਮਾਰੂ ਬਿਰਤੀਆਂ ਅਨੇਕਾਂ ਹੀ ਅਜਿਹੇ ਕਾਰਨ ਹਨ, ਜੋ ਪੁਰਖਿਆਂ ਦੇ ਸੁਪਨਿਆਂ ਨੂੰ ਬਿਖੇਰਣ ਵਿੱਚ ਜ਼ਿੰਮੇਵਾਰ ਬਣਦੇ ਹਨ। ਨਾਵਲ ਦਾ ਮੁੱਖ ਪਾਤਰ ਜੋਗਿੰਦਰ ਸਿੰਘ ਆਪਣੇ ਦਾਦੇ ਚੰਦਾ ਸਿੰਘ ਦੇ ਸੁਪਨਿਆਂ ਤੇ ਸੰਸਕਾਰਾਂ ਨੂੰ ਬਚਾਉਣ ਲਈ ਯਤਨ ਕਰਦਾ ਹੈ ਪਰ ਵਗਦੀ ਹਨੇਰੀ ਵਿੱਚ ਉਸਦੀਆਂ ਵੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ ਤੇ ਉਹ ਦਾਦੇ ਵਾਂਗੂ ਕਿਸੇ ਨਵੀਂ ਧਰਤੀ ਨੂੰ ਪੈਰਾਂ ਹੇਠ ਕਰਨ ਲਈ ਪਰਿਵਾਰ ਸਮੇਤ ਘਰੋਂ ਤੁਰ ਪੈਂਦਾ ਹੈ। ਨਵੀਂ ਧਰਤੀ 'ਤੇ ਜਾਂਦੇ ਸਮੇਂ ਜਿੱਥੇ ਉਹ ਆਪਣੇ ਸੰਸਕਾਰ ਤੇ ਮਿਹਨਤ ਦੀ ਲਗਨ ਦਾ ਵਿਸ਼ਵਾਸ ਬਣਾਈ ਰੱਖਦਾ ਹੈ ਉੱਥੇ ਹੀ ਪਿਛਲੀਆਂ ਭਾਈਚਾਰਕ ਪਰਿਸਥਿਤੀਆਂ 'ਤੇ ਵਾਪਰੇ ਘਟਨਾ-ਕ੍ਰਮ ਬਾਰੇ ਭਰਪੂਰ ਆਤਮ-ਚਿੰਤਨ ਵੀ ਕਰਦਾ ਹੈ। ਪੂਰਾ ਨਾਵਲੀ ਬਿਰਤਾਂਤ ਜੋਗਿੰਦਰ ਸਿੰਘ ਦੀ ਪਿੱਛਲ-ਝਾਤ ਰਾਹੀਂ ਤੁਰਦਾ ਹੈ। ਇਉਂ ਨਾਵਲਕਾਰਾ ਇਸ ਜੁਗਤ ਰਾਹੀਂ ਸਾਰਾ ਬਿਰਤਾਂਤ ਉਸਾਰਦੀ ਹੈ। ਤਿੰਨ ਪੀੜ੍ਹੀਆਂ ਦੇ ਜੀਵਨ-ਬਿਰਤਾਂਤ ਨੂੰ ਬੜੇ ਸਹਿਜ ਤੇ ਸੰਜਮ ਨਾਲ ਚਿਤਰਿਆ ਗਿਆ ਹੈ। ਅਣਵੰਡੇ ਪੰਜਾਬ ਤੇ ਫਿਰ ਇਸਦੇ ਅੱਗੋਂ ਤਿੰਨ ਹਿੱਸਿਆਂ 'ਚ ਵੰਡਣ, ਆਰਥਿਕ, ਸਮਾਜਕ ਤੇ ਰਾਜਨੀਤਕ ਹਾਲਾਤ, ਪੰਜਾਬੀ ਭਾਸ਼ਾ ਦੀ ਦੁਰਗਤ ਆਦਿ ਹੋਰ ਵੇਰਵੇ ਵੀ ਬਿਰਤਾਂਤ ਦੀ ਪਿੱਠਭੂਮੀ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ। ਸਾਂਝੇ ਪਰਿਵਾਰ ਦੇ ਤਣਾਉ-ਟਕਰਾਉ, ਖ਼ੁਸ਼ੀਆਂ-ਗ਼ਮੀਆਂ, ਸਾਂਝਾਂ-ਵਖਰੇਵੇਂ, ਪਾਟੋਧਾੜ ਆਦਿ 'ਤੇ ਐਨੇ ਵਿਸਥਾਰ ਨਾਲ ਰੌਸ਼ਨੀ ਪਾਈ ਗਈ ਹੈ, ਜਿਸਦੀ ਮਿਸਾਲ ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਪਹਿਲਾਂ ਨਹੀਂ ਮਿਲਦੀ। ਏਨੇ ਵਿਸਥਾਰ ਦੇ ਬਾਵਜੂਦ ਨਾਵਲ ਵਿੱਚ ਕਿਤੇ ਵੀ ਕੁਝ ਬੋਲੇੜਾ ਨਹੀਂ ਲੱਗਦਾ। ਵਾਰਤਾਲਾਪ ਵਿੱਚ ਵੀ ਅੱਤ ਦਾ ਸੰਜਮ ਵਰਤਿਆ ਗਿਆ। ਬਲਜੀਤ ਕੌਰ ਬੱਲੀ ਦਾ ਇਹ ਨਾਵਲ ਵਾਕਈ ਪੜ੍ਹਨਯੋਗ ਹੈ। ਲੋਕਗੀਤ ਵੱਲੋਂ ਪ੍ਰਕਾਸ਼ਿਤ ਇਸ ਨਾਵਲ ਦੇ ਦੋ ਸੌ ਸੰਤਾਲੀ ਪੰਨੇ ਹਨ ਤੇ ਮੁੱਲ ਦੋ ਸੌ ਰੁਪਏ ਹੈ। ਪਾਠਕ ਤੇ ਨਾਵਲ ਦੇ ਅਧਿਏਤਾ ਇਸ ਨਾਵਲ ਤੋਂ ਭਰਪੂਰ ਜਾਣਕਾਰੀ ਤੇ ਆਨੰਦ ਪ੍ਰਾਪਤ ਕਰਣਗੇ। ਮੇਰੀਆਂ ਸ਼ੁਭ ਇੱਛਾਵਾਂ ਲੇਖਕਾ ਦੇ ਨਾਲ ਹਨ।

## ਕਦੋਂ ਆਏਂਗੀ/ਕੁਲਬੀਰ ਬਡੇਸਰੋਂ

'ਕਦੋਂ ਆਏਂਗੀ ?' ਕੁਲਬੀਰ ਬਡੇਸਰੋਂ ਦਾ ਪ੍ਰਥਮ ਕਹਾਣੀ-ਸੰਗ੍ਰਹਿ ਹੈ। ਇਸ ਵਿੱਚ ਦਸ



ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਜ਼ਿੰਦਗੀ ਦੇ ਅਨੰਤ ਪ੍ਰਵਾਹ 'ਚੋਂ ਉਬਰਦੇ ਗੰਭੀਰ ਨੁਕਤਿਆਂ ਨੂੰ ਸਮੇਂ ਤੇ ਸਥਾਨ ਵਿੱਚ ਫੈਲਾਅ ਕੇ ਕਲਾਮਈ ਢੰਗ ਨਾਲ ਚਿਤਰਦੀਆਂ ਹਨ। ਜ਼ਿੰਦਗੀ ਦੇ ਨੁਕਤੇ ਉਦੋਂ ਹੀ ਕਹਾਣੀ ਬਣਦੇ ਹਨ ਜਦੋਂ ਕੋਈ ਲੇਖਕ ਇਨ੍ਹਾਂ ਦੇ ਆਰ-ਪਾਰ ਵੇਖਣ ਦੀ ਸਮਰਥਾ ਰੱਖਦਾ ਹੋਵੇ ਤੇ ਨਾਲ-ਨਾਲ ਸ਼ਬਦਾਂ ਦੀ ਕਲਾਮਈ ਪੇਸ਼ਕਾਰੀ ਵਿੱਚ ਵੀ ਪ੍ਰਬੀਨ ਹੋਵੇ। ਇਉਂ ਲੇਖਕ ਕਲਾਕਾਰ ਹੋਣ ਦੇ ਨਾਲ-ਨਾਲ ਦਾਰਸ਼ਨਿਕ ਵੀ ਹੁੰਦਾ ਹੈ। ਕੁਲਬੀਰ ਵਿੱਚ ਵੀ ਉਪਰੋਕਤ ਗੁਣ ਹਨ, ਜੋ ਉਸਦੀਆਂ ਕਹਾਣੀਆਂ ਪੜ੍ਹ ਕੇ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦੇ ਹਨ। ਸਾਰੀਆਂ ਕਹਾਣੀਆਂ ਮਾਨਵੀ-ਸੰਵੇਦਨਾ ਨਾਲ ਭਰਪੂਰ ਹਨ। ਅਜੋਕੇ ਮਾਨਵ ਦੇ ਦੁੱਖ-ਸੁੱਖ, ਅਸੀਮ ਇੱਛਾਵਾਂ ਦੀ ਪੂਰਤੀ, ਅਣਪੂਰਤੀ ਤੇ ਇਨ੍ਹਾਂ ਵਿੱਚੋਂ ਨਿਕਲਦੇ ਵਿਸ਼ਾਦਗ੍ਰਸਤ ਸਿੱਟੇ, ਪੈਸੇ ਦਾ ਤਲਿਸਮ ਆਦਿ ਅਨੇਕਾਂ ਪਾਸਾਰ ਕਹਾਣੀਆਂ ਵਿੱਚ ਪੇਸ਼ ਹੋਏ ਹਨ। ਪਲ-ਪਲ ਬਦਲਦੇ ਮਾਨਵ ਦੀ ਪੇਸ਼ਕਾਰੀ ਕੁਲਬੀਰ ਦਾ ਹਾਸਲ ਹੈ ਜਿਵੇਂ ਵਿਰਕ ਦੀਆਂ ਕਹਾਣੀਆਂ, ਐਨ ਅੰਤ 'ਤੇ ਜਾ ਕੇ ਪਾਠਕ ਨੂੰ ਝਟਕਾ ਦਿੰਦੀਆਂ ਹਨ ਤੇ ਉਸਨੂੰ ਸੋਚਣ ਲਈ ਮਜ਼ਬੂਰ ਕਰਦੀਆਂ ਹਨ, ਉਸੇ ਤਰ੍ਹਾਂ ਕੁਲਬੀਰ ਦੀਆਂ ਕਹਾਣੀਆਂ ਇਕ ਦਮ ਪਾਠਕ ਲਈ ਕਈ ਸਵਾਲ ਖੜ੍ਹੇ ਕਰ ਦਿੰਦੀਆਂ ਹਨ। 'ਵਿਚਾਰੀ', 'ਰੱਬ ਝੂਠ ਨਾ ਬੁਲਾਏ', 'ਕਦੋਂ ਆਏਂਗੀ ?', 'ਹੋਇਆ ਜਿਊੜਾ ਉਦਾਸ', 'ਇਹ ਤੂੰ ਸੀ ਇਹ ਮੈਂ ਸੀ', ਆਦਿ ਕਹਾਣੀਆਂ ਇਸੇ ਤਰਜ਼ ਦੀਆਂ ਹਨ। ਇਨ੍ਹਾਂ ਕਹਾਣੀਆਂ ਦੇ ਆਰੰਭ ਤੇ ਮੱਧ ਤੱਕ ਵੀ ਅੰਤਿਮ ਸਿੱਟੇ 'ਤੇ ਪਾਠਕ ਨਹੀਂ ਪੁੱਜਦਾ। ਉਸਨੂੰ ਤਾਂ ਉਦੋਂ ਪਤਾ ਲੱਗਦਾ ਹੈ, ਜਦੋਂ ਅੰਤ 'ਤੇ ਕਈ ਸਵਾਲ ਉਸਦੀ ਸੋਚ ਨੂੰ ਝੰਭ ਸੁੱਟਦੇ ਹਨ। 'ਤੂੰ' ਤੇ 'ਮਿਸਜ਼ ਮੈਨਾ' ਕਹਾਣੀਆਂ ਬੰਦੇ ਦੇ ਮਖੌਟਾਧਾਰੀ ਕਿਰਦਾਰ ਦੀ ਪੇਸ਼ਕਾਰੀ ਕਰਦੀਆਂ ਹਨ। ਇਹ ਮਖੌਟੇ ਏਨੇ ਸਹਿਜ ਲੱਗਦੇ ਹਨ ਕਿ ਬੰਦਾ ਕਿੰਨੀ ਦੇਰ ਇਹੋ ਸੋਚਦਾ ਰਹਿੰਦਾ ਹੈ ਕਿ ਇਹ ਜ਼ਰੂਰਤ ਹੈ ਜਾਂ ਮਜ਼ਬੂਰੀ। ਘਰ ਤੇ ਬਾਹਰ ਬੰਦੇ ਦੇ ਬਦਲਦੇ ਰਵੱਈਏ ਨੂੰ ਉਪਰੋਕਤ ਕਹਾਣੀਆਂ ਵਿੱਚ ਬਾਖ਼ੂਬੀ ਚਿਤਰਿਆ ਗਿਆ ਹੈ। 'ਕਰਜ਼ਾ', 'ਇਹ ਵੀ ਸੱਚ ਹੈ' ਤੇ 'ਮਾਂ' ਕਹਾਣੀਆਂ ਰਿਸ਼ਤਿਆਂ ਦੀ ਪਿਆਰ-ਮੁਹੱਬਤ ਤੇ ਘਾਤ ਨੂੰ ਪੇਸ਼ ਕਰਦੀਆਂ ਹਨ। ਘਰ ਦੀਆਂ ਆਰਥਿਕ ਮਜ਼ਬੂਰੀਆਂ ਨੂੰ ਆਧਾਰ ਬਣਾ ਕੇ ਕਿਵੇਂ ਘਰ ਦੇ ਮੈਂਬਰ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾਂਦਾ ਹੈ, 'ਇਹ ਵੀ ਸੱਚ ਹੈ' ਕਹਾਣੀ ਵਿੱਚ ਪੇਸ਼ ਕੀਤਾ ਗਿਆ ਹੈ। ਕੁਲਬੀਰ ਬਡੇਸਰੋਂ ਆਪਣੇ ਪਹਿਲੇ ਕਹਾਣੀ-ਸੰਗ੍ਰਹਿ ਨਾਲ ਹੀ ਆਪਣੀ ਪਹਿਚਾਣ ਸਥਾਪਤ ਕਰਨ 'ਚ ਕਾਮਯਾਬ ਹੈ। ਉਸਦੀਆਂ ਕਹਾਣੀਆਂ ਵਿੱਚ ਮਨੁੱਖੀ ਮਨ ਦੀਆਂ ਅੰਤਰੀਵ ਪਰਤਾਂ ਦੇ ਰਹੱਸ ਨੂੰ ਉਜਾਗਰ ਕੀਤਾ ਗਿਆ ਹੈ। ਕਹਾਣੀਆਂ ਦਾ ਬਿਆਨ ਸਹਿਜ ਹੈ ਤੇ ਕਹਾਣੀ ਰਸ-ਭਰਪੂਰ। ਪਾਠਕ ਕਹਾਣੀ ਸ਼ੁਰੂ ਕਰਕੇ ਪੂਰੀ ਕਰਨ ਤੋਂ ਬਗੈਰ ਨਹੀਂ ਉੱਠ ਸਕਦਾ। ਪਾਤਰਾਂ ਦੀ ਚੋਣ ਤੇ ਬਿਆਨ ਦਿਲਕਸ਼ ਹੈ। ਰਾਮ ਸਰੂਪ ਅਣਖੀ, ਜਸਵੰਤ ਕੰਵਲ ਤੇ ਬ੍ਰਹਮਜਗਦੀਸ਼ ਸਿੰਘ ਨੇ ਵੀ ਪੁਸਤਕ ਦੇ ਅੰਦਰ ਤੇ ਬਾਹਰ ਕੁਲਬੀਰ ਦੀਆਂ ਕਹਾਣੀਆਂ ਦੀ ਤਾਰੀਫ਼ ਕੀਤੀ ਹੈ।

## ਪਲ ਪਲ ਬਦਲਦਾ ਮੌਸਮ/ਗੁਰਦਿਆਲ ਦਲਾਲ

ਗੁਰਦਿਆਲ ਦਲਾਲ ਪੰਜਾਬੀ ਦਾ ਨਾਮਵਰ ਕਹਾਣੀਕਾਰ ਹੈ। 'ਪਲ ਪਲ ਬਦਲਦਾ ਮੌਸਮ' ਉਸਦਾ ਨਵ ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ ਹੈ। ਇਸ ਵਿੱਚ ਦਸ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਸਮਾਜ ਵਿੱਚ ਫੈਲੇ ਕੁਹਜ ਤੇ ਭ੍ਰਿਸ਼ਟਚਾਰ ਨੂੰ ਨੰਗਾ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੇ ਮਾਇਆ ਜਾਲ ਵਿੱਚ ਉਲਝੇ ਮਨੁੱਖਾਂ ਦੀਆਂ ਬੇਤਰਤੀਬੀਆਂ ਨੂੰ ਬੜੀ ਬਾਰੀਕਬੀਨੀ ਨਾਲ ਪੇਸ਼ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਮਨੁੱਖੀ ਵਿਹਾਰ ਦਾ ਚਿਤਰਣ ਬਹੁਕੋਣਾ ਹੈ ਜਿਵੇਂ ਕਿ ਅੱਜ ਦੇ ਮਨੁੱਖ ਦਾ ਕਿਰਦਾਰ। ਤੇ ਪਤਾ ਨਹੀਂ ਲੱਗਦਾ ਕਿ ਕਿਸ ਵੇਲੇ ਕਿਸ ਅੰਦਰੋਂ ਕਿਹੜਾ

ਕਿਰਦਾਰ ਸੰਸਾਰ ਦੇ ਰੰਗਮੰਚ 'ਤੇ ਪੇਸ਼ ਹੋ ਜਾਵੇ। ਹੱਥਲੇ ਸੰਗ੍ਰਹਿ ਦੀ ਸਿਰਲੇਖੀ ਕਹਾਣੀ 'ਪਲ ਪਲ ਬਦਲਦਾ ਮੌਸਮ' ਉਪਰੋਕਤ ਕਥਨ ਦੀ ਪੁਸ਼ਟੀ ਕਰਦੀ ਹੈ। ਇਕ ਸੱਠ ਸਾਲਾ ਰਿਟਾਇਰ ਹੌਲਦਾਰ ਧੁੰਦ ਵਿੱਚ ਆਸਰਾ ਭਾਲ ਕੇ ਨਾਲ ਚੱਲ ਰਹੀ ਜਿਸ ਔਰਤ ਵਿੱਚੋਂ ਆਪਣੀ ਜਵਾਨੀ ਸਮੇਂ ਦੀ ਪਤਨੀ ਜਾਂ ਵਰਤਣ ਦੀ ਸ਼ੈਅ ਵੇਖ ਕੇ ਨਿੱਘ ਪ੍ਰਾਪਤ ਕਰਦਾ ਹੈ ਉੱਥੇ ਉਹੋ ਔਰਤ ਉਸ ਬੁੱਢੇ ਪਰ ਜੁਆਨ ਹੌਲਦਾਰ ਵਿੱਚੋਂ ਆਪਣੇ-ਮਰ ਚੁੱਕੇ ਪਿਉ ਦਾ ਅਕਸ ਵੇਖਦੀ ਹੈ। 'ਪੁਨਰ ਜਨਮ' ਤੇ 'ਪ੍ਰਤੀਕਰਮ' ਕਹਾਣੀਆਂ ਬਜ਼ੁਰਗ ਮਾਪਿਆਂ ਤੇ ਬੱਚਿਆਂ ਵਿੱਚ ਪੈਦਾ ਹੋ ਰਹੇ ਖਲਾਅ ਨੂੰ ਚਿਤਰਦੀਆਂ ਹਨ। ਬਜ਼ੁਰਗ ਮਾਪਿਆਂ ਦੇ ਦ੍ਰਿਸ਼ਟੀਕੋਣ ਤੋਂ ਲਿਖੀਆਂ ਇਨ੍ਹਾਂ ਕਹਾਣੀਆਂ ਵਿੱਚ ਕਮਾਲ ਇਹ ਹੈ ਕਿ ਇਹੋ ਜਿਹੀ ਸਥਿਤੀ ਵਿੱਚ ਨਾ ਤਾਂ ਮਾਪੇ ਕੁਮਾਪੇ ਬਣਦੇ ਹਨ ਤੇ ਨਾ ਪੁੱਤ ਕਪੁੱਤ। ਇਕ ਵਿਸ਼ੇਸ਼ ਕਿਸਮ ਦਾ ਸੰਤੁਲਨ ਬਣਿਆ ਰਹਿੰਦਾ ਹੈ ਜੋ ਪਾਠਕ ਮਹਿਸੂਸ ਕਰ ਸਕਦਾ ਹੈ। 'ਜ਼ਿਰਬਲ', 'ਫੁੱਲਾਂ ਵਾਲਾ ਪ੍ਰਤਾਪ ਸਿੰਘ', ਤੇ 'ਨੇਰ੍ਹ ਪੱਖ' ਸਮਾਜ ਵਿੱਚ ਫੈਲੇ ਅਨਾਚਾਰ ਨੂੰ ਪੇਸ਼ ਕਰਦੀਆਂ ਕਹਾਣੀਆਂ ਹਨ। 'ਬੁਖਾਰ', 'ਹਿੱਤ' ਤੇ 'ਮੋੜਾ' ਕਹਾਣੀਆਂ ਰਿਸ਼ਤਿਆਂ ਦੇ ਵਿੱਚ ਆਉਂਦੇ ਉਤਰਾਅ-ਚੜ੍ਹਾਅ ਨੂੰ ਵਿਅੰਗਮਈ ਦ੍ਰਿਸ਼ਟੀ ਤੋਂ ਪੇਸ਼ ਕਰਦੀਆਂ ਹਨ। 'ਰਾਮ ਕ੍ਰਿਸ਼ਨ ਦਾ ਸੇਬ' ਕਹਾਣੀ ਗੁਰਬਤ ਤੇ ਮੁਸ਼ੱਕਤ ਦੀ ਸੋਝੀ ਕਰਵਾ ਕੇ ਪੜ੍ਹਾਈ ਤੇ ਮਿਹਨਤ ਰਾਹੀਂ ਪਦਾਰਥਕ ਸੁੱਖ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਗੁਰਦਿਆਲ ਦਲਾਲ ਦੀਆਂ ਸਾਰੀਆਂ ਕਹਾਣੀਆਂ ਮਾਨਵੀ ਸੰਵੇਦਨਾ ਦੀਆਂ ਕਹਾਣੀਆਂ ਹਨ। ਮਨੁੱਖ ਅੰਦਰ ਪਈਆਂ ਸੰਭਾਵਨਾਵਾਂ, ਤ੍ਰੁਟੀਆਂ, ਕੁਹਜ ਤੇ ਸੁਹਜ ਸਭ ਭਾਵ ਉਸਦੀਆਂ ਕਹਾਣੀਆਂ ਦਾ ਹਾਸਲ ਬਣੇ ਹਨ। ਰਿਸ਼ਤਿਆਂ ਦੇ ਪ੍ਰਪੰਚ ਤੇ ਉਨ੍ਹਾਂ ਵਿੱਚ ਖੇਡੀ ਜਾਂਦੀ ਸ਼ਤਰੰਗ ਦਾ ਬਿਆਨ ਦਲਾਲ ਨੇ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ। ਉਸਦੇ ਪਾਤਰ ਜਾਨਦਾਰ ਹਨ।

## ਉਖੜੀਆਂ ਪੈੜਾਂ/ਸੰਤੋਖ ਧਾਲੀਵਾਲ

**ਡਾ. ਜਗਦੀਪ ਸਿੰਘ**

'ਉਖੜੀਆਂ ਪੈੜਾਂ' ਸੰਤੋਖ ਧਾਲੀਵਾਲ ਦਾ ਪਲੇਠਾ ਨਾਵਲ ਹੈ। ਇਸ ਨਾਵਲ ਦਾ ਕੇਂਦਰ ਉਨ੍ਹਾਂ ਪੰਜਾਬੀਆਂ ਦੀ ਖ਼ੁਦਗਰਜ਼ ਮਾਨਸਿਕਤਾ ਤੇ ਉਨ੍ਹਾਂ ਦੀ ਤ੍ਰਾਸਦੀ ਨੂੰ ਬਣਾਇਆ ਗਿਆ ਹੈ, ਜੋ ਵਲਾਇਤ ਦੀ ਧਰਤੀ 'ਤੇ ਪੁੱਜਣ ਲਈ ਹਰ ਓਹੜ-ਪੋਹੜ ਕਰਨ ਦੇ ਨਾਲ ਆਪਣੀਆਂ ਧੀਆਂ ਨੂੰ ਵੀ ਦਾਅ 'ਤੇ ਲਾ ਦਿੰਦੇ ਹਨ। ਵਲਾਇਤੀ ਲਾੜਿਆਂ ਨਾਲ ਨਰੜੀਆਂ ਮਾਸੂਮ ਕੁੜੀਆਂ ਬਿਗਾਨੇ ਦੇਸ਼ ਵਿੱਚ ਹੋਣੀ ਭੋਗਦੀਆਂ ਆਪਣਾ ਸਭ ਕੁਝ ਲੁਟਾ ਬੈਠਦੀਆਂ ਹਨ। ਭਾਵੇਂ ਉਹ ਬਗਾਵਤ ਕਰਨ ਦੀ ਕੋਸ਼ਿਸ਼ ਵੀ ਕਰਦੀਆਂ ਹਨ ਪਰ ਇਹ ਬਗਾਵਤ ਕਿਸੇ ਕ੍ਰਾਂਤੀ ਦਾ ਬਾਇਸ ਨਹੀਂ ਬਣਦੀ ਸਗੋਂ ਉਨ੍ਹਾਂ ਮਾਸੂਮ ਕੁੜੀਆਂ ਲਈ ਹੋਰ ਔਕੜਾਂ ਪੈਦਾ ਕਰਦੀ ਹੈ। ਇਸ ਤੋਂ ਇਲਾਵਾ ਨਾਵਲ ਪਰਵਾਸ ਦੀਆਂ ਤਲਖ਼ ਹਕੀਕਤਾਂ, ਪੱਛਮੀ ਤਲਿਸਮ ਤੇ ਖੁੱਲ੍ਹ 'ਚ ਰੁੜ੍ਹੇ ਜਾਂਦੇ ਬੱਚੇ, ਟੁੱਟਦੇ-ਬਿਖ਼ਰਦੇ ਪਰਿਵਾਰ, ਪੈਸਾ ਕਦਰਾਂ ਵਿੱਚ ਮਨੁੱਖੀ ਕਦਰਾਂ ਦਾ ਘਾਣ, ਨਸਲੀ ਵਿਤਕਰੇ ਆਦਿ ਅਨੇਕਾਂ ਪਾਸਾਰ ਆਪਣੇ 'ਚ ਸਮੋਈ ਬੈਠਾ ਹੈ। ਪਰਵਾਸੀ ਯਥਾਰਥ ਨੂੰ ਪੇਸ਼ ਕਰਦੇ ਨਾਵਲਾਂ ਵਿੱਚ 'ਉਖੜੀਆਂ ਪੈੜਾਂ' ਇਕ ਮੁੱਲਵਾਨ ਰਚਨਾ ਹੈ। ਇਕ ਗੱਲ ਜਿਹੜੀ ਬਹੁਤ ਰੜਕਦੀ ਹੈ, ਉਹ ਹੈ ਪਰੂਫ਼ ਦੀਆਂ ਗਲਤੀਆਂ। ਪ੍ਰਕਾਸ਼ਕ ਨੂੰ ਤੇ ਲੇਖਕ ਨੂੰ ਇਸ ਗੱਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

## ਮਿੱਟੀ/ਦਰਸ਼ਨ ਸਿੰਘ

ਨਾਵਲ 'ਮਿੱਟੀ' ਇਕ ਅਜਿਹੇ ਸ਼ਾਇਰ / ਚਿਤਰਕਾਰ ਉੱਤੇ ਕੇਂਦਰਿਤ ਹੈ, ਜੋ ਭਾਰਤ



(ਪੰਜਾਬ) ਛੱਡ ਕੇ ਪਹਿਲਾਂ ਅਫ਼ਰੀਕਾ ਤੇ ਫਿਰ ਸਵਿਟਜ਼ਰਲੈਂਡ ਵੱਸ ਜਾਂਦਾ ਹੈ ਤੇ ਉੱਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਪ੍ਰੰਤੂ ਆਪਣੀ ਮਿੱਟੀ ਤੇ ਜੜ੍ਹਾਂ ਪ੍ਰਤਿ ਦੁਚਿੱਤੀ ਦਾ ਸ਼ਿਕਾਰ ਆਪਣੇ ਪੰਜਾਬੀ ਖਾਸੇ ਤੋਂ ਦੂਰ ਭੱਜਣ ਦਾ ਯਤਨ ਕਰਦਾ ਰਹਿੰਦਾ ਹੈ। ਇਸ ਸਭ ਦੇ ਬਾਵਜੂਦ ਉਹ ਪੰਜਾਬੀ ਵਿਚ ਹੀ ਕਵਿਤਾ ਲਿਖਦਾ ਹੈ ਤੇ ਆਪਣੇ ਯੂਰਪੀ ਖਾਸੇ ਵਾਲੀ ਅਮੂਰਤ ਚਿਤਰਕਾਰੀ ਉੱਤੇ ਆਪਣੇ ਦਸਤਖ਼ਤ ਵੀ ਗੁਰਮੁਖੀ 'ਚ ਕਰਦਾ ਹੈ ਤੇ ਅਮੂਰਤ ਚਿਤਰਣ ਵਿੱਚ ਅੱਖਰ ਵੀ ਗੁਰਮੁਖੀ ਦੇ ਚਿਤਰਦਾ ਹੈ। ਨਾਵਲ ਦਾ ਮੁੱਖ ਪਾਤਰ ਸ਼ਾਇਰ/ਚਿਤਰਕਾਰ ਮੋਹਨ ਰਿਸ਼ਤਿਆਂ ਦੀ ਇਕ ਅਜਿਹੀ ਘੁੰਮਣਘੇਰੀ ਵਿੱਚ ਫਸਿਆ ਰਹਿੰਦਾ ਹੈ, ਜਿੱਥੇ ਪੈਸਾ-ਕਦਰਾਂ ਪ੍ਰਧਾਨ ਹਨ। ਅਜਿਹੀਆਂ ਕਦਰਾਂ ਵਿੱਚੋਂ ਪੈਦਾ ਹੋਏ ਖਲਾਅ ਵਿੱਚ ਉਹਦਾ ਪੂਰਾ ਪਰਿਵਾਰ ਰੁੜ੍ਹ ਜਾਂਦਾ ਹੈ। ਪੁੱਤ ਨਾਬਰ ਹੁੰਦਾ ਹੈ ਤੇ ਬਾਰ੍ਹਾਂ ਸਾਲ ਪੁਰਾਣੀ ਮਹਿਬੂਬਾ ਰੁੜ੍ਹ ਜਾਂਦੀ ਹੈ। ਅਸਥਿਰਤਾ 'ਚ ਘਿਰਿਆ ਮੁੱਖ ਪਾਤਰ ਕਿਸੇ ਤਲਾਸ਼ 'ਚ ਹੈ ਜੋ ਆਖਰ ਤੱਕ ਪੂਰੀ ਨਹੀਂ ਹੁੰਦੀ। ਨਾਵਲ ਔਰਤ-ਮਰਦ ਦੇ ਦੁਆਲੇ ਵਧੇਰੇ ਕੇਂਦਰਿਤ ਹੈ।

## ਮੈਕਸਿਮ ਗੋਰਕੀ ਦਾ ਨਾਵਲ 'ਮਾਂ'/ਅਨੁਵਾਦਕ ਗੁਰਬਖ਼ਸ਼ ਸਿੰਘ

ਗੋਰਕੀ ਸੋਵੀਅਤ ਦੇਸ਼ ਰੂਸ ਦਾ ਸੰਸਾਰ ਪ੍ਰਸਿੱਧ ਲੇਖਕ ਹੈ। 1907 ਵਿੱਚ ਲਿਖੇ ਉਸਦੇ ਨਾਵਲ 'ਮਾਂ' ਨੇ ਉਸਨੂੰ ਰੂਸ ਦਾ ਅਤਿ ਸਤਿਕਾਰਤ ਸਾਹਿਤਕਾਰ ਬਣਾ ਦਿੱਤਾ। ਸਮਾਜਵਾਦੀ ਯਥਾਰਥਵਾਦੀ ਨਜ਼ਰੀਏ ਤੋਂ ਲਿਖੇ ਇਸ ਨਾਵਲ ਦੇ ਕੇਂਦਰ ਵਿੱਚ 1917 ਦੀ ਕ੍ਰਾਂਤੀ ਵੱਲ ਵੱਧਦੇ ਰੂਸ ਦਾ ਇਕ ਕਾਮਾ ਤੇ ਉਸਦੀ ਮਾਂ ਰੱਖੇ ਗਏ ਹਨ। ਸਾਰਾ ਨਾਵਲ ਮਾਂ-ਪੁੱਤ ਵੱਲੋਂ ਕ੍ਰਾਂਤੀ ਵਿੱਚ ਪਾਏ ਯੋਗਦਾਨ ਦੁਆਲੇ ਘੁੰਮਦਾ ਹੈ ਤੇ ਬਾਕੀ ਪਾਤਰ ਉਸੇ ਸੰਘਰਸ਼ ਦੇ ਸਹਾਇਕ ਬਣ ਕੇ ਆਜ਼ਾਦੀ ਦੇ ਗੌਰਵ ਨੂੰ ਬਹਾਲ ਕਰਨ ਲਈ ਕੁਰਬਾਨੀਆਂ ਕਰਦੇ ਵਿਖਾਏ ਗਏ ਹਨ। ਨਾਵਲ ਦੀ ਮੁੱਖ ਪਾਤਰ 'ਮਾਂ' ਜੋ ਆਪਣੇ ਪੁੱਤ ਦੇ ਆਜ਼ਾਦੀ ਸੰਘਰਸ਼ ਵਿਚ ਭਰਪੂਰ ਸਾਥ ਦਿੰਦੀ ਹੈ, ਆਪਣੇ ਸਾਥੀਆਂ ਨਾਲ ਗੱਲ ਕਰਦਿਆਂ ਕਹਿੰਦੀ ਹੈ, "ਅਸੀਂ ਸਾਰੇ ਸਾਥੀ ਹਾਂ, ਸਾਰੇ ਸੱਕੀਆਂ ਰੂਹਾਂ ਹਾਂ, ਇਕੋ ਮਾਂ ਦੇ ਬੱਚੇ ਹਾਂ ਤੇ ਇਹ ਮਾਂ ਸੱਚਾਈ ਹੈ।" ਇਹ ਸਾਰੇ ਪਾਤਰ ਜ਼ਿੰਦਗੀ ਦੇ ਗੌਰਵ ਲਈ ਸੱਚਾਈ ਲਈ ਲੜਦੇ ਹਨ। ਕਾਮਾ ਪੁੱਤ 'ਪਾਵਲ' ਤੇ ਉਸਦੇ ਸਾਥੀ ਬਿਨਾਂ ਕਿਸੇ ਦਲੀਲ ਦੇ ਜਲਾਵਤਨ ਕਰ ਦਿੱਤੇ ਜਾਂਦੇ ਹਨ ਤੇ ਮਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਇਸ ਸਭ ਦੇ ਬਾਵਜੂਦ ਸੰਘਰਸ਼ ਜਾਰੀ ਰਹਿੰਦਾ ਹੈ। ਇਹ ਨਾਵਲ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ 1960 ਵਿੱਚ ਪੰਜਾਬੀ ਵਿੱਚ ਅਨੁਵਾਦਿਆ। ਵੱਖ-ਵੱਖ ਪ੍ਰਕਾਸ਼ਕਾਂ ਵੱਲੋਂ ਛੱਪਣ ਦੇ ਬਾਵਜੂਦ ਹੁਣ ਇਸ ਨੂੰ ਨਵਯੁੱਗ ਪ੍ਰਕਾਸ਼ਨ ਨੇ 2006 ਵਿੱਚ ਛਾਪਿਆ ਹੈ। ਅਨੁਵਾਦ ਵਧੀਆ ਕੀਤਾ ਗਿਆ ਹੈ ਪਰ ਫਿਰ ਵੀ ਕਈ ਸ਼ਬਦ ਅਨੁਵਾਦ ਕਰਨ ਲੱਗਿਆਂ ਪੰਜਾਬੀ ਦੇ ਮੁਹਾਵਰੇ ਨੂੰ ਸਾਹਮਣੇ ਨਹੀਂ ਰੱਖਿਆ ਗਿਆ।

## ਸ਼ੇਰਾਂ ਦਾ ਵਾਨ ਪ੍ਰਸਤ/ਨ੍ਰਿਪਇੰਦਰ ਰਤਨ

'ਸੇਰਾਂ ਦਾ ਵਾਨ ਪ੍ਰਸਤ' ਨ੍ਰਿਪਇੰਦਰ ਰਤਨ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਇਸ ਵਿੱਚ ਚੌਦਾਂ ਕਹਾਣੀਆਂ ਹਨ। ਇਹ ਕਹਾਣੀਆਂ ਸਮਾਜ ਦੇ ਭਿੰਨ-ਭਿੰਨ ਪੱਖਾਂ ਨੂੰ ਉਜਾਗਰ ਕਰਦੀਆਂ ਹਨ। ਮਨੁੱਖ ਦੇ ਮਨ ਵਿੱਚ ਪਏ ਭਾਵਾਂ ਦੇ ਅਸੀਮ ਪਾਸਾਰ ਹਨ, ਜਿਨ੍ਹਾਂ 'ਤੇ ਅਨੇਕਾਂ ਕਹਾਣੀਕਾਰਾਂ ਨੇ ਅਨੇਕਾਂ ਕਹਾਣੀਆਂ ਰਚੀਆਂ ਹਨ। ਰਤਨ ਨੇ ਵੀ ਇਨ੍ਹਾਂ ਭਾਵਾਂ ਨੂੰ ਵੱਖ-ਵੱਖ ਕੋਣਾਂ ਤੋਂ ਕਹਾਣੀ ਵਿੱਚ ਬੰਨਿਆ ਹੈ। 'ਭੰਵਰ' ਕਹਾਣੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦੀ ਹੈ। ਸੰਗ੍ਰਹਿ ਦੀ ਕੇਂਦਰੀ ਕਹਾਣੀ 'ਸ਼ੇਰਾਂ ਦਾ ਵਾਨ ਪ੍ਰਸਤ' ਰਿਸ਼ਤਿਆਂ ਵਿੱਚ ਪਈਆਂ ਪੈਸਾ ਕਦਰਾਂ ਤੇ ਕਬਜ਼ਾ ਭਾਵਨਾ ਨੂੰ ਪੇਸ਼ ਕਰਦੀ ਹੈ। ਬੱਬਰ ਸ਼ੇਰ ਦੀ ਆਪਣੇ ਕੁਟੰਬ ਨੂੰ ਸਾਂਭ ਰੱਖਣ ਦੀ

ਤਾਕਤ ਨੂੰ ਨਵੀਂ ਪੀੜ੍ਹੀ ਦੇ ਜੁਆਨ ਸ਼ੇਰ ਜਦੋਂ ਵੰਗਾਰਦੇ ਹਨ ਤਾਂ ਉਸਨੂੰ ਬੇਸਹਾਰਾ ਹੋ ਕੇ ਕੁਟੰਬ ਛੱਡ ਕੇ ਜਾਣਾ ਪੈਂਦਾ ਹੈ। ਇਸ ਮਾਡਲ ਨੂੰ ਰਤਨ ਨੇ ਮਨੁੱਖੀ ਕੁਟੰਬ ਉੱਤੇ ਢੁਕਾਅ ਕੇ ਰਿਸ਼ਤਿਆਂ ਦੀਆਂ ਸਮੀਕਰਣਾਂ ਵਿੱਚ ਬੱਚਿਆਂ ਦੇ ਜੁਆਨ ਹੋਣ ਤੇ ਪਿਉ ਦੀ ਅਰਥਹੀਣ ਹੁੰਦੀ ਸਤਾ ਨੂੰ ਪੇਸ਼ ਕੀਤਾ ਹੈ। ਮਨੁੱਖੀ ਪਿਆਰ, ਮਮਤਾ ਤੇ ਹਮਦਰਦੀ ਨੂੰ ਪੇਸ਼ ਕਰਦੀਆਂ ਕਹਾਣੀਆਂ 'ਕਿਵੇਂ ਛੱਡਾਂ' ਤੇ 'ਮਾਂ' ਹਨ। ਰਤਨ ਨੇ ਇਨ੍ਹਾਂ ਵਿੱਚ ਜਜ਼ਬਾਤਾਂ ਤੇ ਲੋੜਾਂ ਦੀ ਰਵਾਨਗੀ ਨੂੰ ਪਿਆਰ ਤੇ ਮਮਤਾਮਈ ਭਾਵਾਂ ਰਾਹੀਂ ਪ੍ਰਸਤੁੱਤ ਕੀਤਾ ਹੈ। ਰਤਨ ਮਾਨਵੀ ਕਦਰਾਂ ਨੂੰ ਉਭਾਰਨ ਵਾਲਾ ਕਹਾਣੀਕਾਰ ਹੈ। ਉਸਦੀ ਕਹਾਣੀ ਖਲਾਅ ਵਿਚ ਨਹੀਂ ਲਟਕਦੀ। ਉਸ ਦੀਆਂ ਕਹਾਣੀਆਂ ਦੀ ਜੁਗਤ ਵੀ ਇਕ ਵੱਖਰੀ ਭਾਂਤ ਦੀ ਹੈ। ਕਹਾਣੀਆਂ ਵਿਚ ਤਕਰੀਬਨ ਉਸਦੇ ਪਾਤਰ ਸਮੇਂ ਦੀ ਪਿੱਛਲਝਾਤ ਵਿੱਚ ਗੁਆਚ ਕੇ ਕਹਾਣੀ ਨੂੰ ਅੱਗੇ ਤੋਰਦੇ ਹਨ। ਉਸ ਦੀਆਂ ਕਹਾਣੀਆਂ ਦਾ ਇਕ ਵਿਸ਼ੇਸ਼ ਵਿਸ਼ਾ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਅਮੁੱਕ ਭ੍ਰਿਸ਼ਟਾਚਾਰ ਹੈ। ਰਤਨ ਦੇ ਇਸ ਕਹਾਣੀ ਸੰਗ੍ਰਹਿ ਲਈ ਮੁਬਾਰਕ। ਇਹ ਪੁਸਤਕ ਪਾਠਕਾਂ ਨੂੰ ਜ਼ਰੂਰ ਪਸੰਦ ਆਏਗੀ।

## ਕੰਧ ਤੇ ਰਿਸ਼ਤਾ/ਇੰਦਰਜੀਤ ਸਿੱਧੂ

'ਕੰਧ ਤੇ ਰਿਸ਼ਤਾ' ਇੰਦਰਜੀਤ ਸਿੱਧੂ ਦਾ ਕਹਾਣੀ ਸੰਗ੍ਰਹਿ ਹੈ। ਰਵੀ ਸਾਹਿਤ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਇਸ ਪੁਸਤਕ ਵਿੱਚ ਚੌਦਾਂ ਕਰਦੀਆਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਕਹਾਣੀਆਂ ਪੰਜਾਬੀ ਔਰਤ ਦੁਆਲੇ ਕੇਂਦਰਿਤ ਹਨ। ਪੰਜਾਬੀ ਔਰਤ ਭਾਵੇਂ ਪੰਜਾਬ 'ਚ ਹੋਵੇ, ਭਾਵੇਂ ਕੈਨੇਡਾ 'ਚ, ਹਰ ਥਾਂ ਤ੍ਰਾਸਦੀ ਭੋਗਣ ਲਈ ਮਜ਼ਬੂਰ ਹੈ। ਪੜ੍ਹੀ ਲਿਖੀ ਸਿਆਣੀ ਔਰਤ ਲਈ ਆਪਣੇ ਆਲੇ-ਦੁਆਲੇ ਔਰਤ ਦੀ ਤ੍ਰਾਸਦੀ ਵੇਖਣ ਤੋਂ ਬਾਅਦ ਆਪਣਾ ਹਾਣੀ ਤਲਾਸ਼ ਕਰਨਾ ਬੇਹੱਦ ਕਠਿਨ ਕਾਰਨ ਬਣ ਜਾਂਦਾ ਹੈ। ਇਹ ਔਰਤ ਪੂਰਬ ਤੇ ਪੱਛਮ ਦੋਹਾਂ ਥਾਵਾਂ 'ਤੇ ਬਰਾਬਰ ਹੋਣੀ ਭੋਗਦੀ ਹੈ। ਇਸਦੇ ਮੁਕਾਬਲੇ ਵਿੱਚ ਪੱਛਮ ਦੀ ਔਰਤ ਰਿਸ਼ਤਿਆਂ ਦੇ ਚੁੰਗਲ 'ਚੋਂ ਝੱਟ ਬਾਹਰ ਆ ਜਾਂਦੀ ਹੈ ਤੇ ਮਰਦ ਨਾਲ ਆਪਣੇ ਸੰਬੰਧ ਅਸੁਖਾਵੇਂ ਹੋਣ ਤੇ ਨਵਾਂ ਹਾਣੀ ਤਲਾਸ਼ ਕਰਨ ਤੋਂ ਗੁਰੇਜ਼ ਨਹੀਂ ਕਰਦੀ ਪਰ ਪੰਜਾਬੀ ਔਰਤ 'ਪਤੀ ਪ੍ਰਮੇਸ਼ਵਰ' ਦੇ ਸੰਕਲਪ ਨੂੰ ਆਪਣੀ ਮਾਨਸਿਕਸਤਾ 'ਚੋਂ ਖਾਰਜ ਨਾ ਕਰਨ ਕਰਕੇ ਹਮੇਸ਼ਾ ਤ੍ਰਾਸਦੀ ਭੋਗਦੀ ਹੈ। ਇਸ ਤੋਂ ਇਲਾਵਾ ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਜਾਇਦਾਦੀ ਸੰਬੰਧਾਂ ਵਿੱਚ ਪਈਆਂ ਤ੍ਰੇੜਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਪੁਸਤਕ ਪੜ੍ਹਨਯੋਗ ਹੈ।

## ਪਟਿਆਲਾ ਜੇਲ੍ਹ ਵਿੱਚ 8 ਵਰ੍ਹੇ/ਮਨਦੀਪ ਗੌੜ

ਇਸ ਪੁਸਤਕ ਦੇ ਪੰਨਾ ਨੰ. 110 'ਤੇ ਇਹ ਸਤਰ੍ਹਾਂ ਨੋਟ ਕਰਨ ਵਾਲੀਆਂ ਹਨ: "ਇਨਸਾਨ ਭਾਵੇਂ ਕਿਤੇ ਵੀ ਰਹੇ, ਕਿਹੋ ਜਿਹੇ ਵੀ ਹਾਲਾਤਾਂ ਵਿੱਚ ਰਹੇ, ਉਸ ਦਾ ਨਜ਼ਰੀਆ ਅਤੇ ਉਸ ਦੇ ਵਿਚਾਰ ਹਮੇਸ਼ਾ ਚੰਗੇ ਹੋਣੇ ਚਾਹੀਦੇ ਹਨ ਕਿਉਂਕਿ ਚੰਗੇ ਵਿਚਾਰਾਂ ਤੋਂ ਹੀ ਚੰਗੇ ਸ਼ਬਦ ਬਣਦੇ ਹਨ ਅਤੇ ਚੰਗੇ ਸ਼ਬਦਾਂ ਤੋਂ ਹੀ ਚੰਗੇ ਕਰਮ, ਚੰਗੇ ਕਰਮਾਂ ਤੋਂ ਚੰਗੀਆਂ ਆਦਤਾਂ ਬਣਦੀਆਂ ਹਨ ਅਤੇ ਚੰਗੀਆਂ ਆਦਤਾਂ ਤੋਂ ਚੰਗੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ।" ਮਨਦੀਪ ਦਾ ਦੋਸਤ ਰਮਾਕਾਂਤ ਆਪਣੇ ਇਕ ਸਾਥੀ ਦਾ ਕਤਲ ਕਰ ਦਿੰਦਾ ਹੈ ਤੇ ਮਨਦੀਪ ਨੂੰ ਵੀ ਇਸ ਵਿੱਚ ਲਪੇਟ ਲੈਂਦਾ ਹੈ। ਮਨਦੀਪ ਦਾ ਕੋਈ ਦੋਸ਼ ਨਹੀਂ। ਉਹ ਬਾਰ੍ਹਵੀਂ ਕਲਾਸ ਦਾ ਵਿਦਿਆਰਥੀ ਹੈ। ਉਸ ਨੂੰ ਸਜ਼ਾ ਹੋ ਜਾਂਦੀ ਹੈ ਅਤੇ ਉਸ ਨੂੰ ਪਟਿਆਲੇ ਦੀ ਜੇਲ੍ਹ ਵਿੱਚ ਭੇਜ ਦਿੱਤਾ ਜਾਂਦਾ ਹੈ ਜਿੱਥੋਂ ਉਸ ਦੀ ਨਵੀਂ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ। ਉਹ ਪੀ.ਐਚ.ਡੀ. ਕਰਦਾ ਹੈ। ਉਸ ਨੂੰ ਲਾਡੀ ਵਰਗਾ ਗੁਰੂ ਮਿਲਦਾ ਹੈ ਤੇ ਉਹ ਆਪਣੇ ਆਲੇ-ਦੁਆਲੇ ਤੋਂ ਕਈ ਕੁਝ ਗ੍ਰਹਿਣ ਕਰਦਾ ਹੈ। ਏਸੇ ਸਮੇਂ ਦੌਰਾਨ ਉਸ ਦੀ ਪ੍ਰੇਮਿਕਾ ਰਿਤੂ ਉਸ ਲਈ ਪ੍ਰੇਰਨਾ



ਬਣਦੀ ਹੈ। ਮਨਦੀਪ ਵਿੱਚ ਨਿਰਮਤਾ ਤੇ ਸਹਿਜਤਾ ਆਉਂਦੀ ਹੈ। ਉਹ ਹਰੇਕ ਕੰਮ ਸਿੱਖਦਾ ਹੈ। ਉਹ ਜੇਲ੍ਹ ਦੀ ਨਿੱਕੀ ਤੋਂ ਨਿੱਕੀ ਗੱਲ ਨੂੰ ਨੋਟ ਕਰਦਾ ਹੈ ਤੇ ਫੇਰ ਪਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਭਾਵੇਂ ਕਿਸੇ ਜ਼ਖ਼ਮੀ ਦੇ ਪੱਟੀ ਕਰਨੀ ਹੋਵੇ ਜਾਂ ਦਾਲ ਸਬਜ਼ੀ ਬਣਾਉਣੀ ਹੋਵੇ। ਇਹ ਪੁਸਤਕ ਸਾਕਾਰਾਤਮਕ ਸੋਚ ਤੋਂ ਲਿਖੀ ਗਈ ਹੈ। 'ਅਸਲੀ ਇਨਸਾਨ ਦੀ ਕਹਾਣੀ' ਵਾਂਗੂੰ ਇਹ ਪੁਸਤਕ ਵੀ ਬੰਦੀਆਂ ਲਈ ਪ੍ਰੇਰਨਾਮਈ ਸਿੱਧ ਹੋਵੇਗੀ।

## ਪ੍ਰੇਮ ਪ੍ਰਕਾਸ਼ ਇਕ ਗੋਰਖ ਧੰਦਾ/ਜਿੰਦਰ

ਇਸਦੇ ਇਕ ਸੌ ਪੱਚੀ ਪੰਨੇ ਤੇ ਮੁੱਲ ਇਕ ਸੌ ਵੀਹ ਰੁਪਏ ਹੈ। ਇਸਨੂੰ ਸੁੰਦਰ ਬੁੱਕ ਡਿਪੂ, ਮਾਈ ਹੀਰਾ ਗੇਟ, ਜਲੰਧਰ ਪ੍ਰਕਾਸ਼ਨ ਨੇ 2006 ਵਿੱਚ ਪ੍ਰਕਾਸ਼ਿਤ ਕੀਤਾ ਹੈ। 'ਪ੍ਰੇਮ ਪ੍ਰਕਾਸ਼ ਇਕ ਗੋਰਖ ਧੰਦਾ' ਜਿੰਦਰ ਵੱਲੋਂ ਸੰਪਾਦਤ ਰੇਖਾ ਚਿੱਤਰਾਂ ਦਾ ਸੰਗ੍ਰਹਿ ਹੈ। ਇਸ ਵਿੱਚ ਪ੍ਰੇਮ ਪ੍ਰਕਾਸ਼ ਦੇ ਸਮਕਾਲੀ ਦਸ ਲੇਖਕਾਂ ਵੱਲੋਂ ਉਸ ਬਾਰੇ ਆਪਣੇ-ਆਪਣੇ ਦ੍ਰਿਸ਼ਟੀਕੋਣਾਂ ਤੋਂ ਰੇਖਾ ਚਿੱਤਰ ਲਿਖੇ ਗਏ ਹਨ। ਇਸ ਤੋਂ ਇਲਾਵਾ ਪ੍ਰੇਮ ਪ੍ਰਕਾਸ਼ ਵੱਲੋਂ ਆਪਣੇ-ਆਪ ਨਾਲ ਕੀਤੀ ਮੁਲਾਕਾਤ ਹੈ ਤੇ ਇਕ ਕਾਨ੍ਹਾ ਸਿੰਘ ਵੱਲੋਂ ਉਸ ਨਾਲ ਕੀਤੀ ਮੁਲਾਕਾਤ ਦੱਸੀ ਹੈ। ਇਸ ਪੁਸਤਕ ਰਾਹੀਂ ਪ੍ਰੇਮ ਪ੍ਰਕਾਸ਼ ਦੇ ਕਈ ਰੂਪ ਦ੍ਰਿਸ਼ਟੀਕੋਣ ਹੁੰਦੇ ਹਨ। ਪਰ ਨਾਲ ਹੀ ਲੇਖਕ ਕਹਿੰਦੇ ਹਨ ਕਿ ਉਸਦੇ ਅਜੇ ਹੋਰ ਵੀ ਕਈ ਰੂਪ ਬਾਕੀ ਹਨ, ਜਿਹਨਾਂ ਉੱਤੇ ਚਾਨਣਾ ਪਾਉਣਾ ਬਾਕੀ ਹੈ। ਪ੍ਰੇਮ ਪ੍ਰਕਾਸ਼ ਦੀਆਂ ਦੋ ਸਵੈਜੀਵਨੀਆਂ 'ਬੰਦੇ ਅੰਦਰ ਬੰਦੇ' ਤੇ 'ਆਤਮ ਮਾਯਾ' ਵਿਚ ਵੀ ਉਸਦੇ ਕਈ ਰੂਪ ਵੇਖਣ ਮਿਲਦੇ ਹਨ। ਫਿਰ ਵੀ ਉਪਰੋਕਤ ਪੁਸਤਕ ਵਿੱਚ ਪ੍ਰੇਮ ਪ੍ਰਕਾਸ਼ ਦੇ ਅੰਦਰ ਪਏ ਕਈ ਹੋਰ ਬੰਦੇ ਪਾਠਕਾਂ ਸਨਮੁੱਖ ਪੇਸ਼ ਹਨ, ਜੋ ਉਹਦੇ ਗੋਰਖ ਧੰਦੇ ਬਾਰੇ ਚਾਨਣਾ ਪਾਉਂਦੇ ਹਨ। ਇਸੇ ਲਈ ਪੁਸਤਕ ਦਾ ਸਿਰਲੇਖ 'ਪ੍ਰੇਮ ਪ੍ਰਕਾਸ਼ ਇਕ ਗੋਰਖ ਧੰਦਾ' ਰੱਖਿਆ ਗਿਆ ਹੈ।

## ਕਲਮ ਦੇ ਨਕਸ਼/ਡਾ. ਗੁਰਪਾਲ ਸਿੰਘ ਸੰਧੂ

ਗੁਰਚਰਨ ਸਿੰਘ ਅਰਸ਼ੀ ਬਹੁਪੱਖੀ ਸ਼ਖ਼ਸੀਅਤ ਹੈ। ਉਸਨੇ ਕਵਿਤਾ, ਨਾਵਲ, ਸਾਹਿਤ ਸਮੀਖਿਆ, ਅਨੁਵਾਦ ਅਤੇ ਸੰਪਾਦਨ ਆਦਿ ਵਿੱਚ ਆਪਣੀ ਪ੍ਰਤਿਭਾ ਦਾ ਜੌਹਰ ਵਿਖਾਇਆ ਹੈ। ਚਾਰ ਦਰਜਨ ਦੇ ਕਰੀਬ ਪੁਸਤਕਾਂ ਦਾ ਰਚੈਤਾ ਅਰਸ਼ੀ ਪੰਜਾਬੀ ਸਾਹਿਤ ਵਿੱਚ ਆਪਣੀ ਮਿਸਾਲ ਆਪ ਹੈ। ਉਹ ਕਿਸੇ ਵਾਦ ਵਿੱਚ ਬੱਝ ਕੇ ਰਚਨਾ ਨਹੀਂ ਕਰਦਾ ਸਗੋਂ ਉਸਦੀ ਰਚਨਾ ਦੇ ਕੇਂਦਰ ਵਿੱਚ ਬੌਧਿਕ, ਅਕਾਮਦਮਿਕ ਤੇ ਮਾਨਵਵਾਦੀ ਅਮਲ ਪ੍ਰਤੀਬਿੰਬਤ ਹੁੰਦੇ ਹਨ। 'ਕਲਮ ਦੇ ਨਕਸ਼' ਗੁਰਚਰਨ ਸਿੰਘ ਅਰਸ਼ੀ ਨਾਮੀ ਪੁਸਤਕ ਵਿੱਚ ਅਰਸ਼ੀ ਦੀ ਬਹੁਪੱਖੀ ਸ਼ਖ਼ਸੀਅਤ ਤੇ ਉਸਦੇ ਰਚਨਾ ਕਾਰਜ ਦਾ ਮੁੱਲਾਂਕਣ ਪੇਸ਼ ਹੋਇਆ ਹੈ। ਇਸ ਮੁੱਲਾਂਕਣ ਦੇ ਨਾਲ ਪੰਜਾਬੀ ਆਲੋਚਨਾ ਦਾ ਵਿਕਾਸ ਵੀ ਨਾਲ ਦੀ ਨਾਲ ਦ੍ਰਿਸ਼ਟੀਗੋਚਰ ਹੁੰਦਾ ਜਾਂਦਾ ਹੈ। ਇਸ ਪੁਸਤਕ ਵਿੱਚ ਛੇ ਭਾਗਾਂ ਰਾਹੀਂ ਉਸਦੇ ਭਿੰਨ-ਭਿੰਨ ਰਚਨਾ ਕਾਰਜਾਂ ਨੂੰ ਇਕਵੰਜਾ ਲੇਖਾਂ ਵਿੱਚ ਸਮੇਟਿਆ ਗਿਆ ਹੈ। ਸਾਰੇ ਲੇਖ ਪੰਜਾਬੀ ਦੇ ਪ੍ਰਬੁੱਧ ਤੇ ਗੰਭੀਰ ਲੇਖਕਾਂ ਵੱਲੋਂ ਲਿਖੇ ਗਏ ਹਨ। ਇਨ੍ਹਾਂ ਲੇਖਾਂ ਵਿੱਚ ਰਚਨਾਵਾਂ ਦਾ (ਭਾਵੇਂ ਉਹ ਨਾਵਲ ਹੈ, ਸ਼ਾਇਰੀ ਜਾਂ ਆਲੋਚਨਾਤਮਕ ਆਦਿ) ਸਹਿਜ ਮੁੱਲਾਂਕਣ ਹੈ, ਖੁਸ਼ਾਮਦਈ ਨਹੀਂ। ਇਉਂ ਇਹ ਪੁਸਤਕ ਕਿਸੇ ਬਹੁਪੱਖੀ ਲੇਖਕ ਦੀ ਸਮੁੱਚੇ ਮੁੱਲਾਂਕਣ ਦੇ ਮੰਤਵ ਨੂੰ ਸੰਤੁਲਿਤ ਜ਼ਾਵੀਏ ਰਾਹੀਂ ਪੂਰਾ ਕਰਨ ਵਿੱਚ ਸਫ਼ਲ ਰਹੀ ਹੈ। ਇਹ ਪੁਸਤਕ ਵਿਦਿਆਰਥੀਆਂ, ਖੋਜਾਰਥੀਆਂ ਤੇ ਅਧਿਆਪਕਾਂ ਲਈ ਮੁੱਲਵਾਨ ਸਾਬਤ ਹੋਵੇਗੀ।

## ਦਰਸ਼ਨ ਪਰੰਪਰਾ/ਗਿਆਨ ਸਿੰਘ ਬੱਲ

ਦਰਸ਼ਨ ਪਰੰਪਰਾ ਗਿਆਨ ਸਿੰਘ ਬੱਲ ਦੁਆਰਾ ਰਚੀ ਪੁਸਤਕ ਹੈ। ਇਸ ਪੁਸਤਕ ਵਿੱਚ ਅਨੁਭਵਵਾਦ, ਪਦਾਰਥਵਾਦ ਅਤੇ ਮਾਨਵਵਾਦ ਸੰਬੰਧੀ ਤਰਕ ਭਰਪੂਰ ਦਾਰਸ਼ਨਿਕ ਵਿਆਖਿਆ ਕੀਤੀ ਗਈ ਹੈ। ਇਸ ਵਿੱਚ ਗਿਆਰਾਂ ਲੇਖ ਦਰਜ ਹਨ। ਹਰੇਕ ਲੇਖ ਵਿੱਚ ਵੱਖ-ਵੱਖ ਸੰਕਲਪਾਂ ਜਿਵੇਂ ਅਨੁਭਵਵਾਦ, ਗਿਆਨ ਮੀਮਾਂਸਾ, ਰੱਬ, ਨੈਤਿਕਤਾ, ਜਾਤ-ਪਾਤ, ਸਭਿਆਚਾਰਕ ਅਖੀਰਵਾਦ (ਹੰਕਾਰ), ਧਰਮ ਨਿਰਪੱਖਤਾ, ਮਾਨਵਵਾਦ, ਸਮਾਜ ਸੇਵਾ ਆਦਿ ਨੂੰ ਤਰਕ ਤੇ ਬੁੱਧੀ ਦੇ ਆਧਾਰ 'ਤੇ ਭਾਰਤੀ ਸੰਦਰਭ ਵਿੱਚ ਚਿਤਰਿਆ ਗਿਆ ਹੈ। ਭਾਰਤੀ ਧਰਮ ਦਰਸ਼ਨ, ਵੇਦ, ਉਪਨਿਸ਼ਦ, ਹਿੰਦੂਵਾਦ ਆਦਿ ਨੂੰ ਆਲੋਚਨਾਤਮਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦੇ ਨਾਲ-ਨਾਲ ਇਸਨੂੰ ਭਾਰਤੀ ਪਦਾਰਥਵਾਦੀ ਦਰਸ਼ਨ, ਬੁੱਧ ਦਰਸ਼ਨ, ਚਾਰ ਵਾਕ ਦਰਸ਼ਨ ਆਦਿ ਨਾਲ ਤੁਲਨਾਇਆ ਗਿਆ ਹੈ। ਲੇਖਕ ਅਨੁਸਾਰ ਸਮਾਜ-ਸੇਵਾ ਤੇ ਸਮਾਜਕ ਸੁਧਾਰ ਦੇ ਕਾਰਜ ਨੂੰ ਨੇਪਰੇ ਚੜ੍ਹਾਉਣ ਲਈ ਭਿੰਨ-ਭਿੰਨ ਭਾਰਤੀ ਦਰਸ਼ਨਾਂ ਦੇ ਮਾਨਵਵਾਦੀ ਦ੍ਰਿਸ਼ਟੀਕੋਣ ਹੀ ਅਪਣਾਉਣੇ ਚਾਹੀਦੇ ਹਨ ਤੇ ਇਹ ਕਾਰਜ ਧਰਮ ਤੇ ਰਾਜਨੀਤੀ ਨੂੰ ਨਿਖੇੜ ਕੇ ਵਿਗਿਆਨਕ ਮਾਨਵਵਾਦੀ ਤੇ ਧਰਮ ਨਿਰਪੱਖ ਲੀਹਾਂ 'ਤੇ ਚਲਣਾ ਚਾਹੀਦਾ ਹੈ। ਇਸ ਪੁਸਤਕ ਦਾ ਮਕਸਦ ਮਨੁੱਖ ਨੂੰ ਧੁੰਦਲਕੇ 'ਚੋਂ ਕੱਢ ਕੇ ਗਿਆਨ ਦੀ ਪੱਧਰ 'ਤੇ ਪਹੁੰਚਾਉਣਾ ਹੈ। ਇਹ ਪੁਸਤਕ ਆਪਣੇ ਮਕਸਦ ਵਿੱਚ ਜ਼ਰੂਰ ਕਾਮਯਾਬ ਹੋਵੇਗੀ। ਧਿਆਨਯੋਗ ਗੱਲ ਇਹ ਹੈ ਕਿ ਇਸ ਪੁਸਤਕ ਦੀ ਪਰੂਫ਼ ਰੀਡਿੰਗ ਵਿੱਚ ਬਹੁਤ ਜ਼ਿਆਦਾ ਗਲਤੀਆਂ ਹਨ, ਖਾਸ ਕਰਕੇ ਸਵਰਾਜਬੀਰ ਵੱਲੋਂ ਲਿਖੇ ਗਏ ਮੁੱਖਬੰਦ ਵਿੱਚ। ਅਜਿਹੀਆਂ ਗਲਤੀਆਂ ਨੂੰ ਸੁਧਾਰਨ ਦੀ ਜ਼ਰੂਰਤ ਹੈ, ਨਹੀਂ ਤਾਂ ਪਾਠਕ ਦਾ ਮਜ਼ਾ ਮਾਰਿਆ ਜਾਂਦਾ ਹੈ।

## ਭੂਰੀਆਂ ਕੀੜੀਆਂ/ਨੀਰੂ ਅਸੀਮ

ਨੀਰੂ ਅਸੀਮ ਦੀ ਕਵਿਤਾ ਬੜੀ ਸੰਵੇਦਨਸ਼ੀਲ ਹੈ। ਦੋ ਭਾਗਾਂ ਵਿੱਚ ਵੰਡੀ ਇਸ ਪੁਸਤਕ ਦੇ ਪਹਿਲੇ ਭਾਗ ਵਿੱਚ ਅੰਤਰੀਵ ਮਨ ਦੀਆਂ ਤਹਿਆਂ ਨੂੰ ਜ਼ੁਬਾਨ ਦਿੱਤੀ ਗਈ ਹੈ। ਸੱਜਰੇ ਅਹਿਸਾਸਾਂ ਨੂੰ ਠੰਡੀਆਂ ਛਾਵਾਂ ਦੀ ਉਡੀਕ ਵਿੱਚ ਬੈਠਾਇਆ ਗਿਆ ਹੈ। ਦੂਜੇ ਭਾਗ ਵਿੱਚ ਸਮਾਜਕ ਚੇਤਨਤਾ ਦੀ ਜਾਗ ਹੈ। ਪਾਖੰਡ ਤੋਂ ਪਰਦਾ ਚੁੱਕ ਕੇ ਸਮੁੱਚੀ ਮਨੁੱਖਤਾ ਨੂੰ ਇਕੱਠਿਆਂ ਹੋ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਨਾ ਹੈ। ਨੀਰੂ ਦੀ ਕਵਿਤਾ ਸਾਫ਼ ਸੁਥਰੀ ਹੈ ਅਮ੍ਰਿਤ ਸਰੋਵਰ ਵਰਗੀ। ਗੰਧਲਾਪਨ ਕਿਤੇ ਨਹੀਂ ਝਲਕਦਾ। ਆਮ ਤੌਰ 'ਤੇ ਕਵੀ ਕਿਰਤਾਂ ਵਿੱਚ ਸਰੀਰ ਤੋਂ ਸਰੀਰ ਦੀ ਯਾਤਰਾ ਕਰੀ ਜਾਂਦੇ ਹਨ। ਉਨ੍ਹਾਂ ਲਈ ਕਵਿਤਾ ਕੇਵਲ ਅੰਗਾਂ ਦੀਆਂ ਗੁਲਾਈਆਂ ਦੀ ਪ੍ਰਕਰਮਾ ਕਰਨ ਵਾਲੀ ਚੀਜ਼ ਹੈ। ਪਰ ਨੀਰੂ ਨੇ ਆਪਣੇ ਅੰਤਰੀਵ ਅਹਿਸਾਸਾਂ ਨੂੰ ਵੀ ਕੱਜਣ ਰਾਹੀਂ ਬਿਆਨ ਕੀਤਾ ਹੈ। ਆਸ ਹੈ ਇਹ ਕਾਵਿ-ਸੰਗ੍ਰਹਿ ਪਾਠਕਾਂ ਦੇ ਮਨ 'ਚ ਨਵੇਂ ਅਹਿਸਾਸ ਭਰੇਗਾ। ਨੀਰੂ ਨੂੰ ਅਜਿਹੀ ਲੇਖਣੀ ਲਈ ਮੁਬਾਰਕ।

## ਚੁੱਪ ਦਾ ਅਨੁਵਾਦ/ਗੁਰਨਾਮ ਗਿੱਲ

'ਚੁੱਪ ਦਾ ਅਨੁਵਾਦ' ਗੁਰਨਾਮ ਗਿੱਲ ਦਾ ਛੇਵਾਂ ਕਾਵਿ-ਸੰਗ੍ਰਹਿ ਹੈ। ਇਸ ਵਿੱਚ ਉਸਨੇ ਕਵਿਤਾ ਤੇ ਗ਼ਜ਼ਲ ਦੋਵੇਂ ਹੀ ਪੇਸ਼ ਕੀਤੇ ਹਨ। ਆਪਣੀ ਕਵਿਤਾ ਰਾਹੀਂ ਗਿੱਲ ਸਮਾਜਕ ਤਾਣੇ-ਬਾਣੇ 'ਤੇ ਤਕੜੀ ਟਕੋਰ ਕਰਦਾ ਹੈ। ਉਸਨੂੰ ਪਾਖੰਡ, ਲੋਭ, ਗੈਰ-ਮਾਨਵੀ ਕਦਰਾਂ-ਕੀਮਤਾਂ ਪਸੰਦ ਨਹੀਂ। ਉਹ ਸੱਚ ਦਾ, ਮੁਹੱਬਤ ਦਾ, ਵਿਸ਼ਵਾਸ ਦਾ ਵਣਜਾਰਾ ਬਣ ਕੇ ਪੇਸ਼ ਹੁੰਦਾ ਹੈ। ਸਮਾਜ ਵਿੱਚ ਪਏ ਅਨਿਆਂ ਤੇ ਕੁਹਜ ਤੋਂ ਉਹ ਬੇਬਾਕੀ ਨਾਲ ਪਰਦਾ ਚੁੱਕਦਾ ਹੈ। ਉਸਦੀ ਇਕ ਗ਼ਜ਼ਲ ਦਾ ਸ਼ਿਅਰ ਹੈ –

ਹਰ ਅਦਾਲਤ ਨੂੰ ਸੁਣਾਈ ਮੈਂ ਕਹਾਣੀ ਆਪਣੀ,
ਜਾਪਿਆ ਕਾਨੂੰਨ ਹੋਵੇ ਜਿਸ ਤਰ੍ਹਾਂ ਬਹਿਰਾ ਜਿਹਾ।



ਜਾਂ

ਹਰ ਕਦਮ 'ਤੇ ਜ਼ਿੰਦਗੀ ਨੂੰ ਮੌਤ ਦਾ ਹੀ ਡਰ ਰਿਹਾ,
ਸਾਹਮਣੇ ਸਾਡੇ ਸਦਾ ਹੀ ਲਿਸ਼ਕਦਾ ਖੰਜਰ ਰਿਹਾ।

ਗਿੱਲ ਦੀਆਂ ਗ਼ਜ਼ਲਾਂ ਵਿੱਚ ਅਨਿਆਂ ਵਿਰੁੱਧ ਰੋਸ ਹੈ। ਪਾਠਕ ਲਈ ਉਸਦੀ ਗ਼ਜ਼ਲ/ਕਵਿਤਾ ਇਕ ਪ੍ਰੇਰਨਾ ਪੈਦਾ ਕਰਦੀ ਹੈ। ਨਿਰ ਸੁਆਰਥ ਹੋ ਕੇ ਸਮਾਜ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ 'ਕਰਮਸ਼ੀਲ' ਹੋਣ ਦੀ ਪ੍ਰੇਰਨਾ ਦਿੰਦੀ ਹੈ। ਮੈਂ ਗਿੱਲ ਨੂੰ ਦਿਲੀ ਮੁਬਾਰਕ ਪੇਸ਼ ਕਰਦਾ ਹਾਂ। 'ਚੁੱਪ ਦਾ ਅਨੁਵਾਦ' ਕਾਵਿ-ਸੰਗ੍ਰਹਿ ਪਾਠਕਾਂ ਲਈ ਚਿੰਤਨ ਦੇ ਨਵੇਂ ਪਾਸਾਰ ਖੋਲ੍ਹਣ ਦੇ ਸਮਰੱਥ ਹੈ।

## ਫੁੱਲ ਬਣੇ ਅੰਗਿਆਰ/ਭੁਪਿੰਦਰ ਸਿੰਘ ਸੱਗੂ

'ਫੁੱਲ ਬਣੇ ਅੰਗਿਆਰ' ਸੱਗੂ ਦਾ ਪੰਜਵਾਂ ਕਾਵਿ ਸੰਗ੍ਰਹਿ ਹੈ। ਸੱਗੂ ਮਾਨਵਤਾਵਾਦੀ ਕਵੀ ਹੈ। ਉਸਦੀਆਂ ਕਵਿਤਾਵਾਂ ਵਿੱਚ ਸਟੇਟ ਤੇ ਹਾਕਮਾਂ ਵੱਲੋਂ ਸਾਧਾਰਨ ਮਨੁੱਖਾਂ 'ਤੇ ਕੀਤੇ ਜਾ ਰਹੇ ਜ਼ੁਲਮ, ਅਮਾਨਵੀ ਪ੍ਰਕਿਰਿਆ, ਅੰਨ੍ਹਾਂ ਕਾਨੂੰਨ ਤੇ ਉਸ ਵੱਲੋਂ ਕੀਤੇ ਜਾ ਰਹੇ ਅੰਨ੍ਹੇ ਫੈਸਲੇ, ਨੈਤਿਕ ਕੀਮਤਾਂ ਵਿੱਚ ਆਇਆ ਨਿਘਾਰ, ਸਾਮਰਾਜੀ ਮੁਲਕਾਂ ਦਾ ਅਮਾਨਵੀ ਕਿਰਦਾਰ ਆਦਿ ਅਨੇਕਾਂ ਮਸਲੇ ਛੋਹੇ ਗਏ ਹਨ। ਸਟੇਟ ਭਾਵੇਂ ਕਿਸੇ ਦੇ ਵੀ ਹੱਥ 'ਚ ਹੋਏ, ਜਨਤਾ ਨਾਲ ਇਨਸਾਫ਼ ਨਹੀਂ ਕਰਦੀ। ਹਾਕਮ ਆਪਣੀ ਐਸ਼ੋ-ਇਸ਼ਰਤ ਲਈ ਜਨਤਾ ਨੂੰ ਝੂੰਢਦੇ ਹਨ ਤੇ ਹੱਕ ਲਈ ਬੋਲਣ ਵਾਲੇ ਦਾ ਮੂੰਹ ਸਦਾ ਲਈ ਬੰਦ ਕਰ ਦਿੱਤਾ ਜਾਂਦਾ ਹੈ। ਸੁਹਜ ਮਰ ਜਾਂਦਾ ਹੈ। ਫੁੱਲ 'ਅੰਗਿਆਰ' ਬਣ ਜਾਂਦਾ ਹੈ ਤੇ ਸੂਹਲ ਪੱਤੀਆਂ 'ਚੋਂ ਰੱਤ ਸਿੰਮਦੀ ਹੈ। ਵਾੜ ਖੇਤ ਨੂੰ ਖਾਣ ਲੱਗ ਪੈਂਦੀ ਹੈ। ਇਸ ਸੰਗ੍ਰਹਿ ਦੀ ਕੇਂਦਰੀ ਕਵਿਤਾ ਫੁੱਲ ਬਣੇ-ਅੰਗਿਆਰ ਵਿੱਚ ਸਟੇਟ ਦਾ ਭ੍ਰਿਸ਼ਟ ਕਿਰਦਾਰ ਨੰਗਾ ਕੀਤਾ ਗਿਆ ਹੈ। ਕਵੀ ਆਪਣੀ ਹਰੇਕ ਕਵਿਤਾ ਵਿਚ ਮਾਨਵੀ ਪੱਖ ਨੂੰ ਉਭਾਰਦਾ ਹੈ। ਉਹ ਹੱਕ, ਸੱਚ ਦੀ ਗੱਲ ਕਰਦਾ ਹੈ। ਮਨੁੱਖਵਾਦੀ ਰੁਚੀਆਂ ਦੀ ਗੱਲ ਕਰਦਾ ਹੈ। ਉਹ ਚਾਹੁੰਦਾ ਹੈ ਕਿ ਹਰੇਕ ਕਵਿਤਾ ਹੱਕ ਦੀ, ਸੱਚ ਦੀ ਗੱਲ ਕਰਦੀ ਹੋਈ ਅਨਿਆਂ ਵਿਰੁੱਧ ਆਵਾਜ਼ ਉਠਾਏ। ਮੇਰੀ ਜਾਚੇ ਕੁਹਜ ਨੂੰ ਨੰਗਾ ਕਰਕੇ ਸੁਹਜ ਤੇ ਮਨੁੱਖਵਾਦੀ ਰੁਚੀਆਂ ਉਭਾਰਣ ਤੇ ਤਲਾਸ਼ਣ ਵਾਲਾ ਕਵੀ ਹੀ ਮਨੁੱਖ ਦੀ ਮਾਨਸਿਕ ਗੁਲਾਮੀ ਨੂੰ ਤੋੜ ਸਕਦਾ ਹੈ। ਸੱਗੂ ਅਜਿਹੀ ਕਵਿਤਾ ਦਾ ਮੁਦਈ ਤੇ ਲੇਖਕ ਹੈ। ਉਸਦੀ ਕਵਿਤਾ ਨੂੰ ਸਲਾਮ।

## ਵਾ-ਵਰੋਲਿਆਂ 'ਚ ਘਿਰੀ ਹੋਂਦ/ ਬਲਬੀਰ ਪਰਵਾਨਾ

'ਵਾਵਰੋਲਿਆਂ 'ਚ ਘਿਰੀ ਹੋਂਦ' ਨਾਮੀ ਕਾਵਿ-ਸੰਗ੍ਰਹਿ ਵਿੱਚ ਸਤਾਹਠ ਕਵਿਤਾਵਾਂ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਭਿੰਨ-ਭਿੰਨ ਹੋਣ ਦੇ ਬਾਵਜੂਦ ਇਕ ਜੋ ਸਾਂਝਾ ਸੂਤਰ ਦ੍ਰਿਸ਼ਟੀਗੋਚਰ ਹੁੰਦਾ ਹੈ, ਉਹ ਹੈ ਆਧੁਨਿਕ ਮਨੁੱਖ ਵਿੱਚ ਵਿਆਪ ਰਹੀ ਤਬਦੀਲੀ। ਇਹ ਤਬਦੀਲੀ ਚਾਹੇ ਕਦਰਾਂ-ਕੀਮਤਾਂ ਤੋਂ ਕਿਨਾਰਾਕਸ਼ੀ ਕਰਕੇ ਨਵੀਆਂ ਕਦਰਾਂ ਉਸਾਰਨ ਦੀ ਹੈ ਭਾਵੇਂ ਅਜੋਕੇ ਤਰੱਕੀ ਦੇ ਦੌਰ 'ਚ ਮਨੁੱਖ ਦੀ ਬੇਗਾਨਗੀ ਤੇ ਇਕੱਲੇਪਨ ਦੀ ਹੈ। ਮਨੁੱਖ ਦੋਵੇਂ ਹੀ ਹਾਲਤਾਂ 'ਚ ਚੇਤ-ਅਚੇਤ ਤ੍ਰਾਸਦੀ ਭੋਗਦਾ ਹੈ। ਇਸ ਸੰਗ੍ਰਹਿ ਦੀ ਕੇਂਦਰੀ ਕਵਿਤਾ 'ਵਾ-ਵਰੋਲਿਆਂ 'ਚ ਘਿਰੀ ਹੋਂਦ' ਵਿਚ ਕਵੀ ਉਪਰੋਕਤ ਤ੍ਰਾਸਦੀ ਦਾ ਹੀ ਜ਼ਿਕਰ ਕਰਦਾ ਹੈ। ਜ਼ਿੰਦਗੀ ਦੀ ਸਹਿਜ ਤੋਰ, ਸੰਜਮ, ਸਾਦਗੀ ਆਦਿ ਵਾਵਰੋਲਿਆਂ 'ਚ ਘਿਰ ਚੁੱਕੀ ਹੈ। ਆਧੁਨਿਕਤਾ ਤੋਂ ਅੱਗੇ ਉੱਤਰ-ਆਧੁਨਿਕ ਸੰਕਲਪ ਤੇ ਮੰਡੀ ਦੇ ਵਰਤਾਰੇ ਔਰਤ ਦੇ ਤਲਿਸਮ ਨੂੰ ਹਰ ਚੀਜ਼ 'ਤੇ ਥੋਪ ਰਹੇ ਹਨ। ਨਾਇਕਤਵ ਫ਼ਿਲਮੀ ਜਾਂ ਗਲੈਮਰ ਮਾਡਲਾਂ ਵਿੱਚ ਦਿਖਾਈ ਦਿੰਦਾ ਹੈ। ਦੇਸ਼ ਨੂੰ ਗੁਲਾਮੀ ਦੇ ਜੂਲੇ 'ਚੋਂ ਕੱਢਣ ਵਾਲੇ ਦੇਸ਼ ਭਗਤ ਹਾਸ਼ੀਏ 'ਤੇ ਪਹੁੰਚਾ ਦਿੱਤੇ ਗਏ ਹਨ। ਇਉਂ ਮੰਡੀ ਦਾ ਵਰਤਾਰਾ ਹਰ ਚੀਜ਼ ਨੂੰ ਆਪਣੇ ਮੁਨਾਫ਼ੇ ਦੀ ਖਾਤਰ ਨਵੇਂ ਅਰਥ ਪ੍ਰਦਾਨ ਕਰ ਰਿਹਾ ਹੈ। ਮੰਡੀ ਵਰਤਾਰਾ ਤੁਹਾਡੇ ਮਨ-ਮਸਤਿਕ ਤੋਂ ਲੈ ਕੇ ਘਰ ਦੇ ਬੈੱਡਰੂਮ ਤਕ ਹਰ ਚੀਜ਼ 'ਤੇ ਆਪਣੀ ਮੋਹਰ-ਛਾਪ ਲਾਈ ਜਾਂਦਾ ਹੈ। ਮਨੁੱਖੀ ਹੋਂਦ ਚਾਹੇ-ਅਣਚਾਹੇ ਇਨ੍ਹਾਂ ਵਾ-ਵਰੋਲਿਆਂ 'ਚ ਘਿਰੀ ਪਈ ਹੈ। ਪਰਵਾਨੇ ਦੀਆਂ ਕਵਿਤਾਵਾਂ 'ਚ ਅਜੋਕੀ ਜ਼ਿੰਦਗੀ ਦੇ ਕੱਚ-ਸੱਚ ਨੂੰ ਪੇਸ਼ ਕੀਤਾ ਗਿਆ ਹੈ। ਆਸ ਹੈ ਇਹ ਕਵਿਤਾਵਾਂ ਪਾਠਕਾਂ ਨੂੰ ਨਵੇਂ ਜਾਵੀਏ ਤੋਂ ਸੋਚਣ ਲਈ ਪ੍ਰੇਰਿਤ ਕਰਨਗੀਆਂ।